ਮੰਗਲਵਾਰ, 30 ਜਨਵਰੀ, 2024

17 ਮਾਘ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 72

ਅੰਕ/NO. : 240

# ਨਵਾਂ ਜ਼ਮਾਨਾ

DAILY NAWAN ZAMANA • TUESDAY, 30 JANUARY 2024

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸ਼ਿਕਾਇਤ ਵਿਭਾਗ | 0181-5097306 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਸੰਪਾਦਕ | 0181-5097307 |
| ਕੰਪਿਊਟਰ ਰੂਮ | 0181-5097310 |

E-mail : nawanzamana@gmail.com

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 www.nawanzamana.in ਸਫ਼ੇ : 12



ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪ੍ਰਕਾਸ਼ ਦਿਵਸ 'ਤੇ ਪੱਤਰਕਾਰ ਮੇਹਟੀਆਣਾ ਜਗਤਾਰ ਸਿੰਘ ਭੁੰਗਰਨੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਇਲਾਕਾ ਵਾਸੀਆਂ ਤੇ ਪੰਜਾਬ ਨਿਵਾਸੀਆਂ ਨੂੰ

**ਲੱਖ-ਲੱਖ ਵਧਾਈ**


ਜਥੇ. ਸੁਰਜੀਤ ਸਿੰਘ ਮਸੂਤਾ
ਪ੍ਰਧਾਨ


ਬਲਬੀਰ ਸਿੰਘ ਤੰਬੜ
ਮੈਂਬਰ


ਰਾਜਵੀਰ ਸਿੰਘ
ਨੰਬਰਦਾਰ

**ਸ੍ਰੀ ਗੁਰੂ ਹਰਿ ਰਾਏ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ, ਭੁੰਗਰਨੀ**



**ਸੰਦੇਸ਼**


ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਦਿਵਸ 'ਤੇ ਪੱਤਰਕਾਰ ਮੇਹਟੀਆਣਾ ਜਗਤਾਰ ਸਿੰਘ ਭੁੰਗਰਨੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਦਾਰਾ ਨਵਾਂ ਜ਼ਮਾਨਾ ਦੇ ਸਮੂਹ ਸਟਾਫ਼, ਇਲਾਕਾ ਅਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈ

ਜਥੇ. ਮਨਜੀਤ ਸਿੰਘ
ਸਰਪੰਚ, ਰਾਜਪੁਰ ਭਾਈਆਂ, ਮੈਂਬਰ ਐਡਵਾਈਜ਼ਰ ਕਮੇਟੀ ਸ਼੍ਰੋ. ਅ. ਦਲ ਬਾਦਲ



ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਸਮੂਹ ਇਲਾਕਾ, ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ


ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ


ਸੁਰਿੰਦਰ ਪਾਲ ਸਿੰਘ ਸੰਧੂ
ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ


ਹਰਮਿੰਦਰ ਸਿੰਘ ਸੰਧੂ
ਹਲਕਾ ਇਂਚਾਰਜ ਚੱਬੇਵਾਲ, ਚੇਅਰਮੈਨ ਸ਼ਡਿਊਲ ਕਾਸਟ ਲੈਂਡ ਡਿਵੈਲਪਮੈਂਟ ਫਾਈਨਾਂਸ ਕਾਰਪੋਰੇਸ਼ਨ, ਪੰਜਾਬ


ਜਸਵੀਰ ਸਿੰਘ ਜੱਲੋਵਾਲ
ਜ਼ਿਲ੍ਹਾ ਕਿਸਾਨ ਵਿੰਗ, ਹੁਸ਼ਿਆਰਪੁਰ




ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਦਿਵਸ 'ਤੇ ਪੱਤਰਕਾਰ ਮੇਹਟੀਆਣਾ ਜਗਤਾਰ ਸਿੰਘ ਭੁੰਗਰਨੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਇਲਾਕਾ ਵਾਸੀਆਂ ਤੇ ਪੰਜਾਬ ਨਿਵਾਸੀਆਂ ਨੂੰ

**ਲੱਖ-ਲੱਖ ਵਧਾਈ ਹੋਵੇ**

**ਜਥੇ. ਜਤਿੰਦਰ ਸਿੰਘ ਲਾਲੀ ਬਾਜਵਾ**

ਹਲਕਾ ਇੰਚਾਰਜ਼ ਸ਼੍ਰੋਮਣੀ ਅਕਾਲੀ ਦਲ ਬਾਦਲ
ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਅਤੇ ਚੇਅਰਮੈਨ ਜੈਨਕੋ, ਹੁਸ਼ਿਆਰਪੁਰ
ਮੋਬਾ. 98724-96000


# ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥

ਸ੍ਰੀ ਗੁਰੂ ਹਰਿਰਾਏ ਸਾਹਿਬ ਸਿੱਖਾਂ ਦੇ ਸਤਵੇਂ ਗੁਰੂ ਹੋਏ ਹਨ। ਉਹ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੋਤਰੇ ਅਤੇ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੇ ਸਪੁੱਤਰ ਸਨ। ਗੁਰੂ ਹਰਿਰਾਇ ਸਾਹਿਬ ਜੀ ਦਾ ਜਨਮ 19 ਮਾਘ ਸੰਮਤ 1686 ਬਿ: ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਗਿਆਨੀ ਗਿਆਨ ਸਿੰਘ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਦੋ ਸਾਲ ਪਹਿਲੇ 1642 ਈ: ਸ੍ਰੀ ਗੁਰੂ ਹਰਿਰਾਏ ਸਾਹਿਬ ਨੂੰ ਗੁਰਗੱਦੀ ਉੱਤੇ ਬਿਰਾਜਮਾਨ ਕਰ ਦਿੱਤਾ ਸੀ। ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਬਚਪਨ ਤੋਂ ਹੀ ਸੰਤ-ਸੁਭਾਅ ਅਤੇ ਪਰਮੇਸ਼ਰ ਦੀ ਭਜਨ ਬੰਦਗੀ ਵਿੱਚ ਲੱਗੇ ਰਹਿਣ ਵਾਲੇ ਸਤਿ-ਸੰਤੋਖ ਦੀ ਮੂਰਤ ਸਨ। ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬਹੁਤ ਸਤਿਕਾਰ ਕਰਦੇ ਅਤੇ ਸਦਾ ਉਨ੍ਹਾਂ ਦੀ ਹਜ਼ੂਰੀ ਵਿੱਚ ਰਹਿੰਦੇ ਸਨ। ਗੁਰੂ ਜੀ ਬਹੁਤ ਕੋਮਲ ਸੁਭਾਅ ਅਤੇ ਸ਼ਾਂਤ ਰਹਿਣ ਵਾਲੇ ਸਨ। ਗੁਰਗੱਦੀ ਅਤੇ ਸੇਵਾ 1644 ਈ: ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਪਿੱਛੋਂ ਗੁਰਗੱਦੀ ਦੀ ਪੂਰੀ ਜ਼ਿੰਮੇਵਾਰੀ ਆਪ ਨੇ ਸੰਭਾਲੀ।ਗੁਰੂ ਜੀ ਦੇ ਨਾਲ ਉੱਚ-ਕੋਟੀ ਦੇ 2200 ਸਿੰਘ ਸੂਰਮੇ ਜਵਾਨਾਂ ਦੀ ਇੱਕ ਫੌਜੀ ਟੁਕੜੀ ਨਾਲ ਰਹਿੰਦੀ ਸੀ ਜੋ ਖਾਲਸਾ ਪੰਥ ਦਾ ਜੁਝਾਰੂ ਰੂਪ ਉਜਾਗਰ ਕਰਦੀ ਸੀ। ਪਰ ਉਹ ਲੜਾਈ ਝਗੜੇ ਤੋਂ ਸਦਾ ਦੂਰ ਰਹਿੰਦੇ ਸਨ। ਇੱਥੇ ਇਹ ਵੀ ਵਰਣਨਯੋਗ ਹੈ ਕਿ ਕਿਸੇ ਵੀ ਗੁਰੂ ਸਾਹਿਬ ਨੇ ਕਿਸੇ ਉੱਤੇ ਪਹਿਲਾਂ ਹਮਲਾ ਨਹੀਂ ਕੀਤਾ। ਹਾਂ ਹਮਲਾਵਰ ਦਾ ਮੂੰਹ ਜ਼ਰੂਰ ਮੋੜਿਆ ਅਤੇ ਉਸ ਨੂੰ ਧੂਲ ਚਟਾ ਦਿੱਤੀ। ਆਪ ਜੀ ਦਾ ਬਹੁਤ ਸਮਾਂ ਪਰਮੇਸ਼ਰ ਦੀ ਭਗਤੀ ਵਿੱਚ ਹੀ ਬਤੀਤ ਹੁੰਦਾ। ਗੁਰੂ ਹਰਿਰਾਇ ਜੀ ਨੇ ਆਪਣੇ ਜੀਵਨ ਯਾਤਰਾ ਦੌਰਾਨ ਪਲਾਹੀ ਪਿੰਡ ਵਿੱਚ ਵੀ ਚਰਣ ਪਾਏ, ਇੱਥੇ ਹੀ ਆਪ ਜੀ ਦੀ ਯਾਦ ਵਿੱਚ ਗੁਰੂ ਹਰਿਰਾਏ ਪਾਰਕ ਦਾ ਨਿਰਮਾਣ ਕੀਤਾ ਗਿਆ ਹੈ। ਗੁਰੂ ਜੀ ਦਿਆਲੂ ਵੀ ਬਹੁਤ ਸਨ, ਕਿਸੇ ਸਵਾਲੀ ਜਾਂ ਸ਼ਰਨ ਆਏ ਨੂੰ ਕਦੇ ਜਵਾਬ ਨਹੀਂ ਸਨ ਦਿੰਦੇ। ਜਦੋਂ ਗੁਰੂ ਜੀ ਦੇ ਖਜ਼ਾਨੇ ਵਿੱਚ ਬਹੁਤ ਦੁਰਲੱਭ ਅਤੇ ਕੀਮਤੀ ਚੀਜ਼ਾਂ ਜਮ੍ਹਾਂ ਹੋ ਜਾਂਦੀਆਂ ਅਤੇ ਸੰਗਤਾਂ ਵੱਲੋਂ ਭੇਟ ਕੀਤੇ ਕੀਮਤੀ ਪਦਾਰਥ ਵਿਸ਼ੇਸ਼ ਤੌਰ 'ਤੇ ਸੰਭਾਲੇ ਜਾਂਦੇ ਸਨ ਕਿਉਂਕਿ ਇਨ੍ਹਾਂ ਨਾਲ ਕਿਸੇ ਦੀ ਵੀ ਸਹਾਇਤਾ ਕੀਤੀ ਜਾ ਸਕਦੀ ਸੀ। ਇੱਕ ਵਾਰ ਬਾਦਸ਼ਾਹ ਸ਼ਾਹ ਜਹਾਨ ਦਾ ਬੇਟਾ ਦਾਰਾ ਸ਼ਿਕੋਹ ਬਹੁਤ ਬਿਮਾਰ ਹੋ ਗਿਆ। ਗੁਰੂ ਦੀ ਸਹਾਇਤਾ ਨਾਲ ਤੇ ਹਕੀਮਾਂ ਦੀ ਕੋਸ਼ਿਸ ਨਾਲ ਦਾਰਾ ਸ਼ਿਕੋਹ ਤੰਦਰੁਸਤ ਹੋ ਗਿਆ। 1707 ਈ: ਵਿੱਚ ਦਾਰਾ ਸ਼ਿਕੋਹ ਲਾਹੌਰ ਨੂੰ ਜਾਂਦਾ ਹੋਇਆ ਗੁਰੂ ਜੀ ਦਾ ਧੰਨਵਾਦ ਕਰਨ ਲਈ ਕੀਰਤਪੁਰ ਸਾਹਿਬ ਵਿਖੇ ਆਇਆ। ਮੁਗਲ ਸਲਤਨਤ ਨਾਲ ਭਾਵੇਂ ਗੁਰੂ-ਘਰ ਦੇ ਸੰਬੰਧ ਬਾਬਰ ਦੇ ਸਮੇਂ ਤੋਂ ਹੀ ਟਕਰਾਉ ਵਾਲੇ ਹੋ ਚੁੱਕੇ ਸਨ ਅਤੇ ਸ਼ਾਹ ਜਹਾਨ ਦੇ ਪਿਤਾ ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕੀਤਾ ਸੀ ਅਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ। ਪਰੰਤੂ ਗੁਰੂ-ਘਰ ਦਾ ਬਿਰਦ ਹੈ ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥ ਗੁਰੂ ਅਕਾਲ ਰੂਪ ਹੈ ਜੋ ਸਦ ਪਰਉਪਕਾਰੀ ਹੈ। ਇਸੇ ਸਿਧਾਂਤ ਨੂੰ ਮੁੱਖ ਰੱਖਦਿਆਂ ਗੁਰੂ ਜੀ ਨੇ ਉਨ੍ਹਾਂ ਦੀ ਲੋੜ ਵੀ ਪੂਰੀ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਚਾਲੂ ਪਰੰਪਰਾਵਾਂ ਅਨੁਸਾਰ ਗੁਰੂ-ਘਰ ਵਿੱਚ ਆਤਮਿਕ ਉਪਦੇਸ਼ ਦੇ ਨਾਲ-ਨਾਲ ਸ਼ਰਧਾਲੂਆਂ ਦੇ ਸਰੀਰਕ ਰੋਗਾਂ ਦੇ ਇਲਾਜ ਦਾ ਪ੍ਰਬੰਧ ਵੀ ਕੀਤਾ ਜਾਂਦਾ ਸੀ। ਨੌਜਆਨਾਂ ਨੂੰ ਸਿਹਤਯਾਬ, ਰਿਸ਼ਟਪੁਸ਼ਟ ਰੱਖਣ ਲਈ ਗੁਰੂ ਜੀ ਨੇ ਮੱਲ ਅਖਾੜਿਆਂ ਦੀ ਸਰਪ੍ਰਸਤੀ ਵੀ ਕੀਤੀ। ਕੁਠਾੜ ਵਾਲਾ ਰਾਣਾ ਗੁਰੂ ਜੀ ਦਾ ਜੱਸ ਸੁਣ ਕੇ ਗੁਰੂ ਜੀ ਦੀ ਸ਼ਰਣ ਵਿੱਚ ਆਇਆ। ਉਹ ਝੋਲੇ ਦਾ ਮਰੀਜ਼ ਸੀ। ਉਹ ਪਾਲਕੀ ਵਿੱਚ ਬੈਠ ਕੇ ਆਇਆ ਸੀ। ਗੁਰੂ ਜੀ ਦੀ ਕਿਰਪਾ ਨਾਲ ਠੀਕ ਹੋ ਗਿਆ ਅਤੇ ਘੋੜੇ ਉੱਤੇ ਸਵਾਰ ਹੋ ਕੇ ਘਰ ਗਿਆ। ਗੁਰੂ ਜੀ ਮਾਲਵੇ ਦੇ ਲੋਕਾਂ ਨੂੰ ਉਪਦੇਸ਼ ਕਰਨ ਆਏ ਤਾਂ ਭਾਈ ਰੂਪਾ, ਕਾਂਗੜ ਆਦਿ ਪਿੰਡਾਂ ਨੂੰ ਹੁੰਦੇ ਹੋਏ ਮਹਿਰਾਜ ਪਿੰਡ ਪਹੁੰਚੇ। ਇੱਥੇ ਭਾਈ ਮੋਹਨ ਦੇ ਪੁੱਤਰ ਚੌਧਰੀ ਕਾਲੇ ਨੇ ਤਨ-ਮਨ-ਧਨ ਨਾਲ ਗੁਰੂ ਜੀ ਦੀ ਟਹਿਲ ਸੇਵਾ ਕੀਤੀ। ਇੱਕ ਦਿਨ ਚੌਧਰੀ ਕਾਲਾ ਆਪਣੇ ਭਤੀਜੇ ਫੂਲ ਅਤੇ ਸੰਦਲੀ ਨੂੰ ਵੀ ਨਾਲ ਲੈ ਕੇ ਆਇਆ। ਉਹ ਦੋਵੇਂ ਬਾਲਕ ਭੁੱਖੇ ਹੋਣ ਕਾਰਨ ਗੁਰੂ ਜੀ ਦੇ ਸਾਹਮਣੇ ਪੇਟ ਉੱਤੇ ਹੱਥ ਮਾਰਨ ਲੱਗੇ।ਗੁਰੂ ਜੀ ਨੇ ਹੱਸ ਕੇ ਕਿਹਾ, ਬਾਲਕ ਕੀ ਮੰਗਦੇ ਹਨ? ਚੌਧਰੀ ਕਾਲੇ ਨੇ ਕਿਹਾ ਕਿ ਇਹ ਲੰਗਰ ਮੰਗਦੇ ਹਨ। ਗੁਰੂ ਜੀ ਨੇ ਬਚਨ ਕੀਤਾ ਇਨ੍ਹਾਂ ਦੀ ਸੰਤਾਨ ਰਾਜ ਕਰੇਗੀ ਅਤੇ ਕਈ ਥਾਂ ਇਨ੍ਹਾਂ ਦੇ ਲੰਗਰ ਚੱਲਣਗੇ! ਬਾਬਾ ਫੂਲ ਦੇ ਦੋ ਪੁੱਤਰ ਭਾਈ ਤਰਲੋਕਾ ਅਤੇ ਭਾਈ ਰਾਮਾ ਦੀ ਸੰਤਾਨ ਨੇ ਨਾਭਾ, ਪਟਿਆਲਾ ਅਤੇ ਜੀਂਦ ਜ਼ਿਲ੍ਹਾ ਜੀਂਦ ਰਿਆਸਤਾਂ ਕਾਇਮ ਕੀਤੀਆਂ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੀ ਇਨ੍ਹਾਂ ਹੀ ਫੂਲਕੀਏ ਵਿੱਚੋਂ ਸਰਦਾਰ ਗੱਜਪੱਤ ਸਿੰਘ ਜੀਂਦ ਵਾਲੇ ਦਾ ਦੋਹਤਰਾ ਸੀ। ਇਸ ਤਰ੍ਹਾਂ ਗੁਰੂ ਸਾਹਿਬ ਦਾ ਵਰਦਾਨ ਸੱਚ ਹੋਇਆ। ਇਨ੍ਹਾਂ ਸਰਦਾਰਾਂ ਨਾਲ ਪੰਜਾਬ ਦੀ ਕਿਸਮਤ ਚਮਕ ਉੱਠੀ ਸੀ।ਸੇਵਾ ਦੇ ਪੁੰਜ ਭਾਈ ਭਗਤੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਸੰਦ ਸੀ ਜੋ ਸਿੱਧੂ ਬਰਾੜਾਂ ਦਾ ਮੁਖੀਆ ਸੀ। ਭਾਈ ਭਗਤੂ ਦਾ ਪੁੱਤਰ ਭਾਈ ਗੋਰਾ ਸੀ। ਗੁਰੂ ਹਰਿਰਾਇ ਸਾਹਿਬ ਜਦੋਂ ਮਾਲਵੇ ਦੇਸ ਵਿੱਚ ਗਏ ਤਾਂ ਭਾਈ ਗੋਰੇ ਨੇ ਅਨੇਕ ਪਿੰਡਾਂ ਵਿੱਚ ਉਨ੍ਹਾਂ ਦੀ ਸੇਵਾ ਕਰਵਾਈ।ਬੁੱਖੜੀ ਪਿੰਡ ਵਿੱਚ ਗੁਰੂ ਜੀ ਦੇ ਚੌਰ-ਬਰਦਾਰ ਭਾਈ ਜੱਸੇ ਨਾਲ ਕਿਸੇ ਗੱਲਬਾਤ ਤੋਂ ਉਨ੍ਹਾਂ ਦੀ ਗੜਬੜ ਹੋ ਗਈ। ਭਾਈ ਗੋਰੇ ਨੇ ਆਪਣੇ ਆਦਮੀਆਂ ਤੋਂ ਭਾਈ ਜੱਸੇ ਦੀ ਹੱਤਿਆ ਕਰਵਾ ਦਿੱਤੀ। ਗੁਰੂ ਜੀ ਨੇ ਜਦੋਂ ਇਹ ਗੱਲ ਸੁਣੀ ਤਾਂ ਹੁਕਮ ਦਿੱਤਾ ਕਿ ਗੋਰਾ ਉਨ੍ਹਾਂ ਸਾਹਮਣੇ ਨਾ ਆਏ। ਭਾਈ ਗੋਰਾ ਗੁਰੂ


ਗੁਰੂ ਪੰਥ ਦਾ ਦਾਸ
**ਸੁਰਜੀਤ ਸਿੰਘ ਮਸੂਤਾ (98762-78308)**
ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਹਰਿ ਰਾਇ ਸਾਹਿਬ, ਭੁੰਗਰਨੀ

ਸਾਹਿਬ ਦੀ ਵਹੀਰ ਤੋਂ ਕੁਝ ਦੂਰ ਉਨ੍ਹਾਂ ਨਾਲ ਰਹਿਣ ਲੱਗਾ। ਉਸ ਦੇ ਮਨ ਵਿੱਚ ਬਹੁਤ ਪਛਤਾਵਾ ਸੀ। ਉਹ ਗੁਰੂ ਜੀ ਤੋਂ ਭੁੱਲ ਬਖਸ਼ਾਉਣਾ ਚਾਹੁੰਦਾ ਸੀ। ਇੱਕ ਦਿਨ ਗੁਰੂ ਜੀ ਕੀਰਤਪੁਰ ਸਾਹਿਬ ਤੋਂ ਕਰਤਾਰਪੁਰ ਵਿਖੇ ਜਾ ਰਹੇ ਸਨ ਤਾਂ ਗੁਰੂ ਜੀ ਦੇ ਡੋਲੇ ਅਤੇ ਹੋਰ ਸਾਜ-ਸਾਮਾਨ ਪਿੱਛੇ ਰਹਿ ਗਿਆ ਸੀ। ਮੁਹੰਮਦ ਯਾਰ ਖਾਂ, ਜੋ ਕਿ ਇੱਕ ਹਜ਼ਾਰ ਸਵਾਰ ਲੈ ਕੇ ਦਿੱਲੀ ਨੂੰ ਜਾ ਰਿਹਾ ਸੀ, ਨੇ ਜਦੋਂ ਇਹ ਸੁਣਿਆ ਕਿ ਇਹ ਡੋਲੇ ਦਾ ਸਾਮਾਨ ਗੁਰੂ ਹਰਿਰਾਇ ਜੀ ਦਾ ਹੈ ਤਾਂ ਉਸ ਦੇ ਮਨ ਵਿੱਚ ਆਪਣੇ ਪਿਤਾ ਮੁਖਲਸ ਖਾਂ ਦਾ ਵੈਰ ਲੈਣ ਦੀ ਭਾਵਨਾ ਜਾਗ ਪਈ। ਉਸ ਨੇ ਆਪਣੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਦੇ ਡੋਲੇ ਅਤੇ ਸਾਜ-ਸਾਮਾਨ ਸਭ ਲੁੱਟ ਲਵੋ। ਭਾਈ ਗੋਰਾ ਜੀ ਜੋ ਕਿ ਗੁਰੂ ਜੀ ਦੀਆਂ ਨਜ਼ਰਾਂ ਤੋਂ ਦੂਰ ਪਿੱਛੇ ਰਹਿੰਦਾ ਸੀ, ਉਹ ਆਪਣੇ ਜਵਾਨ ਲੈ ਕੇ ਮੌਕੇ 'ਤੇ ਪਹੁੰਚ ਗਿਆ। ਦੋਵਾਂ ਪਾਸਿਉਂ ਖੂਬ ਤੇਗ ਚੱਲੀ। ਸਿੱਖਾਂ ਨੇ ਮਾਰ-ਮਾਰ ਕੇ ਤੁਰਕਾਂ ਦੇ ਮੂੰਹ ਮੋੜ ਦਿੱਤੇ। ਭਾਈ ਗੋਰੇ ਨੇ ਤੁਰਕਾਂ ਨੂੰ ਰੋਕੀ ਰੱਖਿਆ। ਵਹੀਰ ਸਹੀ-ਸਲਾਮਤ ਅੱਗੇ ਲੰਘ ਗਿਆ। ਇਸ ਤਰ੍ਹਾਂ ਭਾਈ ਗੋਰੇ ਨੇ ਗੁਰੂ-ਘਰ ਦੀਆਂ ਮਾਈਆਂ ਨੂੰ ਬੇਇੱਜ਼ਤ ਹੋਣ ਤੋਂ ਬਚਾਇਆ। ਇਸ ਦੀ ਖਬਰ ਜਦੋਂ ਵਹੀਰ ਨੇ ਗੁਰੂ ਜੀ ਨੂੰ ਜਾ ਕੇ ਦਿੱਤੀ ਤਾਂ ਗੁਰੂ ਸਾਹਿਬ ਨੇ ਭਾਈ ਗੋਰੇ ਨੂੰ ਸੰਗਤ ਵਿੱਚ ਲਿਆਉਣ ਲਈ ਅਸਵਾਰ ਭੇਜੇ। ਜਦੋਂ ਭਾਈ ਗੋਰਾ ਗੁਰੂ ਜੀ ਦੇ ਸਾਹਮਣੇ ਗਿਆ ਤਾਂ ਉਨ੍ਹਾਂ ਪ੍ਰਸੰਨ ਹੋ ਕੇ ਭਾਈ ਗੋਰੇ ਦੇ ਸਭ ਗੁਨਾਹ ਬਖਸ਼ ਦਿੱਤੇ। 7 ਜੁਲਾਈ ਸੰਨ 1661 ਈ: ਵਿੱਚ ਆਪਣੇ ਛੋਟੇ ਸਪੁੱਤਰ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰੂ ਨਾਨਕ ਦੀ ਗੱਦੀ ਉੱਤੇ ਬਿਠਾ ਕੇ ਪੰਜ ਪੈਸੇ ਤੇ ਨਾਰੀਅਲ ਰੱਖ, ਪੰਜ ਪਰਕਰਮਾਂ ਕਰ ਕੇ ਮੱਥਾ ਟੇਕਿਆ। ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾਇਆ। ਇਸ ਤੋਂ ਬਾਅਦ ਆਪ ਜੀ ਜੋਤੀ ਜੋਤ ਸਮਾ ਗਏ। ਗੁਰੂ ਜੀ ਦੇ ਵਚਨ ਸਨ ਕਿ ਕੋਈ ਚੇਸ਼ਟਾ ਜਾਂ ਗਰਜਾਂ ਰੱਖ ਕੇ ਨਾ ਤੁਰੋ, ਉਨ੍ਹਾਂ ਨੂੰ ਕੋਈ ਵੀ ਢੋਈ ਨਹੀਂ ਮਿਲਣੀ।ਜੇ ਕਿਤੇ ਸੰਗਤ ਨਾਲ ਰੁਕੇ ਹੋ ਲੰਗਰ ਦਾ ਬਾਹਰੋਂ ਵੱਖਰਾ ਪਕਾਉਣ ਦਾ ਪ੍ਰਬੰਧ ਨਹੀਂ ਕਰਨਾ, ਜੋ ਲੰਗਰ ਸ਼ਰਧਾ ਨਾਲ ਪੱਕੇ, ਸੰਗਤ ਪੰਗਤ ਵਿੱਚ ਬੈਠ ਕੇ ਛਕੋ।ਇਸੇ ਤਰ੍ਹਾਂ ਗੁਰੂ ਜੀ ਨੇ ਪਹਿਲਾ ਪੜਾਅ ਰੋਪੜ ਤਿੰਨ ਦਿਨ ਰੁਕਣ ਤੋਂ ਬਾਅਦ ਗੜ੍ਹਸ਼ੰਕਰ ਆ ਬਿਰਾਜੇ, ਉੱਥੇ ਵੱਡੀ ਲਹਿਲੀ ਠਹਿਰੇ ਅਤੇ ਉਥੋਂ ਦੀਆਂ ਸੰਗਤਾਂ ਨੂੰ ਸੇਵਕ ਨਿਹਾਲ ਦਾ ਵਚਨ ਉਚਾਰ ਕੇ ਅਸੀਸ ਦਿੱਤੀ। ਗੁਰੂ ਜੀ ਜੋ ਵੀ ਵਚਨ ਕਰਦੇ ਤਾਂ ਉਥੋਂ ਦੀਆਂ ਸੰਗਤਾਂ 'ਸਤਿ ਵਚਨ' ਸਤਿ ਸਾਹਿਬ ਕਹਿ ਸਿਰ ਝੁਕਾਉਂਦੀ, ਇਸ ਤਰ੍ਹਾਂ ਨਾਂਅ ਹੀ ਸਤਿ ਸਾਹਿਬ ਪੈ ਗਿਆ। ਇਸ ਤੋਂ ਅੱਗੇ ਗੁਰੂ ਜੀ ਹੁਸ਼ਿਆਰਪੁਰ ਜਾਂਦੀ ਸੜਕ ਦੇ 10 ਮੀਲ ਪਿੰਡੋਂ ਬਾਹਰਵਾਰ ਪੜਾਅ ਕੀਤਾ, ਜੋ ਚੱਗਰਾਂ, ਬਜਰੌਰ, ਬੋਹਣ ਅਤੇ ਚੱਬੇਵਾਲ ਸਾਰੇ ਪਿੰਡਾਂ ਤੋਂ ਇਕੋ ਜਿਹੀ ਪੈਂਦੀ ਜਗ੍ਹਾ ਸੀ, 'ਤੇ ਪੜਾਅ ਕੀਤਾ ਤੇ ਉਥੋਂ ਦਾ ਚੌਧਰੀ ਇਹ ਸਮਝ ਕੇ ਆ ਧਮਕਿਆ ਤੇ ਕਿਹਾ ਇਹ ਜਗ੍ਹਾ ਮੇਰੀ ਹੈ। ਮਹਾਰਾਜ ਨੇ ਸਹਿਜ ਸੁਭਾਅ ਵਿੱਚ ਕਿਹਾ ਕਿ ਧੰਨ ਭੂਮ ਕਾ ਜੋ ਕਰੇ ਗੁਮਾਨ, ਸੋ ਮੂਰਖ ਅੰਧ ਅਗਿਆਨ ਚੌਧਰੀ ਨੂੰ ਇਹ ਡਰ ਸੀ ਕਿ ਇਹ ਇਸ ਜਗ੍ਹਾ 'ਤੇ ਕਬਜ਼ਾ ਕਰਨ ਲਈ ਆਏ ਹਨ। ਮਹਾਨ ਕੋਸ਼ ਵਿੱਚ ਲਿਖਾਰੀ ਦਾ ਇਹ ਵੀ ਕਹਿਣਾ ਹੈ ਕਿ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਕਲਗੀਧਰ ਜੀ ਦੇ ਆਦੇਸ਼ ਨਾਲ ਦੋ ਬੱਚੀਆਂ ਹਰੀਆਂ ਅਤੇ ਭਰੀਆਂ ਦੇ ਪਤਿ ਇੱਥੇ ਹੀ ਆ ਕੇ ਬਚਾਈ ਸੀ।ਗੁਰੂ ਜੀ ਇੱਥੋਂ ਹੁਸ਼ਿਆਰਪੁਰ ਨਗਰੀ ਭਾਈ ਤਾਰਾ ਜੀ, ਭਾਈ ਚੰਦਾ ਜੀ, ਭਾਈ ਨਰਾਇਣ ਦਾਸ ਜਿਨ੍ਹਾਂ ਕੀਰਤਪੁਰ ਸਾਹਿਬ ਦੀ ਉਸਾਰੀ ਆਪਣੇ ਹੱਥੀਂ ਸੇਵਾ ਕਰਕੇ ਕੀਤੀ ਇੱਥੇ 7 ਦਿਨ ਠਹਿਰੇ, ਉਪਰੰਤ ਹਰੀਆਂ ਵੇਲਾਂ ਤੋਂ ਹੁੰਦੇ ਹੋਏ ਹੁਸ਼ਿਆਰਪੁਰ-ਫਗਵਾੜਾ ਰੋਡ 'ਤੇ ਪਿੰਡ (ਭੰਗਾਣੀ ਸਾਹਿਬ) ਭੁੰਗਰਨੀ ਆਏ। ਆਪ ਨੇ ਇਸ ਨਗਰ ਦੀਆਂ ਸੰਗਤਾਂ ਨੂੰ ਨਾਂਅ ਦੀ ਮਹਿਮਾ ਦਰਸਾਈ ਅਤੇ ਆਗਿਆ ਕੀਤੀ ਕਿ ਸੇਵਾ ਉਹੀ ਫਲਦੀ ਹੈ, ਜੋ ਨਿਰਚਾਹ ਅਤੇ ਚਿੱਤ ਲਗਾ ਕੇ ਕੀਤੀ ਜਾਵੇ। ਸਤਿਗੁਰੂ ਕੀ ਸੇਵਾ ਸਫਲੁ ਹੈ, ਜੇ ਕੋ ਚਿਤੁ ਲਾਇ।ਗੁਰੂ ਹਰਿਰਾਇ ਜੀ ਨੇ ਆਪਣੇ ਜੀਵਨ ਯਾਤਰਾ ਦੌਰਾਨ ਪਲਾਹੀ ਪਿੰਡ ਵਿੱਚ ਵੀ ਚਰਣ ਪਾਏ, ਇੱਥੇ ਹੀ ਆਪ ਜੀ ਦੀ ਯਾਦ ਵਿੱਚ ਗੁਰੂ ਹਰਿਰਾਏ ਪਾਰਕ ਦਾ ਨਿਰਮਾਣ ਕੀਤਾ ਗਿਆ ਹੈ। ਦੋਆਬੇ ਅਤੇ ਮਾਝੇ-ਮਾਲਵੇ ਦੀਆਂ ਸੰਗਤਾਂ ਦੀ ਬੇਨਤੀ ਤੇ 2200 ਘੋੜ ਸਵਾਰਾਂ ਸਮੇਤ 1655-1656 ਵਿੱਚ ਮਾਝੇ-ਮਾਲਵੇ ਅਤੇ ਦੋਆਬੇ ਦਾ ਚੱਕਰ ਲਗਾਇਆ।ਉਸ ਸਮੇਂ ਵੀ ਗੁਰੂ ਜੀ 'ਤੇ ਕੀਰਤਪੁਰ ਸਾਹਿਬ ਦੀਆਂ ਬਹੁਤ ਜ਼ਿੰਮੇਵਾਰੀਆਂ ਸਨ। ਪਰ ਕਿਹਾ ਜਾਂਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਵੇਲੇ ਦੋਆਬੇ ਵਿੱਚ ਭਾਈ ਮੰਝ ਜੀ, ਖੁਆਜਾ ਰੋਸ਼ਨ ਅਤੇ ਅਰਜਾਨੀ ਜੀ ਨੇ ਪ੍ਰਚਾਰ ਕਰਕੇ ਸਿੱਖੀ ਦੀ ਜਾਗ ਲਗਾ ਦਿੱਤੀ ਸੀ।

ਮਾਲਵੇ ਵਿੱਚੋਂ ਪਹਿਲਾਂ ਭਾਈ ਬਹਿਲੋ ਜੀ, ਸਾਈਂਦਾਸ ਤੇ ਸਾਧੂ ਜੀ ਤੇ ਰੂਪ ਚੰਦ ਅਤੇ ਹੁਣ ਭਾਈ ਭਗਤੂ ਜੀ, ਭਾਈ ਫੇਰੂ ਜੀ, ਭਾਈ ਭੂੰਦੜ ਜੀ ਅਤੇ ਭਾਈ ਦਾਊ ਜੀ ਜਿਨ੍ਹਾਂ ਅੰਮ੍ਰਿਤਸਰ ਦੀ ਜੰਗ ਵਿੱਚ ਬਹੁਤ ਵੀਰਤਾ ਦਿਖਾਈ ਸੀ, ਉਨ੍ਹਾ ਗੁਰੂ ਹਰਿ ਰਾਇ ਜੀ ਅੱਗੇ ਅਰਜੋਈ ਕੀਤੀ ਕਿ ਤੁਸੀਂ ਹੁਣ ਮਾਝੇ-ਮਾਲਵੇ-ਦੁਆਬੇ ਵਿੱਚ ਚਰਨ ਪਾਓ।ਜਦੋਂ ਕੀਰਤਪੁਰ ਸਾਹਿਬ ਦੀ ਉਸਾਰੀ ਪੂਰੀ ਹੋ ਗਈ ਤਾਂ ਗੁਰੂ ਜੀ ਨੇ ਚੋਣਵੇਂ ਘੋੜ ਸਵਾਰਾਂ, ਮੁਖੀ ਸਿੱਖਾਂ, ਵਾਰਾਂ ਗਾਉਣ ਲਈ ਭਾਈ ਅਬਦੁੱਲਾ, ਨੱਥਾ ਮੱਲ ਅਤੇ ਕੀਰਤਨ ਕਰਨ ਲਈ ਭਾਈ ਸੇਵਾ ਰੱਤਾ, ਭਾਈ ਚਤਰੂ ਤੇ ਭਾਈ ਨੱਥੂ ਜੀ ਨੂੰ ਗੁਰੂ ਜੀ ਉਚੇਚੇ ਤੌਰ 'ਤੇ ਨਾਲ ਲੈ ਕੇ ਗਏ। ਗੁਰੂ ਜੀ ਨੇ ਜਿੱਥੇ ਵੀ ਟਿਕਾਣਾ ਕਰਨਾ ਹੁੰਦਾ, ਉਥੇ ਪਹਿਲਾਂ ਹੀ ਢਾਡੀ, ਕੀਰਤਨੀਏ, ਲਾਂਗਰੀ ਪੁੱਜ ਜਾਂਦੇ, ਸ਼ਮਿਆਨਾ, ਤੰਬੂ ਆਦਿ ਲੱਦ ਜਾਂਦੇ। ਗੁਰੂ ਜੀ ਜਿੱਥੋਂ ਵੀ ਲੰਘਦੇ ਜਾ ਰਹੇ ਸਨ, ਇਵੇਂ ਲੱਗਦਾ ਸੀ ਜਿਵੇਂ ਕੋਈ ਸ਼ਾਹੀ ਸਵਾਰੀ ਜਾ ਰਹੀ ਹੋਵੇ। ਗੁਰੂ ਜੀ ਯਾਤਰਾ 'ਤੇ ਚੱਲਦੇ ਸਮੇਂ ਇਹੀ ਉਦੇਸ਼ ਕਰਦੇ ਸਨ ਕਿ ਕੀਰਤਨ ਕਰਦੇ ਜਾਓ, ਹਾਸਾ ਠੱਠਾ, ਮਸ਼ਕਰੀ,ਅਹੰਕਾਰ ਵਿੱਚ ਸੇਵਾ ਨਹੀਂ ਹੁੰਦੀ ਤੇ ਸੇਵਾ ਕਰਨ ਵਾਲੇ ਵਿੱਚ ਹੰਕਾਰ ਨਹੀਂ ਰਹਿੰਦਾ। ਕੋਈ ਚੇਸ਼ਟਾ ਜਾਂ ਗਰਜਾਂ ਰੱਖ ਕੇ ਨਾ ਤੁਰੋ, ਉਨ੍ਹਾਂ ਨੂੰ ਕੋਈ ਵੀ ਢੋਈ ਨਹੀਂ ਮਿਲਣੀ। ਕਿਤੇ ਰੁਕ ਕੇ ਬਾਹਰੋਂ ਵੱਖਰਾ ਪਕਾਉਣ ਦਾ ਪ੍ਰਬੰਧ ਨਹੀਂ ਕਰਨਾ, ਜੋ ਲੰਗਰ ਸ਼ਰਧਾ ਨਾਲ ਪੱਕੇ, ਸੰਗਤ ਪੰਗਤ ਵਿੱਚ ਬੈਠ ਕੇ ਛਕੋ।

ਪਿੰਡ ਭੁੰਗਰਨੀ ਵਿੱਚ ਇਸ ਅਸਥਾਨ 'ਤੇ ਬਹੁਤ ਆਲੀਸ਼ਾਨ ਗੁਰਦੁਆਰਾ ਸਾਹਿਬ ਹੈ ਅਤੇ ਪਿੰਡ ਦੇ ਚਾਰੇ ਪਾਸੇ ਸਾਧੂ ਸੰਤਾ ਦੇ ਤਪ ਅਸਥਾਨ, ਕੁਟੀਆ ਸੰਤ ਜੋਤਾ ਸਿੰਘ ਜੀ, ਕੁਟੀਆ ਸੰਤ ਉਦੋ ਦਾਸ ਜੀ, ਅੰਬਾਂ ਵਾਲੀ ਕੁਟੀਆ ਹੀਰਾ ਸਿੰਘ ਜੀ ਕੁਟੀਆ ਤੱਪ ਅਸਥਾਨ ਸੰਤ ਭੂਗ ਸਿੰਘ ਜੀ ਸੰਤ ਬਾਬਾ ਦੇਵ ਜੀ, ਕੁਟੀਆ ਭਾਈ ਵੀਰ ਸਿੰਘ ਜੀ ਜੋ ਹੁਣ ਖੰਡਰ ਦੇ ਰੂਪ ਵਿਚ ਹੈ ਅਤੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ, ਗੁਰਦੁਆਰਾ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ, ਗੁਰਦੁਅਰਾ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੱਖਣ ਪੱਤੀ ਸਥਿਤ ਹੈ। ਦੂਰ-ਦੁਰਾਡੇ ਦੇਸ਼ਾਂ ਵਿਦੇਸ਼ਾ ਤੋਂ ਪੁੱਜਕੇ ਅੱਜ ਦੇ ਦਿਨ ਸੰਗਤਾਂ ਹੁੰਮ-ਹੁਮਾ ਕੇ ਪਹੁੰਚਦੀਆਂ ਹਨ ਤੇ ਸ੍ਰੀ ਗੁਰੂ ਹਰਿ ਰਾਇ ਜੀ ਦਾ ਪ੍ਰਕਾਸ਼ ਦਿਹਾੜਾ ਧੂਮ-ਧਾਮ ਨਾਲ ਮਨਾਉਂਦੀਆਂ ਹਨ।ਇਸ ਮੌਕੇ ਲੰਗਰਾਂ ਦੀ ਸੇਵਾ ਵਿੱਚ ਗੁਰੂ ਹਰਿ ਰਾਏ ਸਾਹਿਬ ਨੌਜਵਾਨ ਸਭਾ ਅਤੇ ਐਨ ਆਰ ਆਈ ਦਾ ਵੱਡਾ ਸਹਿਯੋਗ ਹੁੰਦਾ ਹੈ। ਇਹ ਗੁਰੂਦਵਾਰਾ ਸਾਹਿਬ ਭਾਵੇਂ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ ਪਰ ਇਸਦਾ ਸਾਰਾ ਪ੍ਰਬੰਧ ਪਿੰਡ ਦੀ ਲੋਕਲ ਪ੍ਰਬੰਧਕ ਕਮੇਟੀ ਇਲਾਕਾ ਨਿਵਾਸੀਆਂ, ਨਗਰ ਨਿਵਾਸੀਆਂ ਅਤੇ ਐਨ ਆਰ ਆਈ ਦੇ ਸਹਿਯੋਗ ਨਾਲ ਕਰਦੀ ਹੈ। ਇਸ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾਸ ਸੁਰਜੀਤ ਸਿੰਘ ਮਸੂਤਾ ,ਮੈਂਬਰ ਬਲਵੀਰ ਸਿੰਘ ਤੰਬੜ ਅਤੇ ਰਾਜਵੀਰ ਸਿੰਘ ਨੰਬਰਦਾਰ ਸਹਿਯੋਗ ਕਰ ਰਹੇ ਹਨ ।ਇਹ ਇਤਿਹਾਸਕ ਨਗਰ ਪਿੰਡ ਭੁੰਗਰਨੀ ਦਾ ਜਿਲਾ ਹੁਸ਼ਿਆਰਪੁਰ ਦੁਨੀਆ ਦੇ ਨਕਸ਼ੇ ਤੇ ਹੈ ਜੋ ਪੰਜਾਬ ਦੇ ਉਤਰ-ਪੂਰਬੀ ਭਾਗ ਵਿੱਚ ਸਥਿਤ ਹੈ।ਇਹ ਜਲੰਧਰ ਮਾਲ ਡਵੀਜ਼ਨ ਵਿੱਚ ਪੈਂਦਾ ਹੈ ਅਤੇ ਦੁਆਬਾ ਖੇਤਰ ਦੇ ਬਿਸਤ ਦੋਆਬ ਵਿਚ ਹੈ। ਇਹ ਅਰਧ ਪਹਾੜੀ ਇਲਾਕਾ ਹੈ ਅਤੇ ਬਿਆਸ ਦਰਿਆ ਦੇ ਉਤਰ ਪੱਛਮ ਵਿਚ ਪੈਂਦਾ ਹੈ। ਇਸਦਾ ਖੇਤਰ 10,863 ਸਕੇਅਰ ਕਿ ਮੀ ਅਤੇ ਇਸਦੀ ਜਨ ਸੰਖਿਆ 2022 ਦੇ ਮਤਾਬਿਕ 34,06,061 ਹੈ।ਇਸਦੀ ਭਾਸ਼ਾ ਪੰਜਾਬੀ ਹੈ ਅਤੇ ਇਸਦੇ 325 ਦੇ ਕਰੀਬ ਪਿੰਡ ਹਨ। ਜਿੰਨਾਂ ਵਿੱਚ ਇਹ ਇਹ ਇਤਿਹਾਸਕ ਪਿੰਡ ਭੁੰਗਰਨੀ ਵੀ ਆਉਂਦਾ ਹੈ ਜਿਹੜਾ ਹੁਸ਼ਿਆਰਪੁਰ ਤਹਿਸੀਲ ਬਲਾਕ-2ਦੇ ਵਿੱਚ ਹੈ ।ਇਹ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀਂ ਦੀ ਚਰਨ ਛੋਹ ਪ੍ਰਾਪਤ ਨਗਰ ਹੈ।

ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ 2200 ਘੋੜ ਸਵਾਰ ਨਾਲ ਇੱਥੇ ਦੁਪਿਹਰਾ ਕੱਟਕੇ ਗਏ ਸਨ। ਮੈਂ ਇਹ ਜਾਣਕਾਰੀ ਜਾਣਦਾ ਹਾਂ ਕਿਉਂਕਿ ਮੇਰਾ ਪਾਲਣ ਪੋਸ਼ਣ ਇਸ ਪਿੰਡ ਵਿੱਚ ਹੋਇਆ ਹੈ। ਜਦੋਂ ਮੈਂ ਛੋਟਾਂ ਸਾਂ ਤਾਂ ਮੈਂ ਇੱਥੇ ਇਕ ਪਰਾਣੇ ਕਿਲੇ ਦੇ ਖੰਡਰ ਦੇਖਦਾ ਰਿਹਾ ਹਾਂ।ਜਿਸਨੂੰ ਪੁਰਾਣੇ ਬਜ਼ੁਰਗਾਂ ਦੇ ਦੱਸਣ ਮੁਤਾਬਿਕ ਰਾਜਾ ਬਘੇਲ ਸਿੰਘ ਦਾ ਕਿਲਾ ਦੱਸਿਆ ਜਾਂਦਾ ਸੀ।ਇਕ ਵਾਰਤਾਕਾਰ ਦਾ ਕਹਿਣਾ ਹੈ ਕਿ ਰਾਜਾ ਬਘੇਲ ਸਿੰਘ ਨੇ ਇਸ ਖੇਤਰ ਤੇ ਕਦੇ ਕਬਜਾ ਕੀਤਾ ਸੀ ਅਤੇ ਆਪਣੇ ਭਰੋਸੇ ਮੰਦ ਜਰਨੈਲ ਜੱਸਾ ਸਿੰਘ ਤੇ ਆਸਾ ਸਿੰਘ ਦੇ ਅਧੀਨ ਕੀਤਾ ਸੀ ਜੋ ਦੋਵੇਂ ਭਰਾ ਸਨ ਜਿੰਨਾਂ ਨੂੰ 40-45 ਪਿੰਡ ਸੌਂਪੇ ਗਏ ਸਨ।ਜੋ ਰਾਜਪੂਤਾਂ ਦੇ ਪਿੰਡ ਸਨ। ਇਸ ਪਿੰਡ ਭੁੰਗਰਨੀ ਨੂੰ ਸੁੰਦਰ ਬਣਾਉਣ ਲਈ ਐਨ ਆਰ ਆਈ ਅਤੇ ਸਮਾਜ ਸੇਵੀ ਜਥੇ ਬੰਦੀਆਂ ਅਮਰ ਕੌਰ ਚਰਨਕੌਰ ਵੈਲਫੇਅਰ ਸੁਸਾਇਟੀ, ਜਨ ਕਲਿਆਣ ਸਿਸਇਟੀ ਅਤੇ ਹੋਰ ਜਥੇਬੰਦੀਆਂ ਵਲੋਂ ਪਿੰਡ ਨੂੰ ਸੁੰਦਰ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀ ਰਹਿਣ ਦਿੱਤੀ। ਪਰ ਅਫਸੋਸ ਕਿ ਇੰਨਾਂ ਜਥੇਬੰਦੀਆ ਵੱਲੋਂ ਕੀਤੇ ਕਾਰਜਾਂ ਨੂੰ ਸੰਭਾਲਣ ਲਈ ਅਸੀ ਅੱਜ ਤੱਕ ਵੀ ਜਾਗਰੂਕ ਨਹੀ ਹੋਏ। ਜੇਕਰ ਅੱਜ ਗੁਰੂ ਹਰਿ ਰਾਏ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਵਧਾਈ ਦੇਣ ਲਈ ਪਹੁੰਚੇ ਹੋ ਤਾਂ ਪਿੰਡ ਭੁੰਗਰਨੀ ਵਿੱਚ ਪਾਏ ਸੀਵਰੇਜ ਨੂੰ ਸੰਭਾਲੀਏ, ਲੱਗੇ ਦਰੱਖਤਾ ਨੂੰ ਸੰਭਾਲੀਏ ਅਤੇ ਪਾਣੀ ਨੂੰ ਸੰਭਾਲੀਏ ਅਤੇ ਪਿੰਡ ਨੂੰ ਸਾਫ ਸੁੱਥਰਾ ਰੱਖੀਏ। ਗੁਰੂ ਜੀ ਦੇ ਪਾਏ ਪੂਰਨਿਆ ਤੇ ਚੱਲਕੇ ਨਗਰ ਨੂੰ ਸਾਫ ਸੁੱਥਰਾ ਬਣਾਈਏ। ਗੁਰੂ ਜੀ ਨੇ ਵੀ ਮਨੁੱਖਤਾ ਦੇ ਭਲੇ ਲਈ ਅਤੇ ਵਾਤਾਵਰਣ ਨੂੰ ਸਾਫ ਰੱਖਣ ਲਈ ਕਈ ਬਾਗ ਲਗਵਾਏ, ਸਿਹਤਮੰਦ ਰਹਿਣ ਲਈ ਦਵਾ ਖਾਨੇ ਖੋਹਲੇ ਅਤੇ ਅਖਾੜੇ ਬਣਵਾਈ ।ਇਸ ਲਈ ਗੁਰ ਹਰਿ ਰਾਏ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸਾਡੀਆਂ ਸੱਚੀਆਂ ਤੇ ਸੁੱਚੀਆ ਵਧਾਈਆਂ ਆਪਣੇ ਨਗਰਾਂ ਨੂੰ ਸਾਫ ਰੱਖਣਾ, ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨਾ ਨਾਲ ਹੀ ਹਨ। ਆਓ ਆਪਾਂ ਸਾਰੇ ਰੱਲ ਕੇ ਆਪਣੇ ਨਗਰਾਂ ਨੂੰ ਸਾਫ ਸੁਥਰਾ ਰੱਖਣ ਲਈ ਇਕੱਠੇ ਹੋਕੇ ਹੰਭਲਾ ਮਾਰੀਏ ਅਤੇ ਗੁਰੂ ਘਰ ਦੀਆਂ ਖੁਸ਼ੀਆ ਪ੍ਰਾਪਤ ਕਰੀਏ ।


**ਸੰਦੇਸ਼**

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਦਿਵਸ 'ਤੇ ਪੱਤਰਕਾਰ ਮੇਹਟੀਆਣਾ ਜਗਤਾਰ ਸਿੰਘ ਭੁੰਗਰਨੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਦਾਰਾ ਨਵਾਂ ਜ਼ਮਾਨਾ ਦੇ ਸਮੂਹ ਸਟਾਫ਼ ਅਤੇ ਇਲਾਕਾ, ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈ


ਸੁਲਿੰਦਰ ਲਾਂਬਾ ਆਈ ਪੀ ਐਸ
ਐਸ ਐਸ ਪੀ, ਹੁਸ਼ਿਆਰਪੁਰ


ਪਰਮਿੰਦਰ ਸਿੰਘ ਮੰਡ
ਡੀ ਐਸ ਪੀ, ਰੂਰਲ, ਹੁਸ਼ਿਆਰਪੁਰ


ਜਗਜੀਤ ਸਿੰਘ ਜਸਵਾਲ
ਐਸ ਐਚ ਓ, ਮੇਹਟੀਆਣਾ



ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਦਿਵਸ 'ਤੇ ਪੱਤਰਕਾਰ ਮੇਹਟੀਆਣਾ ਜਗਤਾਰ ਸਿੰਘ ਭੁੰਗਰਨੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਇਲਾਕਾ ਵਾਸੀਆਂ ਤੇ ਪੰਜਾਬ ਨਿਵਾਸੀਆਂ ਨੂੰ

**ਲੱਖ-ਲੱਖ ਵਧਾਈ ਹੋਵੇ**

*ਭਾਈ ਸਤਨਾਮ ਸਿੰਘ ਜੀ ਅਰਸ਼ੀ ਨੇ ਇਸ ਮੌਕੇ ਆਪਣੇ ਵੱਲੋਂ ਸਾਧ ਸੰਗਤ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਹਮੇਸ਼ਾ ਨਿਮਰਤਾ ਰੱਖਣੀ ਚਾਹੀਦੀ ਹੈ ਅਤੇ ਗੁਰੂਆਂ ਦੇ ਉਪਦੇਸ਼ 'ਤੇ ਚੱਲ ਕੇ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਗੁਰੂ ਵਾਲੇ ਬਣਨਾ ਚਾਹੀਦਾ ।*


ਭਾਈ ਸਤਨਾਮ ਸਿੰਘ ਜੀ ਅਰਸ਼ੀ ਉੱਘੇ ਕੀਰਤਨੀਏ
ਮਿਊਂਸਪਲ ਕੌਂਸਲਰ ਫਗਵਾੜਾ
(94170-38124)



ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਦਿਵਸ 'ਤੇ ਪੱਤਰਕਾਰ ਮੇਹਟੀਆਣਾ ਜਗਤਾਰ ਸਿੰਘ ਭੁੰਗਰਨੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਇਲਾਕਾ ਵਾਸੀਆਂ ਤੇ ਪੰਜਾਬ ਨਿਵਾਸੀਆਂ ਨੂੰ

**ਲੱਖ-ਲੱਖ ਵਧਾਈ ਹੋਵੇ**

*ਭਾਈ ਸਤਨਾਮ ਸਿੰਘ ਜੀ ਅਰਸ਼ੀ ਨੇ ਇਸ ਮੌਕੇ ਆਪਣੇ ਵੱਲੋਂ ਸਾਧ ਸੰਗਤ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਹਮੇਸ਼ਾ ਨਿਮਰਤਾ ਰੱਖਣੀ ਚਾਹੀਦੀ ਹੈ ਅਤੇ ਗੁਰੂਆਂ ਦੇ ਉਪਦੇਸ਼ 'ਤੇ ਚੱਲ ਕੇ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਗੁਰੂ ਵਾਲੇ ਬਣਨਾ ਚਾਹੀਦਾ ।*


ਨਿਰਮਲ ਸਿੰਘ ਯੂ ਐੱਸ ਏ
ਦੇ ਸਮੁੱਚੇ ਪਰਵਾਰ ਵੱਲੋਂ ਵਧਾਈਆਂ



ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਸਮੂਹ ਇਲਾਕਾ, ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ


ਫਤਿਹ ਸਿੰਘ ਪਰਹਾਰ
ਸਰਪ੍ਰਸਤ
94171-16474


ਉਂਕਾਰ ਸਿੰਘ ਮਿਨਹਾਸ
ਪ੍ਰਧਾਨ, ਕੈਸ਼ੀਅਰ
98150-34649

**ਵਿਸ਼ਵ ਦੁਆਬਾ ਰਾਜਪੂਤ ਸਭਾ (ਰਜਿ.) ਪੰਜਾਬ**



ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਸਮੂਹ ਇਲਾਕਾ, ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ


ਡਾ. ਹਰਦੇਵ ਸਿੰਘ ਪਰਹਾਰ ਯੂ ਐਸ ਏ
ਸਰਪ੍ਰਸਤ


ਜਸਵਿੰਦਰ ਕੌਰ ਪਰਹਾਰ ਯੂ ਐਸ ਏ
ਸਰਪ੍ਰਸਤ


ਜਸਬੀਰ ਸਿੰਘ ਮਿਨਹਾਸ
ਪ੍ਰਧਾਨ (94177-40319)


ਜਗਤਾਰ ਸਿੰਘ ਭੁੰਗਰਨੀ
ਮੀਤ ਪ੍ਰਧਾਨ (98153-06402)


ਸੁਰਜੀਤ ਸਿੰਘ ਮਸੂਤਾ
ਕੈਸ਼ੀਅਰ (98762-78308)


ਪਰਮਿੰਦਰ ਸਿੰਘ ਪੋਸੀ
ਜਨ. ਸਕੱਤਰ (98142-17782)


ਸਤਨਾਮ ਸਿੰਘ ਪਰਹਾਰ
ਮੈਂਬਰ


ਬਲਬੀਰ ਸਿੰਘ ਤੰਬੜ
ਮੈਂਬਰ


ਪਰਵਿੰਦਰ ਸਿੰਘ ਰਾਣਾ
ਸੀ ਏ


ਸਤਵੰਤ ਸਿੰਘ
ਮੈਂਬਰ

**ਅਮਰ ਕੌਰ ਚਰਨ ਕੌਰ ਵੈਲਫੇਅਰ ਸੁਸਾਇਟੀ ਭੁੰਗਰਨੀ, ਚਰਨ ਕੌਰ ਅਮਰ ਕੌਰ ਵੈਲਫੇਅਰ ਐਂਡ ਫਾਰਮਜ਼ ਸੁਸਾਇਟੀ, ਗੁਰੂ ਨਾਨਕ ਮੋਦੀ ਖਾਨਾ ਕਰਿਆਨਾ ਸਟੋਰ, ਭੁੰਗਰਨੀ**
**ਮੋਬਾ. 86993-29713**

ਸੁਸਾਇਟੀ ਵੱਲੋਂ ਗਰੀਬ ਬੱਚਿਆਂ ਦੀ ਪੜ੍ਹਾਈ, ਬੇ-ਘਰਾਂ ਨੂੰ ਮਕਾਨ ਤੇ ਗੁਰੂ ਨਾਨਕ ਮੋਦੀ ਖਾਨਾ ਸਟੋਰ ਵੱਲੋਂ ਲਾਗਤ ਕੀਮਤ 'ਤੇ ਸਸਤਾ ਤੇ ਵਧੀਆ ਘਰੇਲੂ ਸਮਾਨ ਮੁਹੱਈਆ ਕਰਵਾਇਆ ਜਾਂਦਾ ਹੈ।



ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਸਮੂਹ ਇਲਾਕਾ, ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ




**TARGET GYM**



*LADIES & GENYS*

ADAMPUR ROAD, NEAR SBI BANK,
VPO MEHTIANA, HOSHIARPUR




**ਮਨਜੀਤ ਸਿੰਘ ਸੋਨੂੰ**
M. 98157-89431

30-JAN-PAGE-10.qxd 1/29/2024 8:42 PM Page 1



# 13 ਦੇ ਦਿੱਲੀ ਅੰਦੋਲਨ ਲਈ ਕਿਸਾਨ, ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਪਿੰਡਾਂ 'ਚ ਮੀਟਿੰਗਾਂ

## ਮੰਗਾਂ ਲਾਗੂ ਕਰਵਾਉਣ ਲਈ ਵੱਡੀ ਗਿਣਤੀ 'ਚ ਦਿੱਲੀ ਰਵਾਨਾ ਹੋਣਗੇ ਕਿਸਾਨ, ਮਜ਼ਦੂਰ : ਫੱਤੇਵਾਲਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ੋਨ ਫਿਰੋਜ਼ਪੁਰ ਦੇ ਪਿੰਡ ਕੈਲੋ ਵਾਲ, ਸੂਬਾ ਕਦੀਮ, ਆਸਲ, ਗੋਡਲ ਵਾਲਾ, ਕੁਤਬੇ ਵਾਲਾ, ਸਾਬੂ ਆਨਾ, ਆਮੇ ਵਾਲਾ ਆਦਿ ਪਿੰਡਾਂ ਵਿੱਚ ਜ਼ੋਨ ਸਕੱਤਰ ਅਵਤਾਰ ਸਿੰਘ ਦੀ ਅਗਵਾਈ ਵਿੱਚ ਮੀਟਿੰਗਾਂ ਕਰਵਾਈਆਂ ਗਈਆਂ।ਵੱਖ ਵੱਖ ਪਿੰਡਾਂ ਵਿੱਚ ਪਹੁੰਚ ਕੇ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਗੁਰਮੇਲ ਸਿੰਘ ਫੱਤੇ ਵਾਲਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਪੂਰੇ ਦੇਸ਼ ਨੂੰ ਵਿਦੇਸ਼ੀਆਂ ਕੰਪਨੀਆਂ ਤੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਦਿੱਤਾ ਹੈ, ਜਿਸ ਵਿੱਚ ਖੇਤੀ ਸੈਕਟਰ ਨੂੰ ਵੀ ਇਨ੍ਹਾਂ ਦੇ ਹਵਾਲੇ ਕਰਨ ਵਾਸਤੇ ਅੰਦਰ ਖਾਤੇ ਵਿਸ਼ਵ ਵਪਾਰ ਸੰਸਥਾ ਦੀਆਂ ਨੀਤੀਆਂ ਕਿਸਾਨ ਮਜ਼ਦੂਰ 'ਤੇ ਲਾਗੂ ਕਰ ਰਹੀ ਹੈ।ਇਸ ਕਰਕੇ 13 ਫਰਵਰੀ ਨੂੰ ਉੱਤਰ ਭਾਰਤ ਦੀਆਂ 18 ਜਥੇਬੰਦੀਆਂ ਤੇ ਸੰਯੁਕਤ ਮੋਰਚਾ (ਗੈਰ ਰਾਜਨੀਤਕ) ਵੱਲੋਂ ਦਿੱਲੀ ਅੰਦੋਲਨ ਦਾ ਐਲਾਨ ਕੀਤਾ ਗਿਆ ਹੈ, ਕਿਉਂਕਿ ਮੋਦੀ ਸਰਕਾਰ ਕਿਸਾਨਾਂ ਨਾਲ ਵਾਧਾ ਖਿਲਾਫੀ ਕਰ ਰਹੀ ਹੈ।ਪਹਿਲੇ ਦਿੱਲੀ ਅੰਦੋਲਨ ਦੌਰਾਨ ਖੇਤੀ ਕਾਨੂੰਨ ਰੱਦ ਕਰਨ ਦੇ ਨਾਲ ਸਾਰੀਆਂ ਫਸਲਾਂ 'ਤੇ ਐੱਮ ਐੱਸ ਪੀ ਕਾਨੂੰਨ ਬਣਾਉਣ, ਬਿਜਲੀ ਸੋਧ ਬਿਜਲੀ ਰੱਦ ਕਰਨ, ਪ੍ਰਦੂਸ਼ਣ ਐਕਟ ਵਿੱਚੋਂ ਕਿਸਾਨਾਂ ਨੂੰ ਬਾਹਰ ਕੱਢਣ, ਲਖੀਮਪੁਰ ਖੀਰੀ ਘਟਨਾ ਦੇ ਸ਼ਹੀਦਾਂ ਨੂੰ ਇਨਸਾਫ਼ ਦੇਣ, ਕਿਸਾਨਾਂ ਮਜ਼ਦੂਰਾਂ 'ਤੇ ਪਾਏ ਪਰਚੇ ਰੱਦ ਕਰਨ ਤੇ ਅੰਦੋਲਨ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਨੌਕਰੀ ਦੇਣ 'ਤੇ ਸਹਿਮਤ ਲਿਖਤੀ ਚਿੱਠੀ ਰਾਹੀਂ ਦਿੱਤੀ ਸੀ, ਜਿਸ ਤੋਂ ਮੋਦੀ ਸਰਕਾਰ ਮੁਨਕਰ ਹੋ ਚੁੱਕੀ ਹੈ।ਖੇਤੀ ਕਾਨੂੰਨਾਂ ਨੂੰ ਲੁੱਕਵੇਂ ਢੰਗ ਨਾਲ ਲਾਗੂ ਕਰਨ ਵਾਸਤੇ ਵਿਸ਼ਵ ਵਪਾਰ ਸੰਸਥਾ ਦੇ ਦਬਾਅ ਹੇਠ ਜੀ 20 ਸੰਮੇਲਨ ਕਰਕੇ ਅੰਦਰ ਵੜ ਕੇ ਮੋਦੀ ਸਰਕਾਰ ਨੇ ਕਰ ਮੁਕਤ ਵਪਾਰ ਸਮਝੌਤਾ ਕਰ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਵਾਸਤੇ ਕਰ ਲਿਆ ਹੈ, ਜਿਸ ਨਾਲ ਬਾਹਰਲੇ ਦੇਸ਼ਾਂ ਤੋਂ ਭਾਰਤ ਵਿੱਚ ਆਉਣ ਵਾਲੀਆਂ ਵਸਤਾਂ ਤੋਂ 40 ਪ੍ਰਤੀਸ਼ਤ ਇੰਪੋਰਟ ਡਿਊਟੀ ਹਟਾ ਦਿੱਤੀ ਗਈ ਹੈ।ਉਸ ਨਾਲ ਸਾਡੇ ਦੇਸ਼ ਵਿੱਚ ਪੈਦਾ ਹੋਣ ਵਾਲੀਆਂ ਵਸਤਾਂ ਦੀ ਬੇਕਦਰੀ ਹੋਵਗੀ।ਕਣਕ ਦੀ ਭਾਅ 800 ਰੁਪਏ ਘਟੇਗਾ।ਕਿਸਾਨ ਆਗੂਆਂ ਨੇ ਮੀਟਿੰਗਾਂ ਵਿੱਚ ਇਕੱਤਰ ਹੋਏ ਕਿਸਾਨਾਂ ਮਜ਼ਦੂਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਆਉ ਆਪਣੇ ਗੁਰੂਆਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਆਪਣੀ ਕਿਸਾਨੀ, ਜਵਾਨੀ, ਫਸਲਾਂ ਤੇ ਆਉਣ ਵਾਲੀਆਂ ਨਸਲਾਂ ਨੂੰ ਬਚਾਉਣ ਲਈ 13 ਫਰਵਰੀ ਨੂੰ ਟਰੈਕਟਰ ਟਰਾਲੀਆਂ, ਰਸਤਾ ਬਸਤਾ, ਝੰਡੇ ਲੈ ਕੇ ਦਿੱਲੀ ਕੂਚ ਕਰੀਏ।ਸਾਰੇ ਪਿੰਡਾਂ ਵਿੱਚ ਕਿਸਾਨਾਂ ਮਜ਼ਦੂਰਾਂ ਨੇ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਵੱਡੀ ਗਿਣਤੀ ਵਿੱਚ ਦਿੱਲੀ ਅੰਦੋਲਨ ਵਿੱਚ ਸ਼ਾਮਲ ਹੋਣਗੇ।ਇਸ ਮੌਕੇ ਹਰਦੀਪ ਸਿੰਘ, ਗੁਰਮੇਲ ਸਿੰਘ, ਸੁਖਜਿੰਦਰ ਸਿੰਘ, ਗੁਰਵਿੰਦਰ ਸਿੰਘ, ਸੁਖਵਿੰਦਰ ਸਿੰਘ, ਬੇਅੰਤ ਸਿੰਘ ਆਦਿ ਆਗੂ ਹਾਜ਼ਰ ਸਨ।

# 5 ਸਾਲ ਤੋਂ ਉਡੀਕ ਰਿਹੈ ਗਰੀਬ ਕਿਸਾਨ ਗੜੇਮਾਰੀ ਦੇ ਮੁਆਵਜ਼ੇ ਨੂੰ



**ਸਮਰਾਲਾ (ਸੁਰਜੀਤ ਸਿੰਘ)**

ਇੱਥੋਂ ਲਾਗਲੇ ਪਿੰਡ ਉਟਾਲਾਂ ਦਾ ਇਕ ਗਰੀਬ ਕਿਸਾਨ ਬਿਹਾਰੀ ਲਾਲ ਸੱਦੀ ਬੀਤੇ 5 ਸਾਲ ਤੋਂ ਗੜੇਮਾਰੀ ਵਿੱਚ ਪੂਰੀ ਤਰ੍ਹਾਂ ਤਬਾਹ ਹੋਈ ਆਪਣੀ ਫਸਲ ਦੇ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਮੁਆਵਜ਼ੇ ਨੂੰ ਉਡੀਕ ਰਿਹਾ ਹੈ, ਜਦਕਿ ਬਿਹਾਰੀ ਲਾਲ ਸੱਦੀ ਮੁਤਾਬਿਕ ਅਸਰ ਰਸੂਖ ਵਾਲੇ ਕਿਸਾਨ ਮਿਲ-ਮਿਲਾ ਕੇ ਇਹ ਮੁਆਵਜ਼ਾ ਕਦੋਂ ਦੇ ਲੈ ਚੁੱਕੇ ਹਨ। ਜ਼ਿਕਰਯੋਗ ਹੈ ਕਿ 24 ਅਪ੍ਰੈਲ 2019 ਨੂੰ ਹੋਈ ਜ਼ਬਰਦਸਤ ਗੜੇਮਾਰੀ ਵਿੱਚ ਪਿੰਡ ਉਟਾਲਾਂ ਸਮੇਤ ਇਸ ਇਲਾਕੇ ਦੇ ਕਈ ਪਿੰਡਾਂ ਦੀਆਂ ਫਸਲਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ ਸਨ। ਇਸ ਤਬਾਹੀ ਤੋਂ ਬਾਅਦ ਡੀ ਸੀ ਲੁਧਿਆਣਾ ਵੱਲੋਂ ਇਲਾਕੇ ਵਿੱਚ ਤਬਾਹ ਹੋਈਆਂ ਫਸਲਾਂ ਦਾ ਜਾਇਜ਼ਾ ਲੈਣ ਲਈ ਗਿਰਦਾਵਰੀ ਦੇ ਹੁਕਮ ਜਾਰੀ ਕੀਤੇ ਗਏ ਸਨ। ਮਾਲ ਮਹਿਕਮੇ ਵੱਲੋਂ ਗਿਰਦਾਵਰੀ ਕਰਕੇ ਰਿਪੋਰਟ ਡੀ ਸੀ ਲੁਧਿਆਣਾ ਨੂੰ ਵੀ ਸੌਂਪ ਦਿੱਤੀ ਗਈ ਹੈ। ਬਿਹਾਰੀ ਲਾਲ ਸੱਦੀ ਮੁਤਾਬਿਕ ਉਨ੍ਹਾਂ ਨੇ ਇਸ ਮੁਆਵਜ਼ੇ ਦੀ ਦਾਦ-ਫਰਿਆਦ ਮੁੱਖ ਮੰਤਰੀ ਪੰਜਾਬ, ਡੀ ਸੀ ਲੁਧਿਆਣਾ ਤੇ ਕਿਸਾਨ ਜਥੇਬੰਦੀਆਂ ਅੱਗੇ ਵੀ ਕੀਤੀ, ਪਰ ਕੁੱਝ ਵੀ ਹੱਥ-ਪੱਲੇ ਨਹੀਂ ਪਿਆ। ਉਨ੍ਹਾ ਕਿਸਾਨ ਜਥੇਬੰਦੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਕਿਸਾਨ ਜਥੇਬੰਦੀਆਂ ਨਿੱਤ-ਦਿਹਾੜੇ ਧਰਨੇ, ਰੈਲੀਆਂ ਤੇ ਮੁਜ਼ਾਹਰੇ ਕਰਕੇ ਮਹਿਜ ਆਮ ਲੋਕਾਂ ਤੇ ਗਰੀਬ ਕਿਸਾਨਾਂ ਨੂੰ ਮੂਰਖ ਬਣਾ ਰਹੀਆਂ ਹਨ। ਉਹ ਕਿਸਾਨਾਂ ਤੇ ਮਜ਼ਦੂਰਾਂ ਦੇ ਨਾਂਅ 'ਤੇ ਸਿਆਸਤ ਕਰਦੀਆਂ ਹਨ, ਜਦਕਿ ਅਮਲੀ ਰੂਪ ਵਿੱਚ ਕਿਸਾਨਾਂ ਦੇ ਕੰਮ ਨਹੀਂ ਹੁੰਦੇ। ਉਨ੍ਹਾ ਕਿਹਾ ਕਿ ਕਿਸਾਨ ਜਥੇਬੰਦੀਆਂ ਵੀ ਸਿਰਫ ਅਸਰ-ਰਸੂਖ ਵਾਲੇ ਕਿਸਾਨਾਂ ਦਾ ਹੀ ਕੰਮ ਕਰਾਉਂਦੀਆਂ ਹਨ, ਜਦਕਿ ਗਰੀਬ ਕਿਸਾਨ ਤੇ ਮਜ਼ਦੂਰ ਔਖੇ ਹਾਲਾਤ ਦੀ ਚੱਕੀ ਵਿੱਚ ਪਿਸ ਰਹੇ ਹਨ। ਉਨ੍ਹਾ ਕਿਹਾ ਕਿ ਛੋਟੇ ਕਿਸਾਨ ਦੀ ਸਰਕਾਰ ਨੇ ਤਾਂ ਕੀ ਸੁਣਨੀ ਸੀ, ਕਿਸਾਨਾਂ ਦੀ ਅਲੰਬਰਦਾਰ ਜਥੇਬੰਦੀਆਂ ਵੀ ਕਿਸਾਨੀ ਹਿੱਤਾਂ ਨੂੰ ਨਜ਼ਰ ਅੰਦਾਜ਼ ਕਰਦੀਆਂ ਹਨ। ਉਨ੍ਹਾ ਡੀ ਸੀ ਲੁਧਿਆਣਾ ਨੂੰ ਅਪੀਲ ਕੀਤੀ ਕਿ ਗੜੇਮਾਰੀ ਵਿੱਚ ਨੁਕਸਾਨੀ ਗਈ ਉਨ੍ਹਾਂ ਦੀ ਫਸਲ ਦੇ ਮੁਆਵਜ਼ੇ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।

## ਲਾਰੈਂਸ ਸਕੂਲ 'ਚ ਗਣਤੰਤਰ ਦਿਵਸ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਗਣਤੰਤਰ ਦਿਵਸ ਧੂਮ-ਧਾਮ ਨਾਲ ਮਨਾਇਆ ਗਿਆ ਤੇ ਵੱਖ-ਵੱਖ ਤਰ੍ਹਾਂ ਦੀਆਂ ਪ੍ਰਤੀਯੋਗਤਾਵਾ ਕਰਵਾਈਆਂ ਗਈਆਂ ਜਿਵੇਂ ਕਿ ਡਰਾਇੰਗ, ਸਲੋਗਨ, ਲੇਖਣ, ਫਲੈਗ, ਮੇਕਿੰਗ, ਪੋਸਟਰ ਬਣਾਉਣਾ, ਜਿਨ੍ਹਾਂ ਵਿੱਚ ਸਕੂਲੀ ਬੱਚਿਆਂ ਨੇ ਵਧ ਚੜ੍ਹ ਕੇ ਹਿਸਾ ਲਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਤਰਸੇਮ ਲਾਲ ਗਰਗ, ਪ੍ਰਿੰ: ਜੀਨਮ ਗਰਗ ਤੇ ਮਨੋਜ ਗਰਗ ਨੇ ਸਕੂਲ ਵਿੱਚ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ।

## ਸਪਰਿੰਗ ਕਾਨਵੈਂਟ ਸਕੂਲ ਵਿਖੇ ਗਣਤੰਤਰ ਦਿਵਸ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿਖੇ ਪ੍ਰਿੰਸੀਪਲ ਬਾਇਜੂ ਵਿਜੇ ਤੇ ਮੈਡਮ ਮਮਤਾ ਢੰਡ ਦੀ ਅਗਵਾਈ ਵਿੱਚ ਸਟਾਫ ਤੇ ਬੱਚਿਆਂ ਨੇ ਗਣਤੰਤਰ ਦਿਵਸ ਧੂਮ-ਧਾਮ ਨਾਲ ਮਨਾਇਆ। ਬੱਚਿਆਂ ਨੇ ਦੇਸ਼ ਪਿਆਰ ਦੇ ਗੀਤ, ਸੰਗੀਤ, ਸਕਿੱਟਾਂ ਪੇਸ਼ ਕੀਤੀਆਂ ਤੇ ਵੱਖ-ਵੱਖ ਵੰਨਗੀਆਂ ਰਾਹੀਂ ਦੇਸ਼ ਪਿਆਰ ਦੀ ਭਾਵਨਾ ਨੂੰ ਦਰਸਾਇਆ। ਆਰਟ ਸਬਜੈਕਟ ਦੀ ਮੈਡਮ ਸਿਮਰਜੀਤ ਭੱਲਾ ਨੇ ਬੱਚਿਆਂ ਦੇ ਸਹਿਯੋਗ ਨਾਲ ਬਹੁਤ ਸੁੰਦਰ ਇੰਡੀਆ ਗੇਟ ਦਾ ਮਾਡਲ ਤਿਆਰ ਕੀਤਾ, ਜੋ ਬਹੁਤ ਆਕਰਸ਼ਕ ਸੀ। ਇਸ ਮੌਕੇ ਚੇਅਰਮੈਨ ਨਰ ਸਿੰਘ ਬਰਾੜ ਨੇ ਗਣਤੰਤਰ ਦਿਵਸ ਦੀ ਮਹੱਤਤਾ ਬਾਰੇ ਦੱਸਿਆ ਕਿ 26 ਜਨਵਰੀ 1950 ਨੂੰ ਭਾਰਤ ਨੂੰ ਸੰਪੂਰਨ ਰੂਪ ਵਿੱਚ ਅਜ਼ਾਦ ਦੇਸ਼ ਦਾ ਦਰਜਾ ਦਿੱਤਾ ਗਿਆ ਤੇ ਇਸ ਦਾ ਆਪਣਾ ਸੰਵਿਧਾਨ ਲਾਗੂ ਹੋਇਆ ਅਤੇ ਭਾਰਤ ਇਕ ਲੋਕਤੰਤਰ ਦੇਸ਼ ਬਣਿਆ, ਜਿਸ ਵਿੱਚ ਹਰ ਇਕ ਨੂੰ ਆਪਣੇ ਅਧਿਕਾਰਾਂ ਦੀ ਅਜ਼ਾਦੀ ਹੈ ਤੇ ਆਪਣੇ ਕਰਤੱਵਾਂ ਦੀ ਪਾਲਣਾ ਕਰਨ ਦੇ ਪਾਬੰਦ ਰਹਿਣਾ ਹੈ। ਦੇਸ਼ ਦੀ ਅਜ਼ਾਦੀ ਬਹੁਤ ਕੁਰਬਾਨੀਆਂ ਕਰਨ ਤੋਂ ਬਾਅਦ ਹਾਸਲ ਹੋਈ ਹੈ। ਇਸ ਦੇਸ਼ ਨੂੰ ਸਾਫ਼ ਸੁਥਰਾ ਰੱਖਣ ਵਿੱਚ ਹਰ ਨਾਗਰਿਕ ਦਾ ਫਰਜ਼ ਹੈ ਅਤੇ ਬੱਚੇ ਜੋ ਕੱਲ੍ਹ ਦਾ ਭਵਿੱਖ ਹਨ, ਉਨ੍ਹਾਂ ਨੂੰ ਵੱਧ ਤੋਂ ਵੱਧ ਵਿੱਦਿਆ ਹਾਸਲ ਕਰ ਕੇ ਦੇਸ਼ ਦੀ ਤਰੱਕੀ ਵਿੱਚ ਹਿਸਾ ਪਾਉਣ ਯੋਗ ਬਣਾਉਣਾ ਅੱਜ ਦੇ ਸਮਾਜ ਦਾ ਫਰਜ਼ ਹੈ। ਅੰਤ ਵਿੱਚ ਸਾਰੇ ਸਟਾਫ ਤੇ ਬੱਚਿਆਂ ਨੂੰ ਇਸ ਸ਼ੁਭ ਦਿਨ 'ਤੇ ਵਧਾਈ ਦਿੱਤੀ।

## ਕਾਤਰਾਂ

### ਸਾਥੀ ਹਰਬੰਸ ਸਿੰਘ ਮਿੱਠੂ ਨਮਿਤ ਅੰਤਮ ਅਰਦਾਸ ਅੱਜ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਤੇ ਸੀ ਪੀ ਐੱਮ ਪੰਜਾਬ ਦੀ ਬਠਿੰਡਾ ਜ਼ਿਲ੍ਹੇ ਅੰਦਰ ਸਥਾਪਨਾ ਕਰਨ ਵਾਲੇ ਮੋਢੀ ਆਗੂਆਂ 'ਚੋਂ ਇੱਕ ਸਾਥੀ ਹਰਬੰਸ ਸਿੰਘ ਮਿੱਠੂ ਵਾਸੀ ਜਿਉਂਦ ਸੰਖੇਪ ਬੀਮਾਰੀ ਉਪਰੰਤ ਸਦੀਵੀ ਵਿਛੋੜਾ ਦੇ ਗਏ ਹਨ। ਆਪ ਮਰਹੂਮ ਕਾਮਰੇਡ ਸੁਰਜੀਤ ਗਿੱਲ ਦੀ ਪ੍ਰੇਰਣਾ ਸਦਕਾ ਕਮਿਊਨਿਸਟ ਲਹਿਰ ਸੰਗ ਜੁੜੇ ਸਨ ਤੇ ਉਨ੍ਹਾਂ ਆਪਣੇ ਜੀਵਨ ਦੇ ਲਗਭਗ ਸਾਢੇ ਚਾਰ ਦਹਾਕੇ ਲੋਕ ਘੋਲਾਂ ਦੇ ਲੇਖੇ ਲਾਏ। ਸੀ ਪੀ ਆਈ (ਐੱਮ) ਦੇ ਮੁੱਖ ਪਰਚੇ 'ਲੋਕ ਲਹਿਰ' ਦੇ ਸ਼ੁਰੂਆਤੀ ਦਿਨਾਂ 'ਚ ਆਪ ਨੇ ਜਲੰਧਰ ਸੂਬਾਈ ਦਫਤਰ ਵਿਖੇ ਰਹਿ ਕੇ ਪਰਚੇ ਨੂੰ ਪੱਕੇ ਪੈਰੀਂ ਕਰਨ ਵਾਲੀ ਮੁੱਢਲੀ ਟੀਮ ਨਾਲ ਜੁੜ ਕੇ ਮਿਸਾਲੀ ਸੇਵਾਵਾਂ ਦਿੱਤੀਆਂ ਸਨ। ਆਪ ਨੇ ਨੌਜਵਾਨ ਸਭਾ ਪੰਜਾਬ ਤੇ ਡੀ ਵਾਈ ਐੱਫ ਆਈ ਦੀ ਕਾਇਮੀ ਤੇ ਮਜ਼ਬੂਤੀ 'ਚ ਵੀ ਵਡੇਰਾ ਯੋਗਦਾਨ ਪਾਇਆ ਸੀ। ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਪੰਜਾਬ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ, ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ, ਬਠਿੰਡਾ-ਮਾਨਸਾ ਜ਼ਿਲ੍ਹਾ ਕਮੇਟੀ ਦੇ ਸਕੱਤਰ ਸਾਥੀ ਲਾਲ ਚੰਦ ਸਰਦੂਲਗੜ੍ਹ ਨੇ ਸਾਥੀ ਹਰਬੰਸ ਸਿੰਘ ਮਿੱਠੂ ਦੇ ਦਿਹਾਂਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਦੇ ਸਪੁੱਤਰ ਸੁਖਪਾਲ ਸ਼ਰਮਾ ਤੇ ਪਰਿਵਾਰ ਨਾਲ ਸੰਵੇਦਨਾਵਾਂ ਸਾਂਝੀਆਂ ਕੀਤੀਆਂ। ਸਾਥੀ ਹਰਬੰਸ ਸਿੰਘ ਮਿੱਠੂ ਦੀ ਅੰਤਮ ਅਰਦਾਸ 30 ਜਨਵਰੀ ਨੂੰ ਬਾਅਦ ਦੁਪਹਿਰ 12-30 ਵਜੇ ਪਿੰਡ ਜਿਉਂਦ ਦੇ ਗੁਰੂਦੁਆਰਾ ਸਾਹਿਬ ਵਿਖੇ ਹੋਵੇਗੀ।

### ਹੈਰੋਇਨ ਸਮੇਤ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਨੇ 5 ਗ੍ਰਾਮ ਹੈਰੋਇਨ ਸਮੇਤ ਅਰਸ਼ਦੀਪ ਸਿੰਘ ਵਾਸੀ ਮਾਛੀਵਾੜਾ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਚਰਨ ਕੰਵਲ ਚੌਕ ਨੇੜੇ ਗਸ਼ਤ ਕਰ ਸ਼ੱਕੀ ਵਾਹਨਾਂ ਦੀ ਜਾਂਚ ਕੀਤੀ ਜਾ ਰਹੀ ਸੀ। ਇਸ ਦੌਰਾਨ ਇਕ ਮੋਨਾ ਨੌਜਵਾਨ ਰੋਪੜ ਰੋਡ ਤੋਂ ਪੈਦਲ ਆਉਂਦਾ ਦਿਖਾਈ ਦਿੱਤਾ, ਜਿਸ ਨੂੰ ਜਾਂਚ ਲਈ ਰੋਕਣ ਲਈ ਅਵਾਜ਼ ਮਾਰੀ ਗਈ ਤੇ ਉਹ ਘਬਰਾ ਕੇ ਵਾਪਸ ਮੁੜਨ ਲੱਗਾ, ਜਿਸ ਨੇ ਆਪਣੀ ਜੇਬ 'ਚੋਂ ਇੱਕ ਮੋਮੀ ਕਾਗਜ਼ ਦੀ ਲਿਫ਼ਾਫੀ ਸੜਕ ਕਿਨਾਰੇ ਸੁੱਟ ਦਿੱਤੀ। ਪੁਲਸ ਮੁਲਾਜ਼ਮਾਂ ਵੱਲੋਂ ਨੌਜਵਾਨ ਨੂੰ ਕਾਬੂ ਕੀਤਾ ਗਿਆ, ਜਿਸ ਨੇ ਆਪਣਾ ਨਾਮ ਅਰਸ਼ਦੀਪ ਸਿੰਘ ਦੱਸਿਆ ਤੇ ਉਸ ਵੱਲੋਂ ਸੁੱਟੀ ਮੋਮੀ ਲਿਫ਼ਾਫੀ 'ਚੋਂ 5 ਗ੍ਰਾਮ ਹੈਰੋਇਨ ਬਰਾਮਦ ਹੋਈ।

### ਅਸ਼ਟਾਮ ਫਰੋਸ਼ ਲੁੱਟਿਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਪੁਰਾਣਾ ਵੂਮੈੱਨ ਸੈੱਲ ਵਿਖੇ ਇਕ ਅਸ਼ਟਾਮ ਫਰੋਸ਼ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਲੁੱਟਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਤਿੰਨ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਮਨ ਕੁਮਾਰ ਸੇਠੀ ਪੁੱਤਰ ਹੰਸ ਰਾਜ ਸੇਠੀ ਵਾਸੀ ਗਲੀ ਸੋਢੀ ਇੰਦਰ ਸਿੰਘ ਮੁਹੱਲਾ ਧਰਮਪੁਰਾ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਤਹਿਸੀਲ ਕੰਪਲੈਕਸ ਕੈਂਟ ਫਿਰੋਜ਼ਪੁਰ ਵਿਖੇ ਅਸ਼ਟਾਮ ਫਰੋਸ਼ ਦਾ ਕੰਮ ਕਰਦਾ ਹੈ, ਬੀਤੀ 24 ਜਨਵਰੀ 2024 ਨੂੰ ਕਰੀਬ 6.20 ਵਜੇ ਸ਼ਾਮ ਆਪਣੀ ਦੁਕਾਨ ਬੰਦ ਕਰਕੇ ਆਪਣੀ ਐਕਟਿਵਾ ਨੰਬਰ ਪੀਬੀ 05 ਏਈ 9669 'ਤੇ ਘਰ ਜਾ ਰਿਹਾ ਸੀ, ਜਦ ਉਹ ਵੂਮੈੱਨ ਸੈੱਲ ਥਾਣਾ ਪਾਸ ਪੁੱਜਾ ਤਾਂ ਇਕ ਮੋਟਰਸਾਈਕਲ ਨੰਬਰ ਪੀਬੀ 04-8897 'ਤੇ ਤਿੰਨ ਵਿਅਕਤੀ ਸਵਾਰ ਸਨ, ਜਿਨ੍ਹਾਂ ਨੇ ਉਸ ਦਾ ਰਸਤਾ ਰੋਕ ਕੇ ਕਾਪੇ ਦਾ ਡਰਾਵਾ ਵਿਖਾ ਕੇ ਉਸ ਦੀਆਂ ਜੇਬਾਂ ਵਿੱਚੋਂ 2 ਪਰਸ, ਜਿਨ੍ਹਾਂ ਵਿਚ ਕੁੱਲ 55 ਹਜ਼ਾਰ ਰੁਪਏ, ਐਕਟਿਵਾ ਦੀ ਆਰ ਸੀ, ਡਰਾਈਵਿੰਗ ਲਾਇਸੰਸ, ਅਸ਼ਟਾਮ ਫਰੋਸ਼ ਦਾ ਲਾਇਸੰਸ, ਐਂਟੀ-ਕੁਰੱਪਸ਼ਨ ਦਾ ਆਈ ਕਾਰਡ ਤੇ ਹੋਰ ਜ਼ਰੂਰੀ ਕਾਗਜ਼ਾਤ ਸਨ ਤੇ ਦੂਜੀ ਜੇਬ ਵਿੱਚੋਂ 1 ਮੋਬਾਇਲ ਫੋਨ ਸੈਮਸੰਗ ਗਲੈਕਸੀ, ਆਨਲਾਇਨ ਪ੍ਰਿੰਟ ਕੀਤੇ ਅਸ਼ਟਾਮ 50-50 ਰੁਪਏ ਵਾਲੇ ਕੁੱਲ 101 ਤੇ 100 ਵਾਲਾ 1 ਅਸ਼ਟਾਮ, ਅਸ਼ਟਾਫ ਫਰੋਸ਼ ਵਾਲਾ ਰਜਿਸਟਰ ਸੀ ਅਤੇ ਐਕਟਿਵਾ ਖੋਹ ਕੇ ਫਰਾਰ ਹੋ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਸ਼ੋਕ ਸਮਾਚਾਰ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਅਨਾਜ ਮੰਡੀ ਮਾਛੀਵਾੜਾ 'ਚ ਅਕਾਊਂਟੈਂਟ ਸੰਜੀਵ ਨਾਗਪਾਲ ਦੇ ਪਿਤਾ ਪਵਨ ਕੁਮਾਰ ਨਮਿਤ ਗਰੁੜ ਪੁਰਾਣ ਪਾਠ ਦਾ ਭੋਗ ਤੇ ਅੰਤਿਮ ਅਰਦਾਸ 1 ਫਰਵਰੀ ਨੂੰ ਦੁਪਹਿਰ 1 ਤੋਂ 2 ਵਜੇ ਤੱਕ ਕਮਿਊਨਿਟੀ ਸੈਂਟਰ, ਨੇੜੇ ਬੱਸ ਸਟੈਂਡ ਮਾਛੀਵਾੜਾ ਵਿਖੇ ਹੋਵੇਗੀ।

## ਕਿਸਾਨ, ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਕੈਂਡਲ ਮਾਰਚ



**ਮੱਖੂ (ਰਛਪਾਲ ਸਿੰਘ ਸੰਧੂ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਮਖੂ ਦੇ ਪ੍ਰਧਾਨ ਵੀਰ ਸਿੰਘ ਨਿਜ਼ਾਮਦੀਨ ਵਾਲਾ ਵੱਲੋਂ ਸੂਬਾਈ ਆਗੂਆਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲਾਲ ਕਿਲ੍ਹੇ ਦੇ ਨਜ਼ਦੀਕ ਸ਼ਹੀਦ ਹੋਏ ਨਵਦੀਪ ਸਿੰਘ ਡਿਬਡਿਬਾ ਤੇ ਦਿੱਲੀ ਕਿਸਾਨ ਅੰਦੋਲਨ ਵਿੱਚ ਸ਼ਹੀਦ ਹੋਏ ਕਿਸਾਨਾਂ ਨੂੰ ਸਮਰਪਤ ਮੋਮਬੱਤੀਆਂ ਜਗਾ ਕੇ ਕੈਂਡਲ ਮਾਰਚ ਕੀਤਾ ਗਿਆ। ਇਸ ਮੌਕੇ ਜ਼ੋਨ ਪ੍ਰਧਾਨ ਵੀਰ ਸਿੰਘ ਨਿਜ਼ਾਮਦੀਨ ਵਾਲਾ ਤੇ ਜ਼ੋਨ ਆਗੂ ਲਖਵਿੰਦਰ ਸਿੰਘ ਬਸਤੀ ਨਾਮਦੇਵ ਵਾਲਾ ਨੇ ਕਿਹਾ ਕਿ ਕੈਂਡਲ ਮਾਰਚ ਦੌਰਾਨ ਦਿੱਲੀ ਕਿਸਾਨ ਅੰਦੋਲਨ ਵਿੱਚ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ ਅਤੇ ਇੱਕ ਫਰਵਰੀ ਨੂੰ ਟਰੈਕਟਰ ਮਾਰਚ ਕੱਢਿਆ ਜਾਵੇਗਾ। ਇਸ ਟਰੈਕਟਰ ਮਾਰਚ ਦੌਰਾਨ ਕਿਸਾਨਾਂ ਨੂੰ 13 ਫਰਵਰੀ ਨੂੰ ਦਿੱਲੀ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਜਾਵੇਗਾ। ਇਸ ਮੌਕੇ ਪਲਵਿੰਦਰ ਸਿੰਘ ਗਿੱਲ, ਹਰਜੀਤ ਸਿੰਘ ਕਾਲੜਾ, ਮੇਜਰ ਸਿੰਘ, ਜਸਬੀਰ ਸਿੰਘ ਸੰਧੂ, ਸ਼ੇਰ ਸਿੰਘ ਵਿਰਕ, ਗੁਰਜੀਤ ਸਿੰਘ, ਬੱਗਾ ਸਿੰਘ, ਗੁਰਲਾਲਦੀਪ ਸਿੰਘ, ਦਵਿੰਦਰ ਸਿੰਘ ਸੰਧੂ, ਮਨਜੀਤ ਸਿੰਘ, ਮਨਜੀਤ ਸਿੰਘ ਮੀਤਾ, ਗਗਨ ਸਿੰਘ, ਦਲਬੀਰਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

## ਅਕਾਲ ਅਕੈਡਮੀ ਰਟੌਲਾਂ ਦੇ ਬੱਚਿਆਂ ਵੱਲੋਂ ਜਵੰਧੇ 'ਚ ਨਸ਼ਾ ਵਿਰੋਧੀ ਰੈਲੀ




**ਚੀਮਾ ਮੰਡੀ (ਮਹਿੰਦਰ ਚੀਮਾ)**-ਕਲਗੀਧਰ ਟਰੱਸਟ ਬੜੂ ਸਾਹਿਬ ਦੁਆਰਾ ਸੰਚਾਲਤ ਅਕਾਲ ਅਕੈਡਮੀ ਰਟੌਲਾਂ ਦੇ ਵਿਦਿਆਰਥੀਆਂ ਤੇ ਸਟਾਫ ਵੱਲੋਂ ਪ੍ਰਿੰਸੀਪਲ ਮਨਦੀਪ ਕੌਰ ਦੀ ਅਗਵਾਈ 'ਚ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਪ੍ਰਤੀ ਸੁਚੇਤ ਕਰਨ ਲਈ ਨੇੜਲੇ ਪਿੰਡ ਜਵੰਧੇ ਵਿਖੇ ਨਸ਼ਾ ਵਿਰੋਧੀ ਰੈਲੀ ਕੱਢੀ ਗਈ, ਜਿਸ ਵਿੱਚ ਅਕਾਲ ਅਕੈਡਮੀ ਦੇ ਵੱਡੀ ਗਿਣਤੀ 'ਚ ਵਿਦਿਆਰਥੀਆਂ ਤੇ ਸਮੂਹ ਸਟਾਫ ਨੇ ਭਾਗ ਲਿਆ। ਨਸ਼ਾ ਵਿਰੋਧੀ ਰੈਲੀ ਨੂੰ ਏ.ਐੱਸ.ਆਈ. ਥਾਣਾ ਛਾਜਲੀ ਸੰਜੀਵ ਕੁਮਾਰ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਵਿਦਿਆਰਥੀਆਂ ਨੇ ਹੱਥਾਂ ਵਿੱਚ ਨਸ਼ਿਆਂ ਵਿਰੋਧੀ ਬੈਨਰ ਫੜ ਕੇ ਤੇ ਨਸ਼ਿਆਂ ਵਿਰੋਧੀ ਨਾਅਰੇ ਲਗਾ ਕੇ ਲੋਕਾਂ ਨੂੰ ਨਸ਼ਿਆਂ ਪ੍ਰਤੀ ਸੁਚੇਤ ਕੀਤਾ। ਵਿਦਿਆਰਥੀਆਂ ਦੀ ਇਸ ਜਾਗਰੂਕਤਾ ਮੁਹਿੰਮ ਦਾ ਪਿੰਡ ਵਾਸੀਆਂ ਨੇ ਬਹੁਤ ਸਹਿਯੋਗ ਦਿੱਤਾ ਤੇ ਸ਼ਾਲਘਾ ਕੀਤੀ। ਪਿੰਡ 'ਚ ਵੱਖ-ਵੱਖ ਥਾਵਾਂ 'ਤੇ ਵਿਦਿਆਰਥੀਆਂ ਵੱਲੋਂ ਨਸ਼ਾ ਵਿਰੋਧੀ ਨਾਟਕ ਪੇਸ਼ ਕੀਤੇ ਗਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਵਿੱਤ ਮੰਤਰੀ ਸ੍ਰ. ਹਰਪਾਲ ਸਿੰਘ ਚੀਮਾ ਦੇ ਓ.ਐੱਸ.ਡੀ. ਤਪਿੰਦਰ ਸਿੰਘ ਸੋਹੀ ਨੇ ਵਿਦਿਆਰਥੀਆਂ ਦੇ ਇਸ ਕਾਰਜ ਨੂੰ ਬਹੁਤ ਸਰਾਹਿਆ ਤੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ। ਪ੍ਰਿੰਸੀਪਲ ਮਨਦੀਪ ਕੌਰ ਨੇ ਵੀ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਤੰਦਰੁਸਤ ਸਮਾਜ ਸਿਰਜਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਵੱਲੋਂ ਵੱਖ-ਵੱਖ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਪ੍ਰਗਟ ਸਿੰਘ, ਗੁਰਜੰਟ ਸਿੰਘ, ਮਲਕੀਤ ਸਿੰਘ, ਮੇਵਾ ਸਿੰਘ ਚੇਅਰਮੈਨ, ਸਤਨਾਮ ਸਿੰਘ, ਹਰਵਿੰਦਰ ਸਿੰਘ, ਪ੍ਰਵੀਨ ਵਾਸਤਵ, ਹਰਮੇਲ ਸਿੰਘ ਮੈਂਬਰ, ਲੀਲਾ ਸਿੰਘ, ਮਹਿੰਦਰ ਸਿੰਘ, ਹਰਮਨਦੀਪ ਕੌਰ, ਹਰਮੇਲ ਸਿੰਘ ਕਿਸਾਨ ਯੂਨੀਅਨ, ਬਲਵਿੰਦਰ ਸਿੰਘ, ਹਰਦੇਵ ਸਿੰਘ, ਗਮਦੂਰ ਸਿੰਘ, ਸੰਦੀਪ ਸਿੰਘ ਤੇ ਪ੍ਰਤਾਪ ਸਿੰਘ ਆਦਿ ਹਾਜ਼ਰ ਸਨ।



ਮਾਡਰਨ ਕਾਲਜ ਬੀਰ ਕਲਾਂ ਵਿਖੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਵੱਲੋਂ ਗਣਤੰਤਰਤਾ ਦਿਵਸ ਮੌਕੇ ਕੌਮੀ ਝੰਡਾ ਲਹਿਰਾਇਆ ਗਿਆ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ। (ਫੋਟੋ ਤੇ ਵੇਰਵਾ : ਰਵਿੰਦਰ ਚੀਮਾ, ਚੀਮਾ ਮੰਡੀ)

## ਮੁਸਲਿਮ ਸਮਾਜ ਸੁਧਾਰ ਦੀ ਜ਼ਿਲ੍ਹਾ ਪੱਧਰੀ ਕਮੇਟੀ ਦਾ ਗਠਨ

### ਬਾਗ ਅਲੀ ਪ੍ਰਧਾਨ ਤੇ ਡਾ. ਸੋਮ ਖਾਨ ਚੇਅਰਮੈਨ ਨਿਯੁਕਤ



**ਭਗਤਾ ਭਾਈ ਕਾ (ਰਾਜੀਵ ਗੋਇਲ)**

ਮੁਸਲਿਮ ਸਮਾਜ ਸੁਧਾਰ ਕਮੇਟੀ ਹਲਕਾ ਭਗਤਾ ਵੱਲੋਂ ਕਮੇਟੀ ਪ੍ਰਧਾਨ ਬਾਗਅਲੀ ਦੀ ਅਗਵਾਈ ਹੇਠ ਡਾ. ਸੋਮ ਖਾਨ ਦੀ ਰਿਹਾਇਸ਼ 'ਤੇ ਇੱਕ ਮੀਟਿੰਗ ਦਾ ਆਯੋਜਨ ਹੋਇਆ, ਜਿਸ ਵਿੱਚ ਇਸ ਹਲਕਾ ਪੱਧਰੀ ਕਮੇਟੀ ਨੂੰ ਬੜਾਵਾ ਦਿੰਦੇ ਹੋਏ ਜ਼ਿਲ੍ਹਾ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ। ਜਾਣਕਾਰੀ ਦਿੰਦਿਆਂ ਡਾ. ਸੋਮ ਖਾਨ ਨੇ ਦੱਸਿਆ ਕਿ ਨਵੀਂ ਚੁਣੀ ਗਈ ਜ਼ਿਲ੍ਹਾ ਪੱਧਰੀ ਕਮੇਟੀ ਦੀ ਵਾਗਡੋਰ ਬਾਗਅਲੀ ਨੂੰ ਹੀ ਸੌਂਪੀ ਗਈ ਹੈ, ਜਿਹੜੇ ਕਮੇਟੀ ਦੇ ਪ੍ਰਧਾਨ ਤੇ ਡਾ. ਸੋਮ ਖਾਨ ਨੂੰ ਕਮੇਟੀ ਦਾ ਚੇਅਰਮੈਨ ਥਾਪਿਆ ਗਿਆ ਹੈ। ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਡਾ. ਰੂਪ ਖਾਨ ਸੀਨੀ. ਮੀਤ ਪ੍ਰਧਾਨ, ਮੁਹੰਮਦ ਗੁਰਦਾਸ ਖਾਨ ਸੀਨੀ. ਮੀਤ ਪ੍ਰਧਾਨ, ਦਰਸ਼ਨ ਖਾਨ ਮੀਤ ਪ੍ਰਧਾਨ, ਮੁਹੰਮਦ ਅਸ਼ਰਫ ਅਲੀ ਖਾਨ ਖਜ਼ਾਨਚੀ, ਹਾਜ਼ੀ ਸ਼ਰੀਫ ਖਾਨ ਸਹਾਇਕ ਖਜ਼ਾਨਚੀ, ਵੀਰਾ ਖਾਨ ਜਨਰਲ ਸਕੱਤਰ, ਅਜਾਇਬ ਖਾਨ ਸੀਨੀਅਰ ਸਕੱਤਰ, ਮੁਹੰਮਦ ਅਬਦੁੱਲਾ ਸਲਾਹਕਾਰ, ਵਜ਼ੀਰ ਖਾਨ ਪ੍ਰੈੱਸ ਸਕੱਤਰ, ਮੁਹੰਮਦ ਅਸ਼ਰਫ ਮੁੱਖ ਬੁਲਾਰਾ ਤੇ ਹੁਸੈਨ ਖਾਨ, ਭਾਗ ਖਾਨ, ਗੋਰਾ ਖਾਨ ਨੂੰ ਕਾਰਜਕਾਰਨੀ ਮੈਂਬਰ ਥਾਪਿਆ ਗਿਆ ਹੈ।

## ਵਿਧਾਇਕ ਦਿਆਲਪੁਰਾ ਕਿਸਾਨ ਵਿੰਗ ਦੇ ਸੂਬਾ ਪ੍ਰਧਾਨ ਨਿਯੁਕਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਆਮ ਆਦਮੀ ਪਾਰਟੀ ਵੱਲੋਂ ਆਪਣੇ ਜਥੇਬੰਦਕ ਢਾਂਚੇ ਵਿੱਚ ਵਿਸਥਾਰ ਕਰਦਿਆਂ ਹਲਕਾ ਸਮਰਾਲਾ ਤੋਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੂੰ ਕਿਸਾਨ ਵਿੰਗ ਦਾ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਸ਼ਮੀਰੀ ਲਾਲ ਜ਼ਿਲ੍ਹਾ ਪ੍ਰਧਾਨ ਬੁੱਧੀਜੀਵੀ ਵਿੰਗ ਲੁਧਿਆਣਾ ਦਿਹਾਤੀ, ਅੰਮ੍ਰਿਤਾ ਪੁਰੀ ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ ਲੁਧਿਆਣਾ ਦਿਹਾਤੀ, ਹਰਜੀਤ ਸਿੰਘ ਚਹਿਲਾਂ ਜ਼ਿਲ੍ਹਾ ਪ੍ਰਧਾਨ ਸਪੋਰਟਸ ਵਿੰਗ ਲੁਧਿਆਣਾ ਦਿਹਾਤੀ, ਮਲਕੀਤ ਸਿੰਘ ਜ਼ਿਲ੍ਹਾ ਸਕੱਤਰ ਕਿਸਾਨ ਵਿੰਗ ਲੁਧਿਆਣਾ ਦਿਹਾਤੀ ਤੇ ਐਡਵੋਕੇਟ ਦਲਜੀਤ ਸਿੰਘ ਸ਼ਾਹੀ ਜ਼ਿਲ੍ਹਾ ਪ੍ਰਧਾਨ ਲੀਗਲ ਸੈੱਲ ਲੁਧਿਆਣਾ ਦਿਹਾਤੀ ਨਿਯੁਕਤ ਕੀਤੇ ਗਏ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਨੂੰ ਵੱਡੀ ਜ਼ਿੰਮੇਵਾਰੀ ਸੌਂਪ ਕੇ ਮਾਣ ਬਖਸ਼ਿਆ ਹੈ। ਉਨ੍ਹਾ ਕਿਹਾ ਕਿ ਉਹ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਤੇ ਉਨ੍ਹਾਂ ਦੀਆਂ ਸਮੱਸਿਆਵਾਂ 'ਆਪ' ਸਰਕਾਰ ਦੇ ਧਿਆਨ ਵਿੱਚ ਲਿਆ ਕੇ ਹਮੇਸ਼ਾ ਉਨ੍ਹਾਂ ਦੇ ਹੱਲ ਲਈ ਯਤਨਸ਼ੀਲ ਰਹਿਣਗੇ। ਉਕਤ ਆਗੂਆਂ ਦੀ ਨਿਯੁਕਤੀ ਦਾ 'ਆਪ' ਆਗੂ ਮੋਹਿਤ ਕੁੰਦਰਾ, ਸੁਖਵਿੰਦਰ ਸਿੰਘ ਗਿੱਲ, ਜਗਮੀਤ ਸਿੰਘ ਮੱਕੜ, ਆੜ੍ਹਤੀ ਰਾਜੀਵ ਕੌਸ਼ਲ, ਨਰਿੰਦਰ ਸਿੰਘ ਮੱਕੜ, ਪ੍ਰਿੰਸ ਮਿੱਠੇਵਾਲ, ਦਲੀਪ ਸਿੰਘ ਮੱਲ੍ਹੀ, ਪ੍ਰਵੀਨ ਮੱਕੜ, ਬਲਵਿੰਦਰ ਸਿੰਘ ਮਾਨ ਆਦਿ ਨੇ ਸਵਾਗਤ ਕੀਤਾ।

## ਕ੍ਰਿਸ਼ਨਾ ਕਾਲਜ ਰੱਲੀ ਦੇ ਵਿਦਿਆਰਥੀਆਂ ਦਾ ਸਨਮਾਨ



**ਬਰੇਟਾ (ਗੋਬਿੰਦ ਸ਼ਰਮਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਤ ਕ੍ਰਿਸ਼ਨਾ ਕਾਲਜ ਆਫ ਹਾਇਰ ਐਜੂਕੇਸ਼ਨ ਰੱਲੀ ਦੇ ਵਿਦਿਆਰਥੀ ਅਕਾਦਮਿਕ ਪ੍ਰਾਪਤੀਆਂ ਦੇ ਨਾਲ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਵੀ ਲਗਾਤਾਰ ਸ਼ਾਨਦਾਰ ਪ੍ਰਾਪਤੀਆਂ ਹਾਸਲ ਕਰ ਰਹੇ ਹਨ। ਪਿਛਲੇ ਦਿਨੀਂ ਆਲ ਇੰਡੀਆ ਇੰਟਰ ਯੂਨੀਵਰਸਿਟੀ ਬਾਕਸਿੰਗ ਚੈਂਪੀਅਨਸ਼ਿਪ, ਜੋ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਵਿਖੇ ਹੋਈ ਹੈ, ਵਿੱਚ ਬੀ. ਏ. ਭਾਗ ਪਹਿਲਾ ਦੀ ਵਿਦਿਆਰਥਣ ਅੰਜਲੀ ਸਪੁੱਤਰੀ ਰਾਜਵੀਰ ਸਿੰਘ ਨੇ ਕਾਂਸ਼ੀ ਦਾ ਤਮਗਾ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਹੀ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਬੀ. ਲਿਬ. ਦੇ ਵਿਦਿਆਰਥੀ ਅਮ੍ਰਿਤਪਾਲ ਸਿੰਘ ਸਪੁੱਤਰ ਸੁਖਵਿੰਦਰ ਸਿੰਘ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਹਰਕੀਰਤ ਸਿੰਘ ਸਪੁੱਤਰ ਸ੍ਰੀ ਅਵਤਾਰ ਸਿੰਘ ਨੇ ਵੀ ਏਅਰ ਰਾਈਫਲ ਸ਼ੂਟਿੰਗ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ। ਇਨ੍ਹਾਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਮੁੱਖ ਰੱਖਦੇ ਹੋਏ ਗਣਤੰਤਰ ਦਿਵਸ 'ਤੇ ਐੱਸ.ਡੀ.ਐੱਮ. ਸ੍ਰੀ ਗਗਨਦੀਪ ਸਿੰਘ ਵੱਲੋਂ ਇਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਕਾਲਜ ਪਹੁੰਚਣ 'ਤੇ ਇਨ੍ਹਾਂ ਵਿਦਿਆਰਥੀਆਂ ਨੂੰ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਕਮਲ ਸਿੰਗਲਾ, ਚੇਅਰਪਰਸਨ ਸੁਖਵਿੰਦਰ ਸਿੰਘ ਚਹਿਲ, ਸਕੱਤਰ ਸੱਤਪਾਲ ਸਿੰਘ ਚਹਿਲ, ਪ੍ਰਧਾਨ ਡਾਕਟਰ ਵਿਜੈ ਸਿੰਗਲਾ ਵੱਲੋਂ ਵੀ ਸਵਾਗਤ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਮੱਲ੍ਹੀ ਨੇ ਵੀ ਇਨ੍ਹਾਂ ਵਿਦਿਆਰਥੀਆਂ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ, ਕਾਲਜ ਦੇ ਖੇਡ ਵਿਭਾਗ ਦੇ ਮੁਖੀ ਸਹਾਇਕ ਪ੍ਰੋਫੈਸਰ ਕੁਲਦੀਪ ਸਿੰਘ ਮਾਨ ਨੇ ਦੱਸਿਆ ਕਿ ਖੇਡ ਵਿਭਾਗ ਦੇ ਵਿਦਿਆਰਥੀ ਬਹੁਤ ਹੀ ਮਿਹਨਤੀ ਹਨ, ਜੋ ਵੱਖ-ਵੱਖ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕਾਲਜ ਦਾ ਨਾਮ ਰੌਸ਼ਨ ਕਰਦੇ ਹਨ।

## ਪ੍ਰੈੱਸ ਕਲੱਬ ਮੈਂਬਰਾਂ ਵੱਲੋਂ ਡੀ ਐੱਸ ਪੀ ਅਤੁਲ ਸੋਨੀ ਦਾ ਸਵਾਗਤ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਦੀ ਗੁਰੂ ਹਰਸਹਾਏ ਪ੍ਰੈੱਸ ਕਲੱਬ (ਰਜਿ.) ਦੇ ਸਮੂਹ ਮੈਂਬਰਾਂ ਵੱਲੋਂ ਯੂਨੀਅਨ ਦੇ ਪ੍ਰਧਾਨ ਕਪਿਲ ਕੰਧਾਰੀ ਦੀ ਅਗਵਾਈ ਹੇਠ ਡੀ ਐੱਸ ਪੀ ਦਫਤਰ ਵਿਖੇ ਪਹੁੰਚ ਕੇ ਨਵੇਂ ਆਏ ਡੀ ਐੱਸ ਪੀ ਅਤੁਲ ਸੋਨੀ ਨੂੰ ਗੁਲਦਸਤਾ ਭੇਟ ਕਰਕੇ ਅਤੇ ਮੂੰਹ ਮਿੱਠਾ ਕਰਵਾ ਕੇ ਉਨ੍ਹਾ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਦੀ ਗੁਰੂ ਹਰਸਹਾਏ ਪ੍ਰੈੱਸ ਕਲੱਬ ਦੇ ਪ੍ਰਧਾਨ ਕਪਿਲ ਕੰਧਾਰੀ, ਚੇਅਰਮੈਨ ਸੁਨੀਲ ਵਿੱਕੀ ਆਂਵਲਾ, ਸਰਪ੍ਰਸਤ ਫਕੀਰ ਚੰਦ ਸਿਕਰੀ, ਉੱਪ ਪ੍ਰਧਾਨ ਮਨਜੀਤ ਸਉਣਾ, ਮਨੀਸ਼ ਪਿੰਡੀ, ਸੁਰਿੰਦਰ ਹਾਂਡਾ, ਰਜਿੰਦਰ ਕੰਬੋਜ, ਗਗਨ ਮੱਕੜ ਸੈਕਟਰੀ, ਜੀਵਨ ਜੋਤ ਕੌਰ, ਬਲਜਿੰਦਰ ਹਾਂਡਾ ਕੈਸ਼ੀਅਰ ਵੱਲੋਂ ਜਿੱਥੇ ਗੁਰੂ ਹਰਸਹਾਏ ਵਿਖੇ ਨਵੇਂ ਆਏ ਡੀ ਐੱਸ ਪੀ ਦਾ ਨਿੱਘਾ ਸਵਾਗਤ ਕੀਤਾ, ਉੱਥੇ ਹੀ ਉਨ੍ਹਾਂ ਸ਼ਹਿਰ ਦੀਆਂ ਅਨੇਕ ਸਮੱਸਿਆਵਾਂ ਸਬੰਧੀ ਉਨ੍ਹਾਂ ਨੂੰ ਦੱਸਿਆ। ਇਸ ਮੌਕੇ ਡੀ ਐੱਸ ਪੀ ਅਤੁਲ ਸੋਨੀ ਨੇ ਪੱਤਰਕਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਗੁਰੂ ਹਰਸਹਾਏ ਦੀ ਪਬਲਿਕ ਦੇ ਸਹਿਯੋਗ ਦੇ ਨਾਲ ਉਹ ਜਲਦ ਤੋਂ ਜਲਦ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕਰ ਦੇਣਗੇ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਨਸ਼ੇ ਦਾ ਵਪਾਰ ਕਰਨ ਵਾਲੇ ਨਸ਼ਾ ਸਮੱਗਲਰ ਸਬੰਧੀ ਪਤਾ ਲੱਗੇ ਤਾਂ ਉਹ ਤੁਰੰਤ ਉਨ੍ਹਾਂ ਨੂੰ ਸੂਚਿਤ ਕਰਨ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਤੇ ਸ੍ਰੀ ਦੁਰਗਾ ਸੇਵਾ ਦਲ ਨੇ ਲੋੜਵੰਦਾਂ ਨੂੰ ਕੰਬਲ ਤੇ ਕੱਪੜੇ ਵੰਡੇ



**ਸੰਗਰੂਰ (ਪ੍ਰਵੀਨ ਸਿੰਘ)**-ਸਿਵਲ ਹਸਪਤਾਲ ਸੰਗਰੂਰ ਦੇ ਲੰਗਰ ਭਵਨ ਵਿਖੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. (ਪ੍ਰੋ) ਐੱਸ. ਪੀ. ਸਿੰਘ ਓਬਰਾਏ ਵੱਲੋਂ ਭੇਜੇ ਆਰਥਕ ਤੌਰ 'ਤੇ ਕਮਜ਼ੋਰ ਤੇ ਲੋੜਵੰਦਾਂ ਨੂੰ ਕੰਬਲ ਤੇ ਉਥੇ ਹੀ ਸ੍ਰੀ ਦੁਰਗਾ ਸੇਵਾ ਦਲ ਵੱਲੋਂ ਬੱਚਿਆਂ ਨੂੰ ਕੱਪੜੇ ਵੰਡੇ ਗਏ। ਇਹ ਸਾਦਾ ਸਮਾਗਮ ਸ੍ਰੀ ਦੁਰਗਾ ਸੇਵਾ ਦਲ ਵੱਲੋਂ ਚਲਾਏ ਜਾ ਰਹੇ ਲੰਗਰ ਹਾਲ ਵਿਖੇ ਸ. ਸੁਖਮਿੰਦਰ ਸਿੰਘ ਹਰਮਨ ਤੇ ਸ੍ਰੀ ਅਰੂਪ ਸਿੰਗਲਾ ਦੀ ਅਗਵਾਈ ਹੇਠ 80 ਗਰਮ ਕੰਬਲ ਤੇ ਇੰਨੇ ਹੀ ਬੱਚਿਆਂ ਨੂੰ ਕੱਪੜੇ, ਟੋਪੀਆਂ ਆਦਿ ਵੰਡੇ ਗਏ। ਇਸ ਸਮੇਂ ਸ੍ਰ. ਸੁਖਮਿੰਦਰ ਸਿੰਘ ਹਰਮਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾ. (ਪ੍ਰੋ) ਐੱਸ. ਪੀ. ਸਿੰਘ ਓਬਰਾਏ ਵੱਲੋਂ ਭੇਜੇ ਗਏ ਕੰਬਲ 3 ਦਿਨ ਪਹਿਲਾਂ ਵੀ ਸੰਸਥਾ ਦੇ ਦਫਤਰ ਵਿਖੇ ਲੋੜਵੰਦ 70 ਦੇ ਕਰੀਬ ਕੰਬਲ ਹੋਟਲ ਹਰਮਨ ਵਿਖੇ ਵੰਡੇ ਸਨ। ਅੱਜ ਦੂਸਰੀ ਵਾਰ ਸ੍ਰੀ ਦੁਰਗਾ ਸੇਵਾ ਦਲ ਦੇ ਦਫਤਰ ਵਿਖੇ ਰੱਖੇ ਸਮਾਗਮ ਵਿੱਚ ਲੋੜਵੰਦਾਂ ਨੂੰ ਕੰਬਲ ਵੰਡੇ। ਸ੍ਰੀ ਦੁਰਗਾ ਸੇਵਾ ਦਲ ਦੇ ਪ੍ਰਧਾਨ ਅਰੂਪ ਸਿੰਗਲਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਆਰਥਕ ਤੌਰ 'ਤੇ ਕਮਜ਼ੋਰ ਬੱਚਿਆਂ ਨੂੰ ਸਰਦੀ ਤੋਂ ਬਚਾਉਣ ਲਈ ਕੱਪੜੇ, ਟੋਪੀਆਂ ਆਦਿ ਪਹਿਲਾਂ ਵੀ ਵੰਡੀਆਂ ਗਈਆਂ ਹਨ ਤੇ ਅੱਜ ਵੀ ਜਿਹੜੇ ਪਰਿਵਾਰ ਕੰਬਲ ਲੈਣ ਲਈ ਇਥੇ ਆਏ ਸਨ, ਉਨ੍ਹਾਂ ਨਾਲ ਆਏ ਬੱਚਿਆਂ ਨੂੰ ਕੱਪੜੇ ਵੰਡੇ ਗਏ। ਇਸ ਸਮੇਂ ਹੋਰਨਾਂ ਤੋਂ ਇਲਾਵਾ ਹਰਮੇਲ ਸਿੰਘ ਲੱਡਾ, ਕੁਲਵੰਤ ਸਿੰਘ ਬਾਜਵਾ, ਫਤਿਹ ਪ੍ਰਭਾਕਰ, ਓਮ ਪ੍ਰਕਾਸ਼ ਗਰੋਵਰ, ਮੈਡਮ ਸੰਤੋਸ਼, ਰਾਣੀ ਸਿੰਗਲਾ, ਮੈਡਮ ਰਮਨ ਗੋਇਲ, ਡਿੰਪਲ ਜਿੰਦਲ, ਗੁਰਮੀਤ ਸਿੰਘ, ਬਲਦੇਵ ਰਾਜ, ਪਵਨ ਕੁਮਾਰ, ਪ੍ਰਿੰਸ ਪਾਠਕ, ਸੋਮ ਨਾਥ, ਪਵਨ ਕੁਮਾਰ, ਦੇਵ ਰਾਜ ਤੇ ਹੋਰ ਮੈਂਬਰ ਹਾਜ਼ਰ ਸਨ।

## ਗਣਤੰਤਰਤਾ ਦਿਵਸ ਮੌਕੇ ਤਿਰੰਗਾ ਲਹਿਰਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਵਾਰਡ ਨੰ. 2 ਵਿੱਚ ਚਰਚ ਨੇੜੇ ਗਣਤੰਤਰਤਾ ਦਿਵਸ ਮਨਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਜੇ. ਪੀ. ਸਿੰਘ ਮੱਕੜ ਤੇ ਸਾਬਕਾ ਪ੍ਰਧਾਨ ਸੁਰਿੰਦਰ ਕੁਮਾਰ ਕੁੰਦਰਾ ਨੇ ਤਿਰੰਗਾ ਝੰਡਾ ਲਹਿਰਾਇਆ। ਉਕਤ ਆਗੂਆਂ ਨੇ ਇਸ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਜੀ ਨੇ ਸੰਵਿਧਾਨ ਦੀ ਰਚਨਾ ਕਰ ਸਾਨੂੰ ਸਭ ਨੂੰ ਬਰਾਬਰ ਦੇ ਹੱਕ ਦਿੱਤੇ। ਇਸ ਮੌਕੇ ਕਰਮਜੀਤ ਸਿੰਘ, ਹਰੀ ਪਾਲ, ਸਤੀਸ਼ ਲੁਧਿਆਣਾ, ਕੁਲਵਿੰਦਰਜੀਤ ਕੌਰ ਲੁਧਿਆਣਾ (ਸਾਰੇ ਪਾਸਟਰ), ਬਲਵਿੰਦਰ ਕੌਰ, ਤ੍ਰਿਪਤਾ, ਆਸ਼ਾ ਗੜ੍ਹੀ ਤਰਖਾਣਾ, ਦਵਿੰਦਰ ਸਿੰਘ, ਲਾਲੀ ਮਾਛੀਵਾੜਾ, ਗੁਰਪ੍ਰੀਤ ਬਬਲਾ ਮੌਜੂਦ ਸਨ।

# ਗਣਤੰਤਰ ਦਿਵਸ ਦੀ ਮਹੱਤਤਾ ਬਾਰੇ ਜਾਣਦਿਆਂ ਡਾ. ਅੰਬੇਡਕਰ ਦਾ ਧੰਨਵਾਦ ਕਰਨਾ ਜ਼ਰੂਰੀ : ਕਿੱਟੂ ਅਹੂਜਾ



**ਕੋਟਕਪੂਰਾ (ਰਛਪਾਲ ਭੁੱਲਰ)**-ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਵੱਲੋਂ ਗੋਦ ਲਏ ਗਏ ਸਥਾਨਕ ਵਾਰਡ ਨੰਬਰ 9 ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿੱਚ ਮਨਾਏ ਗਏ 75ਵੇਂ ਗਣਤੰਤਰ ਦਿਵਸ ਦੌਰਾਨ ਝੰਡਾ ਲਹਿਰਾਉਣ ਦੀ ਰਸਮ ਮੁੱਖ ਮਹਿਮਾਨ ਵਜੋਂ ਪੁੱਜੇ ਸਮਾਜਸੇਵੀ ਗੁਰਿੰਦਰ ਸਿੰਘ ਮਹਿੰਦੀਰੱਤਾ ਤੇ ਕਲੱਬ ਦੇ ਫਸਟ ਵਾਈਸ ਪ੍ਰਧਾਨ ਸੰਜੀਵ ਰਾਏ ਕਿੱਟੂ ਅਹੂਜਾ ਨੇ ਸਾਂਝੇ ਤੌਰ 'ਤੇ ਨਿਭਾਈ। ਪੀ ਆਰ ਓ ਅਸ਼ੋਕ ਸੇਠੀ ਮੁਤਾਬਿਕ ਗਣਤੰਤਰ ਦਿਵਸ ਦੀ ਮਹੱਤਤਾ ਬਾਰੇ ਅੰਕੜਿਆਂ ਸਹਿਤ ਦਲੀਲਾਂ ਦੇ ਕੇ ਮੁੱਖ ਮਹਿਮਾਨ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਅੱਜ ਦੇਸ਼ ਦੇ ਹਾਲਾਤ ਬਹੁਤੇ ਸੁਖਾਵੇਂ ਨਹੀਂ ਰਹੇ, ਜਿਸ ਕਰਕੇ ਬੱਚੇ ਵਿਦੇਸ਼ ਜਾਣ ਨੂੰ ਤਰਜੀਹ ਦੇ ਰਹੇ ਹਨ, ਇਸ ਲਈ ਅਸੀਂ ਖੁਦ ਜ਼ਿੰਮੇਵਾਰ ਹਾਂ। ਸੰਜੀਵ ਰਾਏ ਕਿੱਟੂ ਅਹੂਜਾ ਨੇ ਡਾ. ਭੀਮ ਰਾਓ ਅੰਬੇਡਕਰ ਵੱਲੋਂ ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਤੇ ਸਾਨੂੰ ਵੋਟ ਦਾ ਅਧਿਕਾਰੀ ਬਣਾਉਣ ਬਾਰੇ ਵਿਸਥਾਰ ਵਿੱਚ ਚਾਨਣਾ ਪਾਇਆ। ਉਨ੍ਹਾ ਕਿਹਾ ਕਿ ਗਣਤੰਤਰ ਦਿਵਸ ਦੀ ਮਹੱਤਤਾ ਬਾਰੇ ਜਾਣਦਿਆਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਧੰਨਵਾਦ ਕਰਨਾ ਜ਼ਰੂਰੀ ਬਣਦਾ ਹੈ, ਜਿਨ੍ਹਾਂ ਦੀ ਸਖਤ ਮਿਹਨਤ ਸਦਕਾ ਇਹ ਸੰਵਿਧਾਨ ਪ੍ਰਾਪਤ ਹੋਇਆ ਹੈ। ਇਸ ਮੌਕੇ ਦੇਸ਼ ਭਗਤੀ ਦੀਆਂ ਵੱਖ ਵੱਖ ਕੋਰੀਓਗ੍ਰਾਫੀਆਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਕਰਨ ਵਾਲੇ ਬੱਚਿਆਂ ਨੂੰ ਸੁਰਜੀਤ ਸਿੰਘ ਘੁਲਿਆਣੀ, ਮਨਜੀਤ ਸਿੰਘ ਲਵਲੀ, ਬੀਰਇੰਦਰਪਾਲ ਸ਼ਰਮਾ, ਅਸ਼ੋਕ ਬਾਂਸਲ ਆਦਿ ਨੇ ਕਲੱਬ ਵੱਲੋਂ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ। ਸਕੂਲ ਮੁਖੀ ਮਨਜੀਤ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ, ਕਲੱਬ ਵੱਲੋਂ ਬੱਚਿਆਂ ਨੂੰ ਬਿਸਕੁਟਾਂ ਦੇ ਪੈਕੇਟ ਨਾਲ ਦੁੱਧ ਛਕਾਇਆ ਗਿਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਮੈਡਮ ਕੰਵਲ ਰਾਣੀ, ਜੀਵਨ ਜੋਤੀ ਅਰੋੜਾ, ਸਿਮਰਜੀਤ ਕੌਰ, ਸੀਤਾ ਦੇਵੀ, ਪ੍ਰਿਯਾਨ ਕੌਰ, ਸੰਦੀਪ ਕੌਰ, ਸੋਨੀਆ ਆਦਿ ਹਾਜ਼ਰ ਸਨ।

# ਡਾ: ਕੁਲਵੰਤ ਰਾਏ ਪੰਡੋਰੀ ਨਮਿਤ ਯਾਦਗਾਰੀ ਸਮਾਗਮ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਮਹਿਲ ਕਲਾਂ ਪੰਡੋਰੀ ਗਰੁੱਪ ਵੱਲੋਂ ਸਵ: ਡਾ: ਕੁਲਵੰਤ ਰਾਏ ਪੰਡੋਰੀ ਨਮਿਤ ਯਾਦਗਾਰੀ ਸਮਾਗਮ ਪ੍ਰਧਾਨ ਦਲਬਾਰ ਸਿੰਘ ਤੇ ਚੇਅਰਮੈਨ ਕੇਸਰ ਖਾਨ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਨੌਜਵਾਨ ਆਗੂ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੁਲਵੰਤ ਰਾਏ ਪੰਡੋਰੀ ਨੇ ਲੋਕ ਪੱਖੀ ਵਿਚਾਰਧਾਰਾ 'ਤੇ ਪਹਿਰਾ ਦਿੰਦਿਆਂ ਸਰਕਾਰਾਂ ਵੱਲੋਂ ਗਰੀਬਾਂ ਤੇ ਮਜ਼ਲੂਮਾਂ 'ਤੇ ਹੋ ਰਹੇ ਧੱਕੇ ਖਿਲਾਫ ਸੰਘਰਸ਼ ਕੀਤਾ ਤੇ ਇਨਕਲਾਬੀ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਇਆ। ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਡਾ: ਰਾਜਿੰਦਰ ਕੁਮਾਰ ਨੇ ਡਾ: ਪੰਡੋਰੀ ਵੱਲੋਂ ਲੋਕ ਪੱਖੀ ਸੰਘਰਸ਼ਾਂ 'ਚ ਮੋਹਰੀ ਹੋ ਕੇ ਨਿਭਾਈਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ। ਭਾਕਿਯੂ ਡਕੌਂਦਾ ਦੇ ਜ਼ਿਲ੍ਹਾ ਆਗੂ ਜਗਰਾਜ ਸਿੰਘ ਹਰਦਾਸਪੁਰਾ ਨੇ ਡਾ: ਕੁਲਵੰਤ ਰਾਏ ਨਾਲ ਬੀਤੇ ਪਲਾਂ ਨੂੰ ਸਾਂਝਾ ਕੀਤਾ। ਸਰਪ੍ਰਸਤ ਅਮਰਜੀਤ ਸਿੰਘ ਕਾਲਸਾਂ ਨੇ ਕਿਹਾ ਕਿ ਡਾ: ਕੁਲਵੰਤ ਪੰਡੋਰੀ ਨੇ 1995 'ਚ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦਾ ਗਠਨ ਕੀਤਾ, ਜੋ ਅੱਜ ਵੀ ਹੱਕਾਂ ਦੀ ਪ੍ਰਾਪਤੀ ਲਈ ਜੱਦੋ ਜਹਿਦ ਕਰ ਰਹੀ ਹੈ। ਡਾ: ਸੁਖਵਿੰਦਰ ਸਿੰਘ ਠੀਕਰੀਵਾਲ, ਕਿਸਾਨ ਆਗੂ ਪਵਿੱਤਰ ਸਿੰਘ ਲਾਲੀ ਨੇ ਕਿਹਾ ਕਿ ਉਨ੍ਹਾਂ ਕਿਸਾਨੀ ਤੇ ਮਜ਼ਦੂਰ ਸੰਘਰਸ਼ਾਂ ਵਿੱਚ ਵੱਡਾ ਯੋਗਦਾਨ ਪਾਇਆ। ਸਟੇਜ ਦੀ ਜ਼ਿੰਮੇਵਾਰੀ ਨਿਰਭੈ ਸਿੰਘ ਨਿਹਾਲੂਵਾਲ ਵੱਲੋਂ ਬਾਖੂਬੀ ਨਿਭਾਈ ਗਈ। ਡਾ: ਅਮਰਜੀਤ ਸਿੰਘ ਮਹਿਲ ਕਲਾਂ ਨੇ ਸ਼ਾਮਲ ਵੱਖ ਵੱਖ ਆਗੂਆਂ ਦਾ ਧੰਨਵਾਦ ਕੀਤਾ। ਪ੍ਰਬੰਧਕਾਂ ਵੱਲੋਂ ਡਾ: ਕੁਲਵੰਤ ਰਾਏ ਪੰਡੋਰੀ ਦੀ ਪਤਨੀ ਅੰਗੂਰੀ ਦੇਵੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਭੋਲਾ ਖਾਨ, ਮਾਸਟਰ ਅਜਮੇਰ ਸਿੰਘ ਵੱਲੋਂ ਲੋਕ ਪੱਖੀ ਗੀਤ ਪੇਸ਼ ਕੀਤੇ ਗਏ। ਇਸ ਸਮੇਂ ਬੇਅੰਤ ਸਿੰਘ ਮੂੰਮ, ਮੇਜਰ ਛਾਪਾ, ਕੇਵਲ ਸਿੰਘ ਜਲਾਲਦੀਵਾਲ, ਹਰੀ ਸਿੰਘ ਮੂੰਮ, ਜਸਵੰਤ ਸਿੰਘ ਛੀਨੀਵਾਲ, ਬਾਰੂ ਮੁਹੰਮਦ, ਗੁਰਚਰਨ ਸਿੰਘ ਰਾਜਗੜ੍ਹ, ਬਚਿੱਤਰ ਸਿੰਘ ਰਾਜਗੜ੍ਹ, ਬਲਵੀਰ ਸਿੰਘ ਗੋਬਿੰਦਗੜ੍ਹ, ਜੰਗ ਬਹਾਦਰ, ਗੁਰਮੀਤ ਸਿੰਘ ਗਹਿਲ, ਸੁਖਵਿੰਦਰ ਸਿੰਘ ਜਲਾਲਦੀਵਾਲ, ਬਲਵਿੰਦਰ ਸਿੰਘ, ਪਰਮਜੀਤ ਸਿੰਘ ਛਾਪਾ, ਰਵੇਲ ਸਿੰਘ ਗੁੰਮਟੀ, ਸੁਖਪਾਲ ਸਿੰਘ ਰਾਏਸਰ, ਅਮ੍ਰਿਤਪਾਲ ਸਿੰਘ, ਇੰਦਰਜੀਤ ਸਿੰਘ ਸੋਹੀਆਂ, ਸੋਮ ਨਾਥ ਰਾਏਸਰ ਆਦਿ ਹਾਜ਼ਰ ਸਨ।

## ਪਾਲੀ ਵਾਲਾ 'ਚ ਕ੍ਰਿਕਟ ਟੂਰਨਾਮੈਂਟ ਕਰਵਾਇਆ



**ਜਲਾਲਾਬਾਦ (ਜੀਤ ਕੁਮਾਰ)**-ਹਲਕੇ ਦੇ ਪਿੰਡ ਪਾਲੀ ਵਾਲਾ 'ਚ ਨੌਜਵਾਨਾਂ ਵੱਲੋਂ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਟੂਰਨਾਮੈਂਟ ਦੌਰਾਨ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਖਿਡਾਰੀਆਂ ਨਾਲ ਜਾਣ ਪਹਿਚਾਣ ਕਰਦੇ ਹੋਏ ਮੈਚ ਦਾ ਆਨੰਦ ਲਿਆ। ਇਸ ਮੌਕੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਪਿੰਡ ਦੀ ਯੂਥ ਟੀਮ ਨੂੰ ਮੁਬਾਰਕਾਂ ਦਿੰਦੇ ਹੋਏ ਕਿਹਾ ਕਿ ਇਸ ਤਰ੍ਹਾਂ ਨੌਜਵਾਨ ਅਜਿਹੇ ਉਪਰਾਲੇ ਕਰਨ ਲਈ ਅੱਗੇ ਆਉਣ ਤਾਂ ਕਿ ਮੇਲੇ ਲੱਗਦੇ ਰਹਿਣ। ਵਿਧਾਇਕ ਨੇ ਨੌਜਵਾਨਾਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਖੇਡਾਂ ਇੱਕ ਅਜਿਹਾ ਸਰਮਾਇਆ ਹਨ, ਜਿਹੜਾ ਕਿ ਤੁਹਾਨੂੰ ਆਪਣੀ ਮੰਜ਼ਿਲ ਤੱਕ ਪਹੁੰਚਾ ਸਕਦੀਆਂ ਹਨ। ਇਸ ਮੌਕੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਖੇਡਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪਿੰਡਾਂ 'ਚ ਖੇਡ ਸਟੇਡੀਅਮ ਬਣਵਾ ਕੇ ਦਿੱਤੇ ਜਾ ਰਹੇ ਹਨ ਤਾਂ ਕਿ ਨੌਜਵਾਨ ਪੀੜ੍ਹੀ ਨਸ਼ੇ ਛੱਡ ਕੇ ਖੇਡਾਂ ਵੱਲ ਉਤਸ਼ਾਹਤ ਹੋ ਸਕੇ। ਉਨ੍ਹਾ ਕਿਹਾ ਕਿ ਅਜਿਹੇ ਮੇਲੇ ਕਰਵਾਉਣ ਨਾਲ ਜਿੱਥੇ ਸਾਡੀ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਹੈ ਅਤੇ ਨਾਲ ਨੌਜਵਾਨ ਮੇਲਿਆਂ 'ਚ ਹੋਣ ਵਾਲੇ ਕ੍ਰਿਕਟ ਤੇ ਹੋਰ ਖੇਡਾਂ ਦੇ ਮੁਕਾਬਲਿਆਂ ਤੋਂ ਖੇਡ ਵੱਲ ਪ੍ਰੇਰਿਤ ਹੁੰਦੇ ਹਨ ਅਤੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਪਿੰਡ ਪਿੰਡ ਪੱਧਰ 'ਤੇ ਅਜਿਹੇ ਉਪਰਾਲੇ ਕਰਵਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਕ੍ਰਿਕਟ ਟੂਰਨਾਮੈਂਟ 'ਚ ਹਿੱਸਾ ਲੈਣ ਵਾਲਿਆਂ ਜੇਤੂ ਟੀਮਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਉਨ੍ਹਾ ਨਾਲ ਮਾਰਕਿਟ ਕਮੇਟੀ ਜਲਾਲਾਬਾਦ ਦੇ ਚੇਅਰਮੈਨ ਦੇਵ ਰਾਜ ਸ਼ਰਮਾ, ਅੰਕੁਸ਼ ਮੁਟਨੇਜਾ ਤੇ ਹੋਰ ਵੀ ਪਤਵੰਤੇ ਸੱਜਣ ਤੇ ਪਿੰਡ ਦੀ ਯੂਥ ਕਲੱਬ ਦੇ ਅਹੁਦੇਦਾਰ ਤੇ ਪਿੰਡ ਵਾਸੀ ਹਾਜ਼ਰ ਸਨ।

30-JAN-PAGE-1.qxd 1/29/2024 8:35 PM Page 1

ਮੰਗਲਵਾਰ, 30 ਜਨਵਰੀ, 2024
17 ਮਾਘ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 240

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • TUESDAY, 30 JANUARY, 2024 ਜਲੰਧਰ
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

## ਰਾਜ ਸਭਾ ਦੀਆਂ 56 ਸੀਟਾਂ ਲਈ ਚੋਣਾਂ 27 ਨੂੰ

**ਨਵੀਂ ਦਿੱਲੀ** : ਚੋਣ ਕਮਿਸ਼ਨ ਨੇ ਸੋਮਵਾਰ ਕਿਹਾ ਕਿ ਰਾਜ ਸਭਾ ਦੀਆਂ 15 ਰਾਜਾਂ ਦੀਆਂ 56 ਸੀਟਾਂ ਭਰਨ ਲਈ ਚੋਣਾਂ 27 ਫਰਵਰੀ ਨੂੰ ਹੋਣਗੀਆਂ। ਚੋਣ ਕਮਿਸ਼ਨ ਨੇ ਕਿਹਾ ਕਿ 50 ਮੈਂਬਰ 2 ਅਪਰੈਲ ਨੂੰ ਤੇ ਛੇ 3 ਅਪਰੈਲ ਨੂੰ ਸੇਵਾਮੁਕਤ ਹੋ ਰਹੇ ਹਨ, ਜਿਨ੍ਹਾਂ ਰਾਜਾਂ ਤੋਂ ਮੈਂਬਰ ਸੇਵਾਮੁਕਤ ਹੋ ਰਹੇ ਹਨ, ਉਨ੍ਹਾਂ 'ਚ ਆਂਧਰਾ (3), ਬਿਹਾਰ (6), ਛੱਤੀਸਗੜ੍ਹ (1), ਗੁਜਰਾਤ (4), ਹਰਿਆਣਾ (1), ਹਿਮਾਚਲ (1), ਕਰਨਾਟਕ (4), ਮੱਧ ਪ੍ਰਦੇਸ਼ (5), ਮਹਾਰਾਸ਼ਟਰ (6), ਤਿਲੰਗਾਨਾ (3), ਯੂ ਪੀ (10), ਉੱਤਰਾਖੰਡ (1), ਪੱਛਮੀ ਬੰਗਾਲ (5), ਓਡੀਸ਼ਾ (3) ਅਤੇ ਰਾਜਸਥਾਨ (3) ਸ਼ਾਮਲ ਹਨ।

## 450 ਵਾਹਨ ਸੜ ਗਏ

**ਨਵੀਂ ਦਿੱਲੀ** : ਸੋਮਵਾਰ ਤੜਕੇ ਦਿੱਲੀ ਪੁਲਸ ਦੇ ਵਜ਼ੀਰਾਬਾਦ ਦੇ ਮਾਲਖਾਨੇ 'ਚ ਘੱਟੋ-ਘੱਟ 450 ਵਾਹਨ ਅੱਗ ਨਾਲ ਤਬਾਹ ਹੋ ਗਏ। ਤੜਕੇ 4 ਵਜੇ ਲੱਗੀ ਅੱਗ ਨੂੰ ਬੁਝਾਉਣ ਲਈ ਦੋ ਘੰਟੇ ਲੱਗ ਗਏ। ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ 200 ਚਾਰ ਪਹੀਆ ਵਾਹਨ ਅਤੇ 250 ਦੋਪਹੀਆ ਵਾਹਨ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ।

## ਜਵਾਬ ਦੇਵਾਂਗੇ : ਬਾਇਡਨ

**ਕੋਲੰਬੀਆ (ਅਮਰੀਕਾ)** : ਜਾਰਡਨ 'ਚ ਈਰਾਨ ਸਮਰਥਕ ਗਰੁੱਪ ਵੱਲੋਂ ਕੀਤੇ ਡਰੋਨ ਹਮਲੇ 'ਚ ਤਿੰਨ ਅਮਰੀਕੀ ਫੌਜੀਆਂ ਦੀ ਮੌਤ ਅਤੇ 34 ਫੌਜੀਆਂ ਦੇ ਜ਼ਖਮੀ ਹੋਣ ਤੋਂ ਨਾਰਾਜ਼ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਹੈ ਕਿ ਅਮਰੀਕਾ ਇਸ ਦਾ ਜਵਾਬ ਦੇਵੇਗਾ। ਬਾਇਡਨ ਨੇ ਇਜ਼ਰਾਈਲ-ਹਮਾਸ ਯੁੱਧ ਦੀ ਸ਼ੁਰੂਆਤ ਤੋਂ ਬਾਅਦ ਮੱਧ ਪੂਰਬ 'ਚ ਅਮਰੀਕੀ ਬਲਾਂ ਵਿਰੁੱਧ ਅਜਿਹੇ ਗਰੁੱਪਾਂ ਵੱਲੋਂ ਮਹੀਨਿਆਂ ਤੋਂ ਜਾਰੀ ਹਮਲਿਆਂ 'ਚ ਪਹਿਲੀ ਵਾਰ ਅਮਰੀਕੀ ਫੌਜੀ ਮੌਤਾਂ ਲਈ ਈਰਾਨ-ਸਮਰਥਕ ਬਾਗੀਆਂ ਨੂੰ ਜ਼ਿੰਮੇਵਾਰ ਠਹਿਰਾਇਆ।

## ਲਾਲੂ ਈ ਡੀ ਦਫਤਰ 'ਚ ਪੇਸ਼



**ਪਟਨਾ** : ਰਾਜਦ ਪ੍ਰਧਾਨ ਅਤੇ ਸਾਬਕਾ ਰੇਲ ਮੰਤਰੀ ਲਾਲੂ ਪ੍ਰਸਾਦ ਯਾਦਵ ਕਥਿਤ ਜ਼ਮੀਨ ਦੇ ਬਦਲੇ ਨੌਕਰੀ ਘਪਲੇ ਮਾਮਲੇ 'ਚ ਸੋਮਵਾਰ ਪੁੱਛ-ਪੜਤਾਲ ਲਈ ਪਟਨਾ ਸਥਿਤ ਈ ਡੀ ਦੇ ਦਫਤਰ ਪਹੁੰਚੇ। ਲਾਲੂ ਦੇ ਈਡੀ ਦਫਤਰ 'ਚ ਦਾਖਲ ਹੋਣ ਤੋਂ ਬਾਅਦ ਬੇਟੀ ਮੀਸਾ ਭਾਰਤੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ- ਜਦੋਂ ਵੀ ਕੋਈ ਕੇਂਦਰੀ ਜਾਂਚ ਏਜੰਸੀ ਸਾਡੇ ਪਰਵਾਰ ਦੇ ਕਿਸੇ ਮੈਂਬਰ ਨੂੰ ਪੁੱਛ-ਪੜਤਾਲ ਲਈ ਬੁਲਾਉਂਦੀ ਹੈ ਤਾਂ ਅਸੀਂ ਉੱਥੇ ਜਾ ਕੇ ਉਨ੍ਹਾਂ ਨੂੰ ਸਹਿਯੋਗ ਦਿੰਦੇ ਹਾਂ ਅਤੇ ਉਨ੍ਹਾਂ ਦੇ ਸਾਰੇ ਸਵਾਲਾਂ ਦੇ ਜਵਾਬ ਦਿੰਦੇ ਹਾਂ।

## ਕਿਮ ਮਿਜ਼ਾਈਲਾਂ ਦੀ ਪਰਖ ਦੇਖਣ ਪੁੱਜੇ



**ਸਿਓਲ** : ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਨਵੀਂ ਪਣਡੁੱਬੀ ਤੋਂ ਲਾਂਚ ਕੀਤੀਆਂ ਕਰੂਜ਼ ਮਿਜ਼ਾਈਲਾਂ ਦੀ ਪਰਖ ਦੀ ਨਿਗਰਾਨੀ ਕੀਤੀ ਅਤੇ ਪ੍ਰਮਾਣੂ ਸ਼ਕਤੀ ਨਾਲ ਚੱਲਣ ਵਾਲੀਆਂ ਪਣਡੁੱਬੀਆਂ ਬਣਾਉਣ ਦੀਆਂ ਕੋਸ਼ਿਸ਼ਾਂ ਦੀ ਸਮੀਖਿਆ ਵੀ ਕੀਤੀ। ਉਨ੍ਹਾ ਨੇ ਵਧ ਰਹੇ ਬਾਹਰੀ ਖਤਰਿਆਂ ਦਾ ਮੁਕਾਬਲਾ ਕਰਨ ਲਈ ਪ੍ਰਮਾਣੂ ਹਥਿਆਰਬੰਦ ਜਲ ਸੈਨਾ ਬਣਾਉਣ ਦੇ ਆਪਣੇ ਟੀਚੇ ਨੂੰ ਦੁਹਰਾਇਆ। ਇਹ ਰਿਪੋਰਟ ਦੱਖਣੀ ਕੋਰੀਆ ਦੀ ਫੌਜ ਦੇ ਬਿਆਨ ਤੋਂ ਇਕ ਦਿਨ ਬਾਅਦ ਆਈ ਹੈ, ਜਿਸ 'ਚ ਉਸ ਨੇ ਕਿਹਾ ਸੀ ਕਿ ਉਸ ਨੇ ਉੱਤਰੀ ਕੋਰੀਆ 'ਚ ਸ਼ਿੰਪੋ ਪੂਰਬੀ ਬੰਦਰਗਾਹ ਨੇੜੇ ਕਈ ਕਰੂਜ਼ ਮਿਜ਼ਾਈਲਾਂ ਦਾਗਣ ਦਾ ਪਤਾ ਲਗਾਇਆ ਹੈ।

## ਈਰਾਨ ਨੇ ਚਾਰ ਨਾਗਰਿਕ ਜਾਸੂਸੀ ਦੇ ਦੋਸ਼ 'ਚ ਫਾਹੇ ਟੰਗੇ

**ਤਹਿਰਾਨ** : ਈਰਾਨ ਨੇ ਰੱਖਿਆ ਮੰਤਰਾਲੇ ਨਾਲ ਸੰਬੰਧਤ ਫੈਕਟਰੀ ਨੂੰ ਨਿਸ਼ਾਨਾ ਬਣਾਉਣ ਅਤੇ ਇਜ਼ਰਾਈਲ ਦੀ ਖੁਫੀਆ ਏਜੰਸੀ ਮੋਸਾਦ ਲਈ ਕੰਮ ਕਰਨ ਦੇ ਦੋਸ਼ 'ਚ ਚਾਰ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਹੈ। ਇਨ੍ਹਾਂ ਨੂੰ 2022 'ਚ ਇਸਫਹਾਨ ਸ਼ਹਿਰ 'ਚ ਮਿਜ਼ਾਈਲ ਅਤੇ ਰੱਖਿਆ ਉਪਕਰਣਾਂ ਦੀ ਫੈਕਟਰੀ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਚਾਰਾਂ ਦੀ ਪਛਾਣ ਮੁਹੰਮਦ ਫਰਾਮਰਜ਼ੀ, ਮੋਹਸਿਨ ਮਜ਼ਲੂਮ, ਵਫਾ ਅਜ਼ਬਾਰ ਅਤੇ ਪੇਜ਼ਮਾਨ ਫਤੇਹੀ ਵਜੋਂ ਹੋਈ ਹੈ। ਚਾਰੋਂ ਈਰਾਨੀ ਨਾਗਰਿਕ ਸਨ। ਇਹ ਪਤਾ ਨਹੀਂ ਲੱਗਿਆ ਕਿ ਮੌਤ ਦੀ ਸਜ਼ਾ ਕਿਵੇਂ ਦਿੱਤੀ ਗਈ, ਪਰ ਈਰਾਨ 'ਚ ਆਮ ਕਰਕੇ ਫਾਹੇ ਟੰਗ ਦਿੱਤਾ ਜਾਂਦਾ ਹੈ।

## ਕਿਸਾਨਾਂ ਦਾ ਪੈਰਿਸ 'ਚ ਦਾਖਲਾ ਰੋਕਣ ਲਈ 15 ਹਜ਼ਾਰ ਜਵਾਨ ਤਾਇਨਾਤ

**ਪੈਰਿਸ** : ਫਰਾਂਸ ਦੇ ਗ੍ਰਹਿ ਮੰਤਰਾਲੇ ਨੇ ਪੈਰਿਸ ਵੱਲ ਵਧਣ ਦੀ ਨਾਰਾਜ਼ ਕਿਸਾਨਾਂ ਦੀ ਚਿਤਾਵਨੀ ਦੇ ਮੱਦੇਨਜ਼ਰ ਦੇਸ਼ ਦੀ ਰਾਜਧਾਨੀ ਦੇ ਆਲੇ-ਦੁਆਲੇ 15000 ਪੁਲਸ ਅਧਿਕਾਰੀ ਤਾਇਨਾਤ ਕਰ ਦਿੱਤੇ ਹਨ। ਇਸ ਤੋਂ ਪਹਿਲਾਂ ਫਰਾਂਸ ਵਿਚ ਦੋ ਜਲਵਾਯੂ ਕਾਰਕੁਨਾਂ ਨੇ ਲੂਵਰ ਮਿਊਜ਼ੀਅਮ ਵਿਚ 'ਮੋਨਾ ਲੀਜ਼ਾ' ਦੀ ਤਸਵੀਰ ਦੇ ਸਾਹਮਣੇ ਸ਼ੀਸ਼ੇ 'ਤੇ ਸੂਪ ਸੁੱਟਿਆ ਅਤੇ ਸਥਾਈ ਭੋਜਨ ਪ੍ਰਣਾਲੀ ਦੀ ਵਕਾਲਤ ਕਰਦੇ ਹੋਏ ਨਾਅਰੇ ਲਗਾਏ, ਜਿਸ 'ਚ ਫਰਾਂਸੀਸੀ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਲਈ ਵਧੀਆ ਮਿਹਨਤਾਨਾ ਦੇਣਾ ਵੀ ਸ਼ਾਮਲ ਹੈ।

# ਸਮਾਜੀ ਨਿਆਂ ਬਾਰੇ ਬਿਹਾਰ ਤੋਂ ਬਿਹਤਰ ਕੋਈ ਨਹੀਂ ਜਾਣਦਾ : ਰਾਹੁਲ ਗਾਂਧੀ



**ਕਿਸ਼ਨਗੰਜ** : ਰਾਹੁਲ ਗਾਂਧੀ ਦੀ 'ਭਾਰਤ ਜੋੜੋ ਨਿਆਏ ਯਾਤਰਾ' ਸੋਮਵਾਰ ਕਿਸ਼ਨਗੰਜ ਰਾਹੀਂ ਬਿਹਾਰ 'ਚ ਦਾਖਲ ਹੋਈ। ਕਾਂਗਰਸ ਪ੍ਰਦੇਸ਼ ਇਕਾਈ ਦੇ ਪ੍ਰਧਾਨ ਅਖਿਲੇਸ਼ ਪ੍ਰਸਾਦ ਸਿੰਘ ਅਤੇ ਹੋਰ ਸੀਨੀਅਰ ਨੇਤਾਵਾਂ ਨੇ ਰਾਹੁਲ ਦਾ ਸਵਾਗਤ ਕੀਤਾ। 2020 ਦੇ ਬਿਹਾਰ ਵਿਧਾਨ ਸਭਾ ਚੋਣ ਪ੍ਰਚਾਰ ਤੋਂ ਬਾਅਦ ਰਾਹੁਲ ਦੀ ਬਿਹਾਰ ਦੀ ਇਹ ਪਹਿਲੀ ਫੇਰੀ ਹੈ। ਯਾਤਰਾ ਰਾਜ 'ਚ ਅਜਿਹੇ ਸਮੇਂ 'ਚ ਦਾਖਲ ਹੋਈ, ਜਦੋਂ ਕਾਂਗਰਸ ਦੇ ਸਾਬਕਾ ਸਹਿਯੋਗੀ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਇੱਕ ਦਿਨ ਪਹਿਲਾਂ ਹੀ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗਠਜੋੜ (ਐੱਨ ਡੀ ਏ) 'ਚ ਮੁੜ ਚਲੇ ਗਏ।

ਕਿਸ਼ਨਗੰਜ 'ਚ ਮੁਸਲਮ ਆਬਾਦੀ ਕਾਫੀ ਹੈ ਤੇ ਕਾਂਗਰਸ ਦੀ ਪੁਜ਼ੀਸ਼ਨ ਇੱਥੇ ਚੰਗੀ ਹੈ। ਰਾਹੁਲ ਨੇ 11 ਵਜੇ ਕਿਸ਼ਨਗੰਜ ਦੇ ਸ਼ਹੀਦ ਅਸ਼ਫਾਕ ਉਲਾ ਖਾਨ ਸਟੇਡੀਅਮ 'ਚ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਰ ਐੱਸ ਐੱਸ ਤੇ ਭਾਜਪਾ ਦੀ ਵਿਚਾਰਧਾਰਾ ਨੇ ਹਿੰਸਾ ਤੇ ਨਫਰਤ ਫੈਲਾ ਰੱਖੀ ਹੈ। ਚਾਰ ਮਿੰਟ ਦੇ ਭਾਸ਼ਣ ਵਿਚ ਉਹ ਬਿਹਾਰ ਦੀ ਨਵੀਂ ਸਰਕਾਰ ਤੇ ਨਿਤੀਸ਼ ਬਾਰੇ ਕੁਝ ਨਹੀਂ ਬੋਲੇ।

ਉਨ੍ਹਾ ਕਿਹਾ—ਸਮਾਜੀ ਨਿਆਂ ਬਾਰੇ ਬਿਹਾਰ ਤੋਂ ਬਿਹਤਰ ਕੋਈ ਨਹੀਂ ਜਾਣਦਾ। ਦੇਸ਼ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇੱਥੇ ਕਿੰਨੇ ਓ ਬੀ ਸੀ, ਐੱਸ ਸੀ ਤੇ ਐੱਸ ਟੀ ਹਨ। ਜਾਤ ਅਧਾਰਤ ਜਨਗਣਨਾ ਜ਼ਰੂਰੀ ਹੈ। ਇਸ ਜਨਗਣਨਾ ਤੋਂ ਬਾਅਦ ਸਭ ਨੂੰ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਦੀ ਆਬਾਦੀ ਕਿੰਨੀ ਹੈ ਤੇ ਉਨ੍ਹਾਂ ਦੇ ਹੱਕ ਕੀ ਹਨ।

ਰਾਹੁਲ ਨੇ ਮੰਗਲਵਾਰ ਨੂੰ ਪੂਰਨੀਆ ਤੇ ਬੁੱਧਵਾਰ ਨੂੰ ਕਟਿਹਾਰ ਵਿਚ ਰੈਲੀ ਕਰਨੀ ਹੈ। ਇਸ ਤੋਂ ਬਾਅਦ ਉਹ ਵੀਰਵਾਰ ਅਰਰੀਆ ਜ਼ਿਲ੍ਹੇ ਵੱਲੋਂ ਪੱਛਮੀ ਬੰਗਾਲ ਚਲੇ ਜਾਣਗੇ ਅਤੇ ਕੁਝ ਦਿਨਾਂ ਬਾਅਦ ਝਾਰਖੰਡ ਵਿਚ ਦਾਖਲ ਹੋਣਗੇ। ਸੂਬਾ ਪ੍ਰਧਾਨ ਅਖਿਲੇਸ਼ ਨੇ ਦੱਸਿਆ ਕਿ ਪੂਰਨੀਆ ਦੀ ਰੈਲੀ ਵਿਚ ਲਾਲੂ ਪ੍ਰਸਾਦ ਤੇ ਸੀ ਪੀ ਆਈ (ਐੱਮ ਐੱਲ) ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਨੂੰ ਵੀ ਸੱਦਿਆ ਗਿਆ ਹੈ।

# ਮਜ਼ਦੂਰਾਂ ਦੀ ਜ਼ਿੰਦਗੀ ਨਾਲ ਜੁੜੇ ਸਵਾਲ ਹੱਲ ਕਰਨ ਲਈ ਸੰਘਰਸ਼ ਦੀ ਧਾਰ ਤੇਜ਼ ਕੀਤੀ ਜਾਵੇਗੀ : ਗੋਰੀਆ




ਰਿਪੋਰਟ ਪੇਸ਼ ਕਰਦੇ ਹੋਏ ਗੁਲਜ਼ਾਰ ਸਿੰਘ ਗੋਰੀਆ, ਮੰਚ 'ਤੇ ਸੁਸ਼ੋਭਿਤ ਵੱਖ-ਵੱਖ ਆਗੂ। (ਹੇਠਾਂ) ਹਾਜ਼ਰ ਜਨਰਲ ਕੌਂਸਲ ਦੇ ਮੈਂਬਰ

**ਚੇਨਈ (ਗਿਆਨ ਸੈਦਪੁਰੀ)**

'ਸਾਡੇ ਸਮਿਆਂ ਵਿੱਚ ਮੁਲਕ ਵਿੱਚ ਰਾਜ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਅਤੇ ਆਰ ਐੱਸ ਐੱਸ ਕਾਰਪੋਰੇਟਾਂ ਅਤੇ ਫਿਰਕੂ ਲੋਕਾਂ ਦਾ ਗੱਠਜੋੜ ਹੈ, ਜੋ ਦਿਨ-ਬ-ਦਿਨ ਖਤਰਨਾਕ ਰੂਪ ਧਾਰਨ ਕਰਦਾ ਜਾ ਰਿਹਾ ਹੈ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੇ ਕੀਤਾ। ਉਹ ਸੋਮਵਾਰ ਯੂਨੀਅਨ ਦੀ ਜਨਰਲ ਕੌਂਸਲ ਦੀ ਮੀਟਿੰਗ ਦੌਰਾਨ ਕੌਂਸਲ ਮੈਂਬਰਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਮੌਜੂਦਾ ਦੌਰ ਵਿੱਚ ਡੈਮੋਕਰੇਸੀ, ਸੰਵਿਧਾਨ ਅਤੇ ਜਮਹੂਰੀ ਅਦਾਰੇ ਖਤਰੇ ਵਿੱਚ ਹਨ। ਮੋਦੀ ਸਰਕਾਰ ਵਿਰੋਧੀਆਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਈ ਡੀ, ਸੀ ਬੀ ਆਈ ਅਤੇ ਹੋਰ ਅਦਾਰਿਆਂ ਦੀ ਖੁੱਲ੍ਹ ਕੇ ਦੁਰਵਰਤੋਂ ਕਰ ਰਹੀ ਹੈ। ਕੇਂਦਰ ਸਰਕਾਰ ਜਿੱਥੇ ਮੀਡੀਆ 'ਤੇ ਲਗਾਤਾਰ ਹਮਲੇ ਕਰ ਰਹੀ ਹੈ, ਉੱਥੇ ਗੋਦੀ ਮੀਡੀਆ ਭਾਜਪਾ ਦੀ ਇੱਕ-ਪਾਸੜ ਪ੍ਰਾਪੇਗੰਡਾ ਮਸ਼ੀਨ ਬਣੀ ਹੋਈ ਹੈ।

ਗੋਰੀਆ ਨੇ ਕਿਹਾ ਕਿ ਸਾਡੀਆਂ ਅਤੇ ਖਾਸ ਕਰਕੇ ਪੇਂਡੂ ਗਰੀਬਾਂ ਦੀਆਂ ਹਾਲਤਾਂ ਹੋਰ ਗੰਭੀਰ ਹੁੰਦੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਭਾਜਪਾ ਅਤੇ ਆਰ ਐੱਸ ਐੱਸ ਦਾ ਮੰਦਰ ਉਸਾਰੀ ਦਾ ਮੁੱਦਾ ਸਿਆਸੀ ਤਾਕਤ ਹਥਿਆਉਣ ਲਈ ਵਰਤਿਆ ਜਾ ਰਿਹਾ ਹੈ। ਉਹ ਇਸ ਮੁੱਦੇ ਨੂੰ ਫਿਰਕੂ ਕਤਾਰਬੰਦੀ ਲਈ ਵਰਤ ਰਹੇ ਹਨ। ਭਾਜਪਾ ਹਮੇਸ਼ਾ ਇਸ ਯਤਨ ਵਿੱਚ ਰਹਿੰਦੀ ਹੈ ਕਿ ਬੇਰੁਜ਼ਗਾਰੀ ਅਤੇ ਜ਼ਰੂਰੀ ਵਸਤਾਂ ਦੀ ਦਿਨੋਂ-ਦਿਨ ਵਧ ਰਹੀ ਮਹਿੰਗਾਈ ਵਰਗੇ ਮੁੱਦਿਆਂ ਤੋਂ ਧਿਆਨ ਪਾਸੇ ਕਰਨ ਲਈ ਧਰਮਾਂ ਦੇ ਮੁੱਦਿਆਂ ਨੂੰ ਹਵਾ ਦਿੱਤੀ ਜਾਵੇ। ਯੂਨੀਅਨ ਦੇ ਸਿਖਰਲੇ ਆਗੂ ਨੇ ਬਿਲਕਿਸ ਬਾਨੋ ਮਾਮਲੇ 'ਤੇ ਸੁਪਰੀਮ ਕੋਰਟ ਦੇ ਹਾਂ-ਪੱਖੀ ਫੈਸਲੇ ਸਮੇਤ ਅਨੇਕਾਂ ਮਸਲਿਆ ਦੀ ਗੱਲ ਕੀਤੀ।

ਇਸ ਤੋਂ ਪਹਿਲਾਂ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਐੱਨ ਪੇਰੀਆ ਸਾਮੀ ਸਾਬਕਾ ਵਿਧਾਇਕ ਨੇ ਗੋਰੀਆ ਨੂੰ ਕੰਮਾਂ ਦੀ ਰਿਪੋਰਟ ਪੇਸ਼ ਕਰਨ ਦਾ ਸੱਦਾ ਦਿੰਦਿਆਂ ਮੀਟਿੰਗ ਦੀ ਪ੍ਰਧਾਨਗੀ ਕਰਨ ਲਈ ਵੱਖ-ਵੱਖ ਆਗੂਆ ਨੂੰ ਮੰਚ 'ਤੇ ਆਉਣ ਲਈ ਅਪੀਲ ਕੀਤੀ। ਪ੍ਰਧਾਨਗੀ ਮੰਡਲ ਵਿੱਚ ਸੀ ਪੀ ਆਈ ਤਾਮਿਲਨਾਡੂ ਦੇ ਸਕੱਤਰ ਪੀ ਕੇ ਕ੍ਰਿਸ਼ਨਨ, ਜਾਨਕੀ ਦਾਸ ਪਾਸਵਾਨ (ਬਿਹਾਰ), ਰਾਮਾਸਵਾਮੀ (ਪੁਡੂਚੇਰੀ), ਦਰਿਓ ਸਿੰਘ (ਹਰਿਆਣਾ), ਦੇਵੀ ਕੁਮਾਰੀ ਸਰਹਾਲੀ ਕਲਾਂ (ਪੰਜਾਬ) ਤੇ ਨਰੇਸ਼ ਪਾਂਡੇ ਆਦਿ ਸ਼ਾਮਲ ਹੋਏ।

ਇਸ ਦੌਰਾਨ ਸੀ ਪੀ ਆਈ ਹਰਿਆਣਾ ਦੇ ਸਕੱਤਰ ਦਰਿਓ ਸਿੰਘ ਨੇ ਪਟਨਾ ਨੈਸ਼ਨਲ ਕਾਨਫਰੰਸ ਤੋਂ ਬਾਅਦ ਵਿਛੋੜਾ ਦੇ ਗਏ ਕਮਿਊਨਿਸਟ ਆਗੂਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ਼ੋਕ ਮਤਾ ਪੇਸ਼ ਕੀਤਾ। ਵਿਛੋੜਾ ਦੇ ਗਏ ਆਗੂਆਂ ਵਿੱਚ ਪੂਰਨ ਸਿੰਘ ਨਾਰੰਗਵਾਲ ਅਤੇ ਨਛੱਤਰ ਪਾਲ ਸਿੰਘਹੁਸ਼ਿਆਰਪੁਰ ਸਮੇਤ ਵਿੱਛੜ ਚੁੱਕੇ ਵੱਖ-ਵੱਖ ਆਗੂਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਯਾਦ ਕੀਤਾ ਗਿਆ।

ਗੁਲਜ਼ਾਰ ਸਿੰਘ ਗੋਰੀਆ ਨੇ ਰਿਪੋਰਟ ਪੇਸ਼ ਕਰਦਿਆਂ ਕਿਹਾ ਕਿ ਯੂਨੀਅਨ ਦੇ ਮੁੱਖ ਉਦੇਸ਼ਾਂ ਵਿੱਚ ਭਾਜਪਾ ਨੂੰ ਸਿਆਸੀ ਅਤੇ ਵੋਟਾਂ ਦੇ ਪੱਧਰ 'ਤੇ ਹਰਾਉਣਾ ਹੈ। ਭਵਿੱਖ ਦੇ ਕਾਰਜਾਂ ਵਿੱਚ ਜ਼ਿੰਦਗੀ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਸੰਘਰਸ਼ ਤੇਜ਼ ਕਰਨਾ ਹੋਵੇਗਾ।

ਸੀ ਪੀ ਆਈ ਦੇ ਸੀਨੀਅਰ ਆਗੂ ਨੱਲਾ ਕੰਨੂ ਨੂੰ ਸਟੇਜ 'ਤੇ ਸਤਿਕਾਰ ਨਾਲ

● ਬਾਕੀ ਸਫ਼ਾ 10 'ਤੇ

## ਸੀ ਏ ਏ ਹਫਤੇ 'ਚ ਲਾਗੂ ਹੋ ਜਾਵੇਗਾ

**ਕੋਲਕਾਤਾ** : ਕੇਂਦਰੀ ਮੰਤਰੀ ਸ਼ਾਂਤਨੂ ਠਾਕੁਰ ਨੇ ਸੋਮਵਾਰ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਹਫਤੇ ਦੇ ਅੰਦਰ ਦੇਸ਼ 'ਚ ਲਾਗੂ ਹੋ ਜਾਵੇਗਾ। ਸਮਾਚਾਰ ਚੈਨਲ ਨਾਲ ਗੱਲਬਾਤ ਦੌਰਾਨ ਪੱਛਮੀ ਬੰਗਾਲ ਦੇ ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਮਟੂਆ ਭਾਈਚਾਰੇ ਦੇ ਪ੍ਰਭਾਵ ਵਾਲੇ ਖੇਤਰ ਬੋਂਗਾਂਵ ਤੋਂ ਭਾਜਪਾ ਦੇ ਸਾਂਸਦ ਠਾਕੁਰ ਨੇ ਕਿਹਾ ਕਿ ਵਿਵਾਦਤ ਕਾਨੂੰਨ ਨੂੰ ਸੱਤ ਦਿਨਾਂ ਦੇ ਅੰਦਰ ਤੇਜ਼ੀ ਨਾਲ ਲਾਗੂ ਕੀਤਾ ਜਾਵੇਗਾ। 2019 'ਚ ਕੇਂਦਰ 'ਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਲਿਆਂਦੇ ਸੀ ਏ ਏ ਦਾ ਉਦੇਸ਼ 31 ਦਸੰਬਰ 2014 ਤੋਂ ਪਹਿਲਾਂ ਭਾਰਤ 'ਚ ਵਸੇ ਬੰਗਲਾਦੇਸ਼, ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਹਿੰਦੂ, ਸਿੱਖ, ਜੈਨ, ਬੋਧੀ, ਪਾਰਸੀ ਅਤੇ ਈਸਾਈਆਂ ਸਮੇਤ ਸਤਾਏ ਗੈਰ-ਮੁਸਲਿਮ ਪਰਵਾਸੀਆਂ ਨੂੰ ਭਾਰਤੀ ਨਾਗਰਿਕਤਾ ਪ੍ਰਦਾਨ ਕਰਨਾ ਹੈ। ਮੰਤਰੀ ਨੇ ਕਿਹਾ-ਸੀ ਏ ਏ ਬਹੁਤ ਜਲਦੀ ਲਾਗੂ ਕੀਤਾ ਜਾਵੇਗਾ। ਇਸ ਨੂੰ ਸੱਤ ਦਿਨਾਂ ਦੇ ਅੰਦਰ ਲਾਗੂ ਕਰ ਦਿੱਤਾ ਜਾਵੇਗਾ। ਇਹ ਮੇਰੀ ਗਾਰੰਟੀ ਹੈ।

ਬੰਦਰਗਾਹਾਂ, ਜਹਾਜ਼ਰਾਨੀ ਅਤੇ ਜਲ ਮਾਰਗਾਂ ਬਾਰੇ ਕੇਂਦਰੀ ਰਾਜ ਮੰਤਰੀ ਠਾਕੁਰ ਨੇ ਦਾਅਵਾ ਕੀਤਾ ਕਿ ਇਸ ਸਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਦੇਸ਼ 'ਚ ਸੀ ਏ ਏ ਲਾਗੂ ਕਰ ਦਿੱਤਾ ਜਾਵੇਗਾ।

## ਮੋਦੀ ਮੁੜ ਜਿੱਤੇ ਤਾਂ ਫਿਰ ਚੋਣਾਂ ਭੁੱਲ ਜਾਓ : ਖੜਗੇ



**ਭੁਬਨੇਸ਼ਵਰ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੋਮਵਾਰ ਕਿਹਾ ਕਿ ਦੇਸ਼ ਦੇ ਲੋਕਾਂ ਕੋਲ ਵੋਟ ਪਾਉਣ ਦਾ ਆਖਰੀ ਮੌਕਾ ਹੈ, ਕਿਉਂਕਿ ਮੋਦੀ ਮੁੜ ਜਿੱਤੇ ਤਾਂ ਚੋਣਾਂ ਨਹੀਂ ਹੋਣੀਆਂ। ਫਿਰ ਰੂਸੀ ਰਾਸ਼ਟਰਪਤੀ ਵਰਗੀ ਚੋਣ ਹੋਵੇਗੀ। ਇੱਥੇ ਕਾਰਜਕਰਤਾ ਸੰਮੇਲਨ ਨੂੰ ਸੰਬੋਧਨ ਕਰਦਿਆਂ ਖੜਗੇ ਨੇ ਕਿਹਾ—ਈ ਡੀ ਹਰ ਕਿਸੇ ਨੂੰ ਨੋਟਿਸ ਦੇ ਰਹੀ ਹੈ। ਲੋਕਾਂ ਨੂੰ ਡਰਾਇਆ ਜਾ ਰਿਹਾ ਹੈ। ਡਰ ਦੇ ਕਾਰਨ ਕੁਝ ਲੋਕ ਦੋਸਤੀ ਛੱਡ ਰਹੇ ਹਨ। ਕੁਝ ਲੋਕ ਪਾਰਟੀ ਛੱਡ ਰਹੇ ਹਨ। ਕੁਝ ਲੋਕ ਗੱਠਜੋੜ ਛੱਡ ਰਹੇ ਹਨ। ਇਸ ਤਰ੍ਹਾਂ ਕੀ ਲੋਕਤੰਤਰ ਬਚੇਗਾ। ਇਹ ਲੋਕਾਂ ਲਈ ਵੋਟ ਪਾਉਣ ਦਾ ਆਖਰੀ ਮੌਕਾ ਹੈ। ਇਸ ਦੇ ਬਾਅਦ ਵੋਟਾਂ ਨਹੀਂ ਪੈਣੀਆਂ। ਮੋਦੀ ਮੁੜ ਸੱਤਾ ਵਿਚ ਆਏ ਤਾਂ ਤਾਨਾਸ਼ਾਹੀ ਹੋਵੇਗੀ, ਕੋਈ ਲੋਕਤੰਤਰ ਨਹੀਂ ਰਹੇਗਾ ਤੇ ਕੋਈ ਚੋਣ ਨਹੀਂ ਹੋਵੇਗੀ। ਨਿਤੀਸ਼ ਦੇ ਸਾਥ ਛੱਡਣ 'ਤੇ ਖੜਗੇ ਨੇ ਕਿਹਾ ਕਿ ਇਕ ਵਿਅਕਤੀ ਦੇ ਜਾਣ ਨਾਲ ਗੱਠਜੋੜ ਕਮਜ਼ੋਰ ਨਹੀਂ ਹੋਵੇਗਾ।

## ਅਮਰੀਕਾ 'ਚ ਹਰਿਆਣਵੀ ਮੁੰਡੇ ਦਾ ਬੇਰਹਿਮੀ ਨਾਲ ਕਤਲ

**ਨਿਊਯਾਰਕ** : ਅਮਰੀਕਾ 'ਚ ਹਾਲ ਹੀ 'ਚ ਐੱਮ ਬੀ ਏ ਦੀ ਡਿਗਰੀ ਹਾਸਲ ਕਰਨ ਵਾਲੇ ਹਰਿਆਣਾ ਦੇ 25 ਸਾਲਾ ਵਿਦਿਆਰਥੀ ਨੂੰ ਜਾਰਜੀਆ ਸੂਬੇ ਦੇ ਲਿਥੋਨੀਆ ਸ਼ਹਿਰ 'ਚ ਉਸ ਬੇਘਰ ਨਸ਼ੇੜੀ ਨੇ ਕੁੱਟ-ਕੁੱਟ ਕੇ ਮਾਰ ਦਿੱਤਾ, ਜਿਸ ਦੀ ਉਹ ਪਿਛਲੇ ਕੁਝ ਦਿਨਾਂ ਤੋਂ ਮਦਦ ਕਰ ਰਿਹਾ ਸੀ ਤੇ ਉਸ ਨੂੰ ਰਹਿਣ ਲਈ ਥਾਂ ਦਿੱਤੀ ਸੀ। ਇਹ ਭਿਆਨਕ ਘਟਨਾ ਕੈਮਰੇ 'ਚ ਕੈਦ ਹੋ ਗਈ, ਜਦੋਂ ਹਮਲਾਵਰ ਜੂਲੀਅਨ ਫਾਕਨਰ ਨੇ ਵਿਵੇਕ ਸੈਣੀ ਦੇ ਸਿਰ 'ਤੇ ਹਥੌੜੇ ਨਾਲ ਕਰੀਬ 50 ਵਾਰ ਕੀਤੇ। ਸੈਣੀ ਸਟੋਰ 'ਚ ਪਾਰਟ-ਟਾਈਮ ਕਲਰਕ ਸੀ। ਉਹ ਆਮ ਤੌਰ 'ਤੇ ਬੇਘਰ ਨਸ਼ੇੜੀ ਦੀ ਮਦਦ ਕਰਦਾ ਸੀ। 16 ਜਨਵਰੀ ਨੂੰ ਜਦੋਂ ਫਾਕਨਰ ਨੂੰ ਥਾਂ ਖਾਲੀ ਕਰਨ ਲਈ ਕਿਹਾ ਤਾਂ ਉਹ ਗੁੱਸੇ 'ਚ ਆ ਗਿਆ ਤੇ ਉਸ ਨੇ ਵਿਵੇਕ 'ਤੇ ਹਮਲਾ ਕਰ ਦਿੱਤਾ। ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਵਿਵੇਕ ਆਪਣੀ ਬੀ ਟੈੱਕ ਪੂਰੀ ਕਰਨ ਤੋਂ ਬਾਅਦ ਦੋ ਸਾਲ ਪਹਿਲਾਂ ਅਮਰੀਕਾ ਪਰਵਾਸ ਕਰ ਗਿਆ ਸੀ। ਉਸ ਨੇ ਹਾਲ ਹੀ 'ਚ ਬਿਜ਼ਨਸ ਐਡਮਨਿਸਟ੍ਰੇਸ਼ਨ 'ਚ ਮਾਸਟਰ ਦੀ ਡਿਗਰੀ ਹਾਸਲ ਕੀਤੀ ਸੀ।

## ਕਸ਼ਮੀਰ ਵਿਚ ਬਰਫਬਾਰੀ



**ਸ੍ਰੀਨਗਰ** : ਕਸ਼ਮੀਰ ਦੇ ਕਈ ਉੱਚੇ ਇਲਾਕਿਆਂ 'ਚ ਸੋਮਵਾਰ ਤਾਜ਼ਾ ਬਰਫਬਾਰੀ ਹੋਈ, ਜਦਕਿ ਮੈਦਾਨੀ ਇਲਾਕਿਆਂ 'ਚ ਮੀਂਹ ਪਿਆ। ਗੁਲਮਰਗ ਅਤੇ ਗੁਰੇਜ਼ ਦੇ ਸਕੀ-ਰਿਜ਼ਾਰਟ ਅਤੇ ਉੱਤਰੀ ਕਸ਼ਮੀਰ ਦੇ ਕੁਪਵਾੜਾ ਦੇ ਉੱਚੇ ਇਲਾਕਿਆਂ 'ਚ ਬਰਫਬਾਰੀ ਹੋਈ। ਮੱਧ ਕਸ਼ਮੀਰ ਦੇ ਗੰਦਰਬਲ ਜ਼ਿਲ੍ਹੇ ਦੇ ਸੋਨਮਰਗ ਟੂਰਿਸਟ ਰਿਜ਼ਾਰਟ, ਸ੍ਰੀਨਗਰ-ਲੇਹ ਹਾਈਵੇ 'ਤੇ ਜੋਜ਼ਿਲਾ ਪਾਸ ਦੇ ਨਾਲ-ਨਾਲ ਲੱਦਾਖ ਦੇ ਦਰਾਸ 'ਚ ਵੀ ਬਰਫਬਾਰੀ ਦੀਆਂ ਖਬਰਾਂ ਹਨ।

## ਮੰਮੀ-ਪਾਪਾ ਸੌਰੀ, ਆਈ ਐੱਮ ਲੂਜ਼ਰ!

**ਜੈਪੁਰ** : ਰਾਜਸਥਾਨ ਦੇ ਕੋਟਾ ਵਿਚ 18 ਸਾਲ ਦੀ ਵਿਦਿਆਰਥਣ ਨਿਹਾਰਿਕਾ ਨੇ ਸੋਮਵਾਰ ਤੜਕੇ ਖੁਦਕੁਸ਼ੀ ਕਰ ਲਈ। ਕੋਟਾ ਦੇ ਡੀ ਐੱਸ ਪੀ ਧਰਮਵੀਰ ਸਿੰਘ ਨੇ ਦੱਸਿਆ ਕਿ ਕੁੜੀ ਆਪਣੇ ਮਾਤਾ-ਪਿਤਾ ਨਾਲ ਰਹਿ ਰਹੀ ਸੀ ਤੇ 30 ਜਨਵਰੀ ਨੂੰ ਹੋਣ ਵਾਲੇ ਜਾਇੰਟ ਐਂਟਰੈਂਸ ਐਗਜ਼ਾਮੀਨੇਸ਼ਨ (ਜੇ ਈ ਈ) ਦੀ ਤਿਆਰੀ ਕਰ ਰਹੀ ਸੀ। ਕੁੜੀ ਨੇ ਪਿੱਛੇ ਛੱਡੇ ਖੁਦਕੁਸ਼ੀ ਨੋਟ ਵਿਚ ਲਿਖਿਆ-ਮੰਮੀ-ਪਾਪਾ ਸੌਰੀ, ਆਈ ਐੱਮ ਲੂਜ਼ਰ, ਮੈਂ ਜੇ ਈ ਈ ਨਹੀਂ ਕਰ ਸਕੀ, ਇਸ ਲਈ ਮੈਂ ਸੁਸਾਈਡ ਕਰ ਰਹੀ ਹਾਂ। ਇਹੀ ਲਾਸਟ ਆਪਸ਼ਨ ਹੈ।

ਪੁਲਸ ਮੁਤਾਬਕ ਕੁੜੀ ਦਾ ਪਿਤਾ ਬੈਂਕ ਦਾ ਸਕਿਉਰਟੀ ਗਾਰਡ ਹੈ ਅਤੇ ਉਹ ਤਿੰਨ ਧੀਆਂ ਵਿਚ ਸਭ ਤੋਂ ਵੱਡੀ ਸੀ। ਇਹ ਘਟਨਾ ਬੋਰਖੇੜਾ ਥਾਣੇ ਦੇ ਇਲਾਕੇ ਵਿਚ ਹੈ, ਜਿਹੜਾ ਮੁਕਾਬਲੇ ਦੇ ਇਮਤਿਹਾਨਾਂ ਦੀ ਤਿਆਰੀ ਕਰਨ ਵਾਲਿਆਂ ਵੱਲੋਂ ਖੁਦਕੁਸ਼ੀਆਂ ਕਰਨ ਲਈ ਬਦਨਾਮ ਹੈ। ਡੀ ਐੱਸ ਪੀ ਨੇ ਦੱਸਿਆ ਕਿ ਕੁੜੀ ਦੇ 12ਵੀਂ ਵਿਚ ਚੰਗੇ ਨੰਬਰ ਨਹੀਂ ਆਏ ਸਨ। ਉਹ ਇਨ੍ਹਾਂ ਵਿਚ ਸੁਧਾਰ ਦੀ ਕੋਸ਼ਿਸ਼ ਕਰ ਰਹੀ ਸੀ ਤੇ ਜੇ ਈ ਈ ਦੀ ਤਿਆਰੀ ਵੀ ਕਰ ਰਹੀ ਸੀ। ਜਦੋਂ ਉਸ ਦਾ ਦਰਵਾਜ਼ਾ ਨਹੀਂ ਖੁੱਲ੍ਹਿਆ ਤਾਂ ਪਰਵਾਰ ਨੇ ਤੋੜ ਕੇ ਖੋਲ੍ਹਿਆ। ਇਸ ਸਾਲ ਕੋਟਾ ਵਿਚ ਕਿਸੇ ਵਿਦਿਆਰਥੀ ਵੱਲੋਂ ਖੁਦਕੁਸ਼ੀ ਦੀ ਇਹ ਦੂਜੀ ਘਟਨਾ ਹੈ।

ਪਿਛਲੇ ਹਫਤੇ ਜੇ ਈ ਈ ਦੀ ਤਿਆਰੀ ਕਰ ਰਹੇ ਯੂ ਪੀ ਦੇ ਮੁਰਾਦਾਬਾਦ ਦੇ ਮੁੰਡੇ ਨੇ ਖੁਦਕੁਸ਼ੀ ਕਰ ਲਈ ਸੀ। ਪਿਛਲੇ ਸਾਲ ਸ਼ਹਿਰ ਵਿਚ ਕਰੀਬ 30 ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਸੀ।

# ਔਲਖ ਤੇ ਇੰਦਰਪਾਲ ਸਿੰਘ ਨੇ ਹਲਫ ਲਿਆ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਸੋਮਵਾਰ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਨਵ-ਨਿਯੁਕਤ ਚੇਅਰਮੈਨ ਜਤਿੰਦਰ ਸਿੰਘ ਔਲਖ ਅਤੇ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਨਵ-ਨਿਯੁਕਤ ਰਾਜ ਮੁੱਖ ਸੂਚਨਾ ਕਮਿਸ਼ਨਰ ਇੰਦਰਪਾਲ ਸਿੰਘ ਨੂੰ ਅਹੁਦੇ ਦਾ ਭੇਤ ਗੁਪਤ ਰੱਖਣ ਦਾ ਹਲਫ ਦਿਵਾਇਆ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ, ਬ੍ਰਮ ਸ਼ੰਕਰ ਜਿੰਪਾ ਤੇ ਗੁਰਮੀਤ ਸਿੰਘ ਖੁੱਡੀਆ, ਮੁੱਖ ਮੰਤਰੀ ਦੇ ਵਿਸ਼ੇਸ਼ ਮੁੱਖ ਸਕੱਤਰ ਵੀ ਕੇ ਸਿੰਘ, ਡੀ ਜੀ ਪੀ ਗੌਰਵ ਯਾਦਵ, ਮੁੱਖ ਮੰਤਰੀ ਦੇ ਡਾਇਰੈਕਟਰ ਮੀਡੀਆ ਬਲਤੇਜ ਸਿੰਘ ਪਨੂੰ, ਪੰਜਾਬ ਲੋਕ ਸੇਵਾ ਕਮਿਸ਼ਨ ਦੇ ਮੈਂਬਰ ਗੁਰਪ੍ਰਤਾਪ ਸਿੰਘ ਮਾਨ, ਸੁਪ੍ਰੀਤ ਘੁੰਮਣ ਤੇ ਹਰਮੋਹਨ ਕੌਰ ਸੰਧੂ, ਰਾਜ ਸੂਚਨਾ ਕਮਿਸ਼ਨਰ ਅਸਿਤ ਜੌਲੀ ਤੇ ਅੰਮ੍ਰਿਤ ਪ੍ਰਤਾਪ ਸਿੰਘ ਸੇਖੋਂ ਤੋਂ ਇਲਾਵਾ ਸਿਵਲ ਤੇ ਪੁਲਸ ਦੇ ਉੱਚ ਪ੍ਰਸ਼ਾਸਨਿਕ ਅਧਿਕਾਰੀ ਅਤੇ ਨਵ-ਨਿਯੁਕਤ ਚੇਅਰਮੈਨ ਤੇ ਰਾਜ ਮੁੱਖ ਸੂਚਨਾ ਕਮਿਸ਼ਨਰ ਦੇ ਪਰਵਾਰਕ ਮੈਂਬਰ ਅਤੇ ਸ਼ੁਭਚਿੰਤਕ ਮੌਜੂਦ ਸਨ।

ਔਲਖ ਪੰਜਾਬ ਪੁਲਸ ਵਿੱਚ 33 ਸਾਲ ਸੇਵਾਵਾਂ ਨਿਭਾਉਣ ਤੋਂ ਬਾਅਦ ਏ ਡੀ ਜੀ ਪੀ ਦੇ ਰੈਂਕ ਉੱਤੇ ਇੰਟੈਲੀਜੈਂਸ ਚੀਫ ਵਜੋਂ ਸੇਵਾਮੁਕਤ ਹੋਏ ਸਨ। ਰਾਜ ਮੁੱਖ ਸੂਚਨਾ ਕਮਿਸ਼ਨਰ ਵਜੋਂ ਸਹੁੰ ਚੁੱਕਣ ਵਾਲੇ ਉੱਘੇ ਐਡਵੋਕੇਟ ਇੰਦਰਪਾਲ ਸਿੰਘ ਹੁਸ਼ਿਆਰਪੁਰ ਦੇ ਵਸਨੀਕ ਹਨ। ਇੰਦਰਪਾਲ ਸਿੰਘ ਨੇ ਕਾਨੂੰਨੀ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਅਤੇ ਉਹ ਬ੍ਰਿਟਿਸ਼ ਹਾਈ ਕਮਿਸ਼ਨ ਲਈ ਸਟੈਂਡਿੰਗ ਕੌਂਸਲ, ਪੈਨਲ ਭਾਰਤੀ ਯੂਨੀਅਨ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਬਾਰ ਕੌਂਸਲ ਮੈਂਬਰ ਚੁਣੇ ਗਏ।

ਇਸ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਬਾਰ ਕੌਂਸਲ ਦੇ ਉਪ ਚੇਅਰਮੈਨ ਚੁਣੇ ਗਏ। ਉਨ੍ਹਾ ਨੂੰ 20 ਅਗਸਤ 2022 ਨੂੰ ਪੰਜਾਬ ਦੇ ਸੀਨੀਅਰ ਐਡੀਸ਼ਨਲ ਐਡਵੋਕੇਟ ਜਨਰਲ ਵਜੋਂ ਨਿਯੁਕਤ ਕੀਤਾ ਗਿਆ ਸੀ।

# ਰਣਬੀਰ ਤੇ ਆਲੀਆ ਛਾ ਗਏ



**ਮੁੰਬਈ** : ਰਣਬੀਰ ਕਪੂਰ ਅਤੇ ਆਲੀਆ ਭੱਟ ਨੂੰ 69ਵੇਂ ਫਿਲਮਫੇਅਰ ਐਵਾਰਡਜ਼ 'ਚ ਸਰਵੋਤਮ ਅਦਾਕਾਰ ਤੇ ਅਦਾਕਾਰਾ ਦਾ ਪੁਰਸਕਾਰ ਜਿੱਤਣ ਤੋਂ ਬਾਅਦ ਨੀਤੂ ਸਿੰਘ ਕਪੂਰ ਨੇ ਆਪਣੇ ਬੇਟੇ ਅਤੇ ਨੂੰਹ ਨੂੰ ਵਧਾਈ ਦਿੱਤੀ। ਰਣਬੀਰ ਨੇ ਐਕਸ਼ਨ ਥ੍ਰਿਲਰ ਫਿਲਮ 'ਐਨੀਮਲ' 'ਚ ਆਪਣੀ ਅਦਾਕਾਰੀ ਲਈ ਸਰਵੋਤਮ ਅਭਿਨੇਤਾ ਤੇ ਆਲੀਆ ਨੇ ਰੋਮਾਂਟਿਕ ਡਰਾਮਾ ਫਿਲਮ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' 'ਚ ਆਪਣੀ ਅਦਾਕਾਰੀ ਲਈ ਸਰਵੋਤਮ ਅਦਾਕਾਰਾ ਦਾ ਪੁਰਸਕਾਰ ਜਿੱਤਿਆ। ਐਨੀਮਲ ਨੂੰ ਸਰਵੋਤਮ ਫਿਲਮ, ਸਰਵੋਤਮ ਨਿਰਦੇਸ਼ਕ ਅਤੇ ਸਰਵੋਤਮ ਅਦਾਕਾਰ ਸਮੇਤ 19 ਸ਼੍ਰੇਣੀਆਂ 'ਚ ਨਾਮਜ਼ਦ ਕੀਤਾ ਗਿਆ ਸੀ। ਫਿਲਮ 12ਵੀਂ ਫੇਲ੍ਹ ਨੂੰ ਸਰਵੋਤਮ ਫਿਲਮ ਪੁਰਸਕਾਰ ਦਿੱਤਾ ਗਿਆ। ਮਸ਼ਹੂਰ ਬਾਲੀਵੁੱਡ ਨਿਰਦੇਸ਼ਕ ਡੇਵਿਡ ਧਵਨ ਨੂੰ ਫਿਲਮਫੇਅਰ ਲਾਈਫਟਾਈਮ ਅਚੀਵਮੈਂਟ ਐਵਾਰਡ 2024 ਨਾਲ ਸਨਮਾਨਤ ਕੀਤਾ ਗਿਆ ਹੈ। ਭੁਪਿੰਦਰ ਬੱਬਲ ਨੂੰ 'ਐਨੀਮਲ' ਦੇ ਗੀਤ ਅਰਜਨ ਵੈਲੀ ਲਈ ਸਰਵੋਤਮ ਪਲੇਬੈਕ (ਪੁਰਸ਼) ਦਾ ਫਿਲਮਫੇਅਰ ਐਵਾਰਡ ਮਿਲਿਆ। ਫਿਲਮ ਪਠਾਨ ਦੇ ਬੇਸ਼ਰਮ ਰੰਗ ਲਈ ਸ਼ਿਲਪਾ ਰਾਓ ਨੂੰ ਸਰਵੋਤਮ ਪਲੇਬੈਕ (ਮਹਿਲਾ) ਦਾ ਫਿਲਮਫੇਅਰ ਐਵਾਰਡ ਦਿੱਤਾ ਗਿਆ।

## ਅੱਜ-ਨਾਮਾ

ਲੜੇ ਅੱਜ ਅੰਮ੍ਰਿਤਸਰ ਵਿੱਚ ਕਾਂਗਰਸੀਏ,
ਲੜਨੋਂ ਬਾਝ ਨਾ ਕਦੇ ਇਹ ਰਹਿਣ ਬੇਲੀ।
ਉੱਠੇ ਜਦੋਂ ਕੁਝ ਬੋਲਣ ਨੂੰ ਇੱਕ ਲੀਡਰ,
ਆਪਣੀ ਗੱਲ ਲੱਗਦੇ ਦੂਜੇ ਕਹਿਣ ਬੇਲੀ।
ਟੋਕ-ਟਕੋਰ ਦੀ ਹੱਦ ਸਭ ਕਰਨ ਲੱਗਦੇ,
ਕੀਤੀ ਅਗਲੇ ਦੀ ਕਦੇ ਨਾ ਸਹਿਣ ਬੇਲੀ।
ਤਾਅਨੇ-ਮਿਹਣਿਆਂ ਤੋਂ ਜਾਵੇ ਗੱਲ ਅੱਗੇ,
ਫੇਰ ਲੱਗਦੀਆਂ ਪੱਗਾਂ ਹਨ ਲਹਿਣ ਬੇਲੀ।
ਮੋਦੀ ਆਖਦਾ ਕਾਂਗਰਸ ਨਾ ਰਹਿਣ ਦੇਣੀ,
ਕਾਂਗਰਸ ਲੀਡਰ ਨੇ ਓਸ ਤੋਂ ਡਰੀ ਜਾਂਦੇ।
ਏਨੀ ਖੇਚਲ ਦੀ ਮੋਦੀ ਨੂੰ ਲੋੜ ਨਹੀਂ ਜੀ,
ਅਗਲੇ ਇਹੀ ਕੁਝ ਆਪ ਤਾਂ ਕਰੀ ਜਾਂਦੇ।

-ਤੀਸ ਮਾਰ ਖਾਂ

# ਕਾਮਰੇਡ ਹੁਕਮ ਚੰਦ ਜਿੰਦਲ ਨੂੰ ਇਨਕਲਾਬੀ ਸ਼ਰਧਾਂਜਲੀ

**'ਤਾਸਮਨ ਸ਼ਬਦ ਪ੍ਰਵਾਹ ਪੁਰਸਕਾਰ' ਰਾਜਿੰਦਰ ਬਿਮਲ ਨੂੰ ਦੇਣ ਦਾ ਐਲਾਨ**

**ਬਠਿੰਡਾ (ਬਖਤੌਰ ਢਿੱਲੋਂ)**

ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਕਾਮਰੇਡ ਹੁਕਮ ਚੰਦ ਜਿੰਦਲ ਨਮਿਤ ਸ਼ਰਧਾਂਜਲੀ ਸਮਾਗਮ ਪਟੇਲ ਨਗਰ ਦੇ ਮਾਤਾ ਵੈਸ਼ਨੂੰ ਦੇਵੀ ਮੰਦਰ ਵਿਖੇ ਕੀਤਾ ਗਿਆ। ਇਸ ਸਮਾਗਮ ਵਿੱਚ ਵੱਖ-ਵੱਖ ਇਨਕਲਾਬੀ ਜਥੇਬੰਦੀਆਂ, ਰਾਜਨੀਤਕ, ਸਾਹਿਤਕ ਅਤੇ ਸਮਾਜਕ ਸ਼ਖਸੀਅਤਾਂ ਨੇ ਸ਼ਾਮਲ ਹੋ ਕੇ ਕਾਮਰੇਡ ਜਿੰਦਲ ਨੂੰ ਸ਼ਰਧਾਂਜਲੀ ਅਰਪਤ ਕੀਤੀ। ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਜਗਰੂਪ ਸਿੰਘ ਅਤੇ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਕਾਮਰੇਡ ਜਿੰਦਲ ਦਾ ਸਮੁੱਚਾ ਜੀਵਨ ਲੋਕ ਸੰਘਰਸ਼ਾਂ ਨੂੰ ਪਰਨਾਇਆ ਹੋਇਆ ਸੀ ਅਤੇ ਉਹਨਾ ਵੱਖ-ਵੱਖ ਇਤਿਹਾਸਕ ਲੋਕ ਸੰਘਰਸ਼ਾਂ ਦੀ ਅਗਵਾਈ ਕਰਦਿਆਂ ਨਵੀਂਆਂ ਪਿਰਤਾਂ ਪਾਈਆਂ। ਅਕਤੂਬਰ ਪ੍ਰਿੰਟਿੰਗ ਪ੍ਰੈੱਸ ਦੀ ਸਥਾਪਨਾ ਕਰਕੇ ਲੋਕ-ਪੱਖੀ, ਅਗਾਂਹਵਧੂ ਅਤੇ ਇਨਕਲਾਬੀ ਸਾਹਿਤ ਛਾਪਣਾ ਅਤੇ ਵੰਡਣਾ ਇੱਕ ਵੱਡਾ ਇਤਿਹਾਸਕ ਕਾਰਜ ਸੀ, ਜੋ ਕਾਮਰੇਡ ਜਿੰਦਲ ਦੇ ਹਿੱਸੇ ਆਇਆ। ਆਗੂਆਂ ਨੇ ਭਰੇ ਮਨ ਨਾਲ ਉਹਨਾ ਵੱਲੋਂ ਕੀਤੇ ਇਨਕਲਾਬੀ ਕੰਮਾਂ ਨੂੰ ਵਿਸਥਾਰ ਨਾਲ ਯਾਦ ਕੀਤਾ ਅਤੇ ਪ੍ਰਣ ਲੈਂਦਿਆਂ ਕਿਹਾ ਕਿ ਉਹ ਕਾਮਰੇਡ ਜਿੰਦਲ ਦੀ ਸੋਚ ਦਾ ਝੰਡਾ ਹਮੇਸ਼ਾ ਹੋਰ ਉੱਚਾ ਚੁੱਕਣਗੇ।





ਪੰਜਾਬ ਇਸਤਰੀ ਸਭਾ ਦੀ ਸੂਬਾ ਜਨਰਲ ਸਕੱਤਰ ਨਰਿੰਦਰ ਸੋਹਲ ਨੇ ਕਿਹਾ ਕਿ ਪਰਵਾਰਾਂ ਲਈ ਸੰਘਰਸ਼ਾਂ ਵਿੱਚ ਔਰਤਾਂ ਜਾਂ ਧੀਆਂ ਨੂੰ ਤੋਰਨਾ ਸੌਖਾ ਨਹੀਂ ਹੁੰਦਾ, ਪਰ ਹੁਕਮ ਚੰਦ ਜੀ ਅਗਾਂਹਵਧੂ ਸੋਚ ਦੇ ਧਾਰਨੀ ਸਨ, ਜੋ ਇਹ ਸਮਝਦੇ ਸਨ ਕਿ ਸਮਾਜ ਦਾ ਅੱਧਾ ਹਿੱਸਾ ਔਰਤਾਂ ਹਨ ਤੇ ਇਹਨਾਂ ਤੋਂ ਬਗੈਰ ਕੋਈ ਸੰਘਰਸ਼ ਜਿੱਤਿਆ ਨਹੀਂ ਜਾ ਸਕਦਾ। ਇਸੇ ਬਦੌਲਤ ਉਹਨਾ ਆਪਣੀਆਂ ਧੀਆਂ ਨੂੰ ਵੀ ਇਸ ਪਾਸੇ ਤੋਰਿਆ। ਸਰਬ ਭਾਰਤ ਨੌਜਵਾਨ ਸਭਾ ਅਤੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਸੂਬਾਈ ਆਗੂ ਪਰਮਜੀਤ ਸਿੰਘ ਢਾਬਾਂ ਅਤੇ 'ਤਾਸਮਨ' ਸਾਹਿਤਕ ਰਸਾਲੇ ਦੇ ਸੰਪਾਦਕ ਸਤਪਾਲ ਭੀਖੀ ਨੇ ਕਿਹਾ ਕਿ ਕਾਮਰੇਡ ਜਿੰਦਲ ਨੇ ਆਪਣੀ ਜ਼ਿੰਦਗੀ ਵਿੱਚ ਨੌਜਵਾਨ ਪੀੜ੍ਹੀ ਨੂੰ ਇਨਕਲਾਬੀ ਸੰਘਰਸ਼ਾਂ ਵਿੱਚ ਲਿਆਉਣ ਲਈ ਹਮੇਸ਼ਾ ਅਹਿਮ ਰੋਲ ਅਦਾ ਕੀਤਾ ਹੈ। ਉਹਨਾ ਆਪਣੇ ਬੇਟੇ ਸੁਮੀਤ ਸ਼ੰਮੀ ਅਤੇ ਦੋ ਬੇਟੀਆਂ ਨਵਨੀਤ ਨੀਤੂ ਅਤੇ ਅਪਨੀਤ ਅੱਪੂ ਨੂੰ ਵੀ ਇਨਕਲਾਬੀ ਸੰਘਰਸ਼ਾਂ ਵਿੱਚ ਕੰਮ ਕਰਨ ਲਈ ਪ੍ਰੇਰਿਆ, ਜਿਸ ਦੀ ਬਦੌਲਤ ਉਹਨਾ ਦਾ ਪੁੱਤਰ ਸੁਮੀਤ ਸ਼ਮੀ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਨਿਭਾ ਚੁੱਕਿਆ ਹੈ ਅਤੇ ਹੁਣ ਸਾਹਿਤ ਦੇ ਖੇਤਰ ਵਿੱਚ 'ਤਾਸਮਨ' ਮੈਗਜ਼ੀਨ ਦਾ ਸਹਾਇਕ ਸੰਪਾਦਕ ਹੈ। ਉਹਨਾ ਦੇ ਭਾਣਜੇ ਪ੍ਰਦੀਪ ਗੋਲਾ ਐੱਮ ਸੀ ਨੇ ਕਿਹਾ ਕਿ ਭਾਵੇਂ ਕਾਮਰੇਡ ਜਿੰਦਲ ਜੀ ਅੱਜ ਸਰੀਰਕ ਤੌਰ 'ਤੇ ਸਾਡੇ ਦਰਮਿਆਨ ਨਹੀਂ ਰਹੇ, ਪਰ ਉਹਨਾ ਵੱਲੋਂ ਸਮਾਜ ਅਤੇ ਨੌਜਵਾਨ ਪੀੜ੍ਹੀ ਲਈ ਕੀਤੇ ਕੰਮ ਅਤੇ ਉਹਨਾ ਦੀ ਸੋਚ ਹਮੇਸ਼ਾ ਸਮਾਜ ਵਿੱਚ ਜ਼ਿੰਦਾ ਰਹਿਣਗੇ ਅਤੇ ਆਉਣ ਵਾਲੀ ਨੌਜਵਾਨ ਪੀੜ੍ਹੀ ਉਹਨਾ ਦੇ ਇਹਨਾਂ ਕੀਤੇ ਕੰਮਾਂ ਤੋਂ ਪ੍ਰੇਰਨਾ ਲੈ ਕੇ ਆਪਣੇ ਸੰਘਰਸ਼ਾਂ ਨੂੰ ਤੇਜ਼ ਕਰਦੇ ਰਹਿਣਗੇ। ਆਗੂਆਂ ਨੇ ਸਮੁੱਚੇ ਤੌਰ 'ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਕਾਮਰੇਡ ਜਿੰਦਲ ਸੱਚਮੁੱਚ ਇੱਕ ਸ਼ਾਨਦਾਰ ਕਮਿਊਨਿਸਟ ਸਨ ਅਤੇ ਉਹਨਾ ਵੱਲੋਂ ਇਨਕਲਾਬੀ ਸੰਘਰਸ਼ਾਂ ਵਿੱਚ ਪਾਇਆ ਯੋਗਦਾਨ ਹਮੇਸ਼ਾ ਬੜੇ ਮਾਣ ਨਾਲ ਯਾਦ ਕੀਤਾ ਜਾਂਦਾ ਰਹੇਗਾ।

'ਤਾਸਮਨ' ਮੈਗਜ਼ੀਨ ਦੇ ਪ੍ਰਬੰਧਕੀ ਅਤੇ ਸੰਪਾਦਕੀ ਬੋਰਡ ਵੱਲੋਂ ਕਾਮਰੇਡ ਜਿੰਦਲ ਦੀ ਯਾਦ ਵਿੱਚ 'ਤਾਸਮਨ ਸ਼ਬਦ ਪ੍ਰਵਾਹ ਪੁਰਸਕਾਰ' ਉਘੇ ਸਾਹਿਤਕਾਰ ਰਾਜਿੰਦਰ ਬਿਮਲ ਨੂੰ ਦੇਣ ਦਾ ਐਲਾਨ ਕੀਤਾ ਗਿਆ। ਇਸ ਮੌਕੇ

● ਬਾਕੀ ਸਫ਼ਾ 10 'ਤੇ

30-jan-PAGE-4.qxd 1/29/2024 10:42 PM Page 1

ਨਵਾਂ ਜ਼ਮਾਨਾ
ਮੰਗਲਵਾਰ, 30 ਜਨਵਰੀ 2024

# ਨਿਤੀਸ਼ ਦੀ ਉਲਟਬਾਜ਼ੀ

*ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਭਾਜਪਾ 'ਇੰਡੀਆ' ਗਠਜੋੜ ਅੰਦਰ ਸੰਨ੍ਹ ਲਾਉਣ ਵਿੱਚ ਕਾਮਯਾਬ ਹੋ ਗਈ ਹੈ। ਪਲਟੀਬਾਜ਼ੀ ਵਿੱਚ ਮਸ਼ਹੂਰ ਹੋ ਚੁੱਕੇ ਨਿਤੀਸ਼ ਕੁਮਾਰ ਨੇ ਬਿਹਾਰ ਵਿੱਚ ਬਣੇ ਮਹਾਂਗਠਬੰਧਨ ਨੂੰ ਅਲਵਿਦਾ ਕਹਿ ਦਿੱਤਾ ਹੈ। ਫ਼ਾਸ਼ੀਵਾਦੀ ਦੌਰ ਅੰਦਰ ਅੱਜ ਸਿਆਸਤ ਵਿੱਚ ਸਿਧਾਂਤ, ਕਦਰਾਂ-ਕੀਮਤਾਂ ਤੇ ਵਿਚਾਰਧਾਰਾ ਦਾ ਖਾਤਮਾ ਹੋ ਚੁੱਕਾ ਹੈ। ਭਾਰਤੀ ਸਿਆਸਤ ਦਾ ਇਹ ਨਿਘਾਰ ਯੁੱਗ ਹੈ। ਨਿਤੀਸ਼ ਕੁਮਾਰ ਇਸ ਦੇ ਮਹਾਂਰਥੀ ਹਨ।*

*ਆਪਣੇ ਆਪ ਨੂੰ ਚਰਿੱਤਰਵਾਨ ਕਹਾਉਣ ਵਾਲੀ ਭਾਜਪਾ ਨੇ ਆਪਣੇ 10 ਸਾਲਾਂ ਦੇ ਰਾਜ ਦੌਰਾਨ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਪੈਰਾਂ ਹੇਠ ਰੋਲ ਦਿੱਤਾ ਹੈ। ਦੇਸ਼ ਦੇ ਹਰ ਰਾਜ ਵਿੱਚ ਕਾਰਪੋਰੇਟਾਂ ਦੀਆਂ ਥੈਲੀਆਂ ਨਾਲ ਵਿਧਾਇਕਾਂ ਦੀ ਵੇਚ-ਵੱਟ ਰਾਹੀਂ ਵਿਰੋਧੀ ਸਰਕਾਰਾਂ ਨੂੰ ਡੇਗ ਕੇ ਸੱਤਾ ਹਾਸਲ ਕਰਨ ਦੀ ਭੁੱਖ ਨੇ ਨਵੀਆਂ ਮਿਸਾਲਾਂ ਕਾਇਮ ਕੀਤੀਆਂ ਹਨ। ਭਾਜਪਾ ਦਾ ਤਾਂ ਆਖਰੀ ਨਿਸ਼ਾਨਾ ਹੀ ਲੋਕਤੰਤਰੀ ਵਿਵਸਥਾ ਨੂੰ ਤਹਿਸ-ਨਹਿਸ ਕਰਨਾ ਹੈ, ਪਰ ਦੇਸ਼ ਦੀ ਬਦਨਸੀਬੀ ਤਾਂ ਇਹ ਹੈ ਕਿ ਅਖੌਤੀ ਸਮਾਜਵਾਦੀ ਉਸ ਦੇ ਮਨਸੂਬਿਆਂ ਨੂੰ ਪੂਰਾ ਕਰਨ ਲਈ ਹਮੇਸ਼ਾ ਅਵਸਰਵਾਦੀ ਘੋੜੇ ਉਤੇ ਸਵਾਰ ਹੁੰਦੇ ਰਹੇ ਹਨ।*

*ਕੁਝ ਲੋਕਾਂ ਨੂੰ ਲਗਦਾ ਹੈ ਕਿ ਨਿਤੀਸ਼ ਕੁਮਾਰ ਨੂੰ ਭਜਾਉਣ ਵਿੱਚ 'ਇੰਡੀਆ' ਗਠਜੋੜ ਵਿੱਚ ਸ਼ਾਮਲ ਪਾਰਟੀਆਂ ਦਾ ਹੱਥ ਹੈ, ਉਹ ਗਲਤ ਹਨ। ਨਿਤੀਸ਼ ਇੰਡੀਆ ਗਠਜੋੜ ਦਾ ਕਨਵੀਨਰ ਹੀ ਨਹੀਂ, ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਬਣਨਾ ਚਾਹੁੰਦੇ ਸਨ। ਗਠਜੋੜ ਦੇ ਆਗੂ ਨਿਤੀਸ਼ ਦੇ ਪਿਛਲੇ ਚਾਲ ਚਰਿੱਤਰ ਨੂੰ ਸਮਝਦਿਆਂ ਫੂਕ-ਫੂਕ ਕੇ ਕਦਮ ਚੁੱਕ ਰਹੇ ਸਨ। ਜ਼ਰਾ ਸੋਚੋ, ਜੇਕਰ ਨਿਤੀਸ਼ ਨੂੰ ਗਠਜੋੜ ਦਾ ਕਨਵੀਨਰ ਬਣਾ ਦਿੱਤਾ ਜਾਂਦਾ ਤੇ ਉਹ ਫਿਰ ਪਲਟੀ ਮਾਰਦੇ ਤਾਂ ਨੁਕਸਾਨ ਵੱਡਾ ਹੋਣਾ ਸੀ।*

*ਨਿਤੀਸ਼ ਕੁਮਾਰ ਨੂੰ ਇਹ ਵੀ ਸਮਝ ਨਹੀਂ ਆਇਆ ਕਿ ਹਰ ਪਲਟੀ ਤੋਂ ਬਾਅਦ ਉਸ ਦੀ ਪਾਰਟੀ ਲਗਾਤਾਰ ਕਮਜ਼ੋਰ ਹੁੰਦੀ ਰਹੀ ਹੈ। ਨਿਤੀਸ਼ ਕੁਮਾਰ ਨੇ ਬਿਹਾਰ ਵਿਧਾਨ ਸਭਾ ਦੀਆਂ 2010 ਦੀਆਂ ਚੋਣਾਂ ਵਿੱਚ 115 ਸੀਟਾਂ ਜਿੱਤੀਆਂ ਸਨ। ਉਸ ਨੇ ਭਾਜਪਾ ਨਾਲ ਗਠਜੋੜ ਕਰਕੇ ਸਰਕਾਰ ਬਣਾਈ ਸੀ। ਅਗਲੀਆਂ ਚੋਣਾਂ ਨਿਤੀਸ਼ ਕੁਮਾਰ ਨੇ ਲਾਲੂ ਪ੍ਰਸਾਦ ਨਾਲ ਮਿਲ ਕੇ ਲੜੀਆਂ ਸਨ ਤੇ ਉਸ ਨੂੰ 71 ਸੀਟਾਂ ਮਿਲੀਆਂ ਸਨ। ਉਸ ਉਪਰੰਤ ਨਿਤੀਸ਼ ਨੇ 2020 ਦੀਆਂ ਵਿਧਾਨ ਸਭਾ ਚੋਣਾਂ ਭਾਜਪਾ ਨਾਲ ਮਿਲ ਕੇ ਲੜੀਆਂ ਸਨ। ਇਨ੍ਹਾਂ ਚੋਣਾਂ ਵਿੱਚ ਉਹ 71 ਤੋਂ ਘਟ ਕੇ 43 ਸੀਟਾਂ ਉੱਤੇ ਆ ਗਿਆ ਸੀ।*

*ਨਿਤੀਸ਼ ਕੁਮਾਰ ਨੂੰ ਸ਼ਾਇਦ ਇਹ ਚੇਤਾ ਨਹੀਂ ਕਿ ਜਾਰਜ ਫਰਨਾਂਡੇਜ਼ ਵਰਗੇ ਕਿੰਨੇ ਆਗੂ ਹਨ, ਜਿਨ੍ਹਾਂ ਦੀ ਕਦੇ ਤੂਤੀ ਬੋਲਦੀ ਸੀ, ਜਨਤਾ ਨਾਲ ਧੋਖਾ ਕਰਨ ਉੱਤੇ ਮਿੱਟੀ ਵਿੱਚ ਮਿਲ ਗਏ ਸਨ। ਅੱਜ ਮਾਹੌਲ ਬਦਲ ਚੁੱਕਾ ਹੈ। ਦੇਸ਼ ਦੀਆਂ ਘੱਟਗਿਣਤੀਆਂ, ਦਲਿਤ, ਆਦਿਵਾਸੀ ਤੇ ਗਰੀਬ ਜਨਤਾ ਕੇਂਦਰ ਸਰਕਾਰ ਦੇ ਜ਼ੁਲਮਾਂ ਕਾਰਨ ਤਰਾਹ-ਤਰਾਹ ਕਰ ਰਹੀਆਂ ਹਨ। ਰਾਹੁਲ ਗਾਂਧੀ ਦੀਆਂ ਯਾਤਰਾਵਾਂ ਉਨ੍ਹਾਂ ਵਿੱਚ ਉਮੀਦਾਂ ਜਗਾ ਰਹੀਆਂ ਹਨ। ਬਿਹਾਰ ਵਿੱਚ 18 ਫ਼ੀਸਦੀ ਮੁਸਲਿਮ ਅਬਾਦੀ ਹਮੇਸ਼ਾ ਨਿਤੀਸ਼ ਨਾਲ ਖੜ੍ਹੀ ਰਹੀ ਹੈ। ਹੁਣ ਨਿਤੀਸ਼ ਤੇ ਜੇ ਡੀ ਯੂ ਦੇ ਕਾਰਜਕਰਤਾ ਉਨ੍ਹਾਂ ਕੋਲ ਕਿਸ ਮੂੰਹ ਨਾਲ ਜਾਣਗੇ। ਯਾਦ ਰਹੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਤੇ ਜੇ ਡੀ ਯੂ ਗਠਜੋੜ ਅਤੇ ਆਰ ਜੇ ਡੀ, ਕਾਂਗਰਸ ਤੇ ਲੈਫਟ ਗਠਜੋੜ ਨੂੰ 37-37 ਫ਼ੀਸਦੀ ਬਰਾਬਰ ਵੋਟਾਂ ਮਿਲੀਆਂ ਸਨ। ਹਰ ਵਿਅਕਤੀ ਦੀ ਆਪਣੀ ਨੈਤਿਕਤਾ ਹੁੰਦੀ ਹੈ। ਉਹ ਇੱਕ ਹੱਦ ਤੱਕ ਹੀ ਇਸ ਨਾਲ ਸਮਝੌਤਾ ਕਰ ਸਕਦਾ ਹੈ। ਉਸ ਦਾ ਜਦੋਂ ਸਬਰ ਟੁੱਟਦਾ ਹੈ ਤਾਂ ਸਭ ਗੰਦ ਹੂੰਝ ਕੇ ਰੱਖ ਦਿੰਦਾ ਹੈ। ਨਿਤੀਸ਼ ਕੁਮਾਰ ਨੂੰ ਇਸ ਸਮੇਂ ਇਤਿਹਾਸ ਦਾ ਕੂੜੇਦਾਨ ਉਡੀਕ ਰਿਹਾ ਹੈ। ਭਾਜਪਾ ਨਾਲ ਗਠਜੋੜ ਕਰਨ ਵਾਲਿਆਂ ਦਾ ਕੀ ਹਸ਼ਰ ਹੋਇਆ, ਉਹ ਇਸ ਦਾ ਗਵਾਹ ਹੈ। ਅਕਾਲੀ ਦਲ ਤੋੜਿਆ, ਯੂ ਪੀ ਦਾ ਅਪਨਾ ਦਲ ਦੋ ਟੋਟੇ ਕੀਤਾ, ਸ਼ਿਵ ਸੈਨਾ ਦੋ ਹਿੱਸਿਆਂ ਵਿੱਚ ਕੀਤੀ ਤੇ ਲੋਕ ਜਨ ਸ਼ਕਤੀ ਪਾਰਟੀ ਅੰਦਰ ਚਾਚੇ-ਭਤੀਜੇ ਦੀ ਜੰਗ ਕਰਾ ਕੇ ਚਿਰਾਗ ਪਾਸਵਾਨ ਨੂੰ ਖੂੰਜੇ ਲਾ ਦਿੱਤਾ ਹੈ। ਹੁਣ ਜਨਤਾ ਦਲ (ਯੂ) ਦੀ ਵਾਰੀ ਹੈ।*

**-ਚੰਦ ਫਤਿਹਪੁਰੀ**

# ਭਾਜਪਾ ਦੀ ਜਿੱਤ ਦਾ ਰਾਹ ਪੱਧਰਾ ਕਰਨ ਵਾਲਿਆਂ ਨੂੰ ਦੁਰਕਾਰੋ



ਮੰਗਤ ਰਾਮ ਪਾਸਲਾ

ਮਾਨਵ ਸਮਾਜ ਦੇ ਸਿਹਤਮੰਦ ਸੰਚਾਲਨ ਅਤੇ ਵਿਕਾਸ ਲਈ ਰਾਜਨੀਤੀ ਇਕ ਬਹੁਤ ਹੀ ਮਹੱਤਵਪੂਰਨ ਕਾਰਕ ਹੈ ਅਤੇ ਆਪਣੇ ਆਪ 'ਚ ਇਹ ਇੱਕ ਪਵਿੱਤਰ ਸੰਕਲਪ ਹੈ, ਜੇਕਰ ਇਸ ਦੀ ਵਰਤੋਂ ਮਿਹਨਤਕਸ਼ ਵਰਗਾਂ ਦੇ ਹਿੱਤਾਂ ਦੀ ਰਾਖੀ ਲਈ ਕੀਤੀ ਜਾਵੇ। ਇਸ ਦੇ ਉਲਟ ਇਕ ਦੂਸਰੀ ਕਿਸਮ ਦੀ ਰਾਜਨੀਤੀ ਵੀ ਹੈ, ਜੋ ਲੁਟੇਰੇ ਵਰਗਾਂ ਦੇ ਹਿੱਤਾਂ ਦੀ ਰਾਖੀ ਲਈ ਕੀਤੀ ਜਾਂਦੀ ਹੈ। ਇਸ ਤੋਂ ਬਿਨਾਂ ਰਾਜਨੀਤੀ ਦੀ ਇਕ ਅਸਲੋਂ ਹੀ ਫੂਹੜ ਤੀਸਰੀ ਵੰਨਗੀ ਹੈ, ਜਿਸ ਨੂੰ 'ਰਾਜਨੀਤਕ ਵੇਸਵਾਗਿਰੀ' ਦਾ ਨਾਂਅ ਦਿੱਤਾ ਜਾ ਸਕਦਾ ਹੈ। ਇਸ ਦੇ ਸੰਚਾਲਕਾਂ ਨੂੰ ਨਾ ਲੋਕਾਂ ਦੇ ਹਿਤਾਂ ਦੀ ਪਰਵਾਹ ਹੁੰਦੀ ਹੈ ਤੇ ਨਾ ਹੀ ਕਿਸੇ ਵਿਸ਼ੇਸ਼ ਜਾਤੀ, ਧਰਮ, ਫਿਰਕੇ ਜਾਂ ਵਰਗ ਦੀ। ਇਸਦੇ ਨੇਤਾ ਚੌਰਾਹੇ 'ਚ ਖੜ੍ਹੇ ਹੋ ਕੇ ਆਪਣੀ ਜ਼ਮੀਰ ਦੀ ਨਿਲਾਮੀ ਕਰਦੇ ਹਨ ਤੇ ਜਿਹੜਾ ਵੀ ਕੋਈ ਵੱਧ ਮੁੱਲ ਪਾ ਦੇਵੇ, ਉਸੇ ਨਾਲ ਤੁਰ ਪੈਂਦੇ ਹਨ। ਇਤਿਹਾਸ 'ਚ ਐਸੇ ਨੀਤੀਵਾਨਾਂ ਦੀ ਵੀ ਕੋਈ ਕਮੀ ਨਹੀਂ ਹੈ।

ਸਾਡੇ ਦੇਸ਼ ਅੰਦਰ ਭਾਵੇਂ ਪਹਿਲਾਂ ਵੀ ਕਈ ਆਇਆ ਰਾਮ-ਗਿਆ ਰਾਮ ਹੋਏ ਹਨ, ਪ੍ਰੰਤੂ ਅਜੋਕੇ ਸਮੇਂ ਦੀ ਰਾਜਨੀਤੀ ਅੰਦਰ ਇਸੇ ਤੀਸਰੀ ਵੰਨਗੀ ਦਾ ਪ੍ਰਤੀਕ ਹੈ ਬਿਹਾਰ ਦਾ ਮੁੱਖ ਮੰਤਰੀ ਤੇ ਜਨਤਾ ਦਲ (ਸੰਯੁਕਤ) ਦਾ ਪ੍ਰਧਾਨ ਨਿਤੀਸ਼ ਕੁਮਾਰ, ਜਿਸ ਨੇ ਰਾਜਨੀਤਕ, ਸਮਾਜਿਕ ਤੇ ਵਿਚਾਰਧਾਰਕ ਨੈਤਿਕਤਾ ਦੇ ਸਾਰੇ ਅਸੂਲਾਂ ਨੂੰ ਤਿਆਗ ਕੇ ਸਿਰਫ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਤੇ ਐਸ਼ੋ-ਇਸ਼ਰਤ ਨਾਲ ਜ਼ਿੰਦਗੀ ਬਸਰ ਕਰਨ ਲਈ ਬੇਅਸੂਲੇਪਣ ਦੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ। ਉਸ ਦੇ ਕਿਰਦਾਰ ਨੂੰ ਦਰਸਾਉਂਦਾ ਢੁਕਵਾਂ ਸ਼ਬਦ 'ਪਲਟੂ ਰਾਮ' ਵੀ ਉਸ ਦੀ ਮੌਕਾਪ੍ਰਸਤੀ ਦੇ ਮੁਕਾਬਲੇ ਨਾਕਾਫ਼ੀ ਜਾਪਦਾ ਹੈ।

ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅੱਤ ਘਿਨਾਉਣੀ, ਮੌਕਾਪ੍ਰਸਤ ਤੇ ਧ੍ਰੋਹ ਕਮਾਉਣ ਵਾਲੀ ਰਾਜਨੀਤਕ ਪਲਟੀ ਨੇ ਦੇਸ਼ ਦੇ ਸਾਰੇ ਬਾਜ਼ਮੀਰ ਤੇ ਇਨਸਾਫ਼ਪਸੰਦ ਲੋਕਾਂ ਨੂੰ ਹੈਰਾਨ ਤੇ ਮਾਯੂਸ ਕੀਤਾ ਹੈ। ਅਵਸਰਵਾਦੀ ਸ਼ੁਹਦੇਪਨ ਤੇ 'ਸਵੈ-ਸਿੱਧੀ' ਲਈ ਚੁੱਕਿਆ ਗਿਆ ਇਹ ਆਤਮਘਾਤੀ ਕਦਮ ਭਾਰਤ ਦੇ ਰਾਜਨੀਤਕ ਇਤਿਹਾਸ ਅੰਦਰ 'ਕਾਲੇ ਅਧਿਆਏ' ਵਜੋਂ ਜਾਣਿਆ ਜਾਵੇਗਾ। ਭਾਜਪਾ ਗਠਜੋੜ ਨੂੰ ਅਲਵਿਦਾ ਕਹਿ ਕੇ ਗੈਰ-ਭਾਜਪਾ ਰਾਜਨੀਤਕ ਦਲਾਂ ਦੇ ਸਾਂਝੇ ਮੋਰਚੇ ਦੇ ਗਠਨ ਨਾਲ ਬਣੇ ਮੁੱਖ ਮੰਤਰੀ ਨੇ 'ਭਗਵਾਧਾਰੀਆਂ' ਬਾਰੇ ਕਿਸੇ ਸਮੇਂ ਜਿਹੜੇ ਇਲਜ਼ਾਮ ਲਗਾਏ ਸਨ, ਜੇਕਰ ਉਹ ਖ਼ੁਦ ਹੀ ਉਸ ਇਬਾਰਤ ਨੂੰ ਪੜ੍ਹ ਲਵੇ ਤਾਂ ਅਵੱਸ਼ਕ ਤੌਰ 'ਤੇ ਆਪਣੀਆਂ ਨਿਗਾਹਾਂ 'ਚ ਹੀ ਗਿਰਿਆ ਮਹਿਸੂਸ ਕਰੇਗਾ। ਹੁਣੇ ਹੁਣੇ ਗੈਰ-ਭਾਜਪਾ ਰਾਜਸੀ ਦਲਾਂ ਦੇ 'ਇੰਡੀਆ' ਨਾਮੀ ਗਠਜੋੜ ਦੇ ਸਿਰਜਣਹਾਰੇ ਹੋਣ ਦਾ ਦਾਅਵਾ ਕਰਨ ਵਾਲਾ ਤੇ ਖ਼ੁਦ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਲਾਲਾਂ ਸੁੱਟਣ ਵਾਲਾ ਇਹ ਨਾਮਨਿਹਾਦ 'ਸੋਸ਼ਲਿਸਟ' ਨੇਤਾ, ਜਿਸ ਢੰਗ ਨਾਲ ਭਾਜਪਾ ਦੇ ਚਰਨੀਂ ਜਾ ਡਿੱਗਿਆ ਹੈ, ਉਹ ਕੋਈ ਸੱਤਾ ਦੀ ਭੁੱਖ 'ਚ ਗ੍ਰਸਿਆ ਲੋਕ ਹਿਤਾਂ ਸੰਗ ਧ੍ਰੋਹ ਕਮਾਉਣ ਵਾਲਾ ਹੰਕਾਰੀ ਵਿਅਕਤੀ ਹੀ ਕਰ ਸਕਦਾ ਹੈ। ਅਜਿਹੇ ਹੀ ਲੋਕਾਂ ਨੇ ਜੋ ਦਾਅਵੇ ਤਾਂ ਲੋਕ ਸੇਵਾ ਦੇ ਕਰਦੇ ਨਹੀਂ ਥੱਕਦੇ, ਪ੍ਰੰਤੂ ਕੰਮ ਲੋਕਾਂ ਦੇ ਜੜ੍ਹੀਂ ਤੇਲ ਦੇ ਕੇ ਆਪਣਾ ਉਲੂ ਸਿੱਧਾ ਕਰਨ ਵਾਲਾ ਕਰਦੇ ਹਨ। 'ਰਾਜਨੀਤੀ' ਵਰਗੇ ਪਵਿੱਤਰ ਸ਼ਬਦ ਦੇ ਨੈਣ-ਨਕਸ਼ ਵਿਗਾੜੇ ਹਨ। ਇਨ੍ਹਾਂ ਲਈ ਸਭ ਕੁਝ 'ਸਰਕਾਰ', 'ਭੰਡਾਰ' (ਪੈਸਾ) ਤੇ 'ਹੰਕਾਰ' ਹੀ ਹੈ। ਦੁਨੀਆ ਦੀ ਮਜ਼ਦੂਰ ਲਹਿਰ ਦੇ ਮਹਾਨ ਆਗੂ ਸਾਥੀ ਵੀ ਆਈ ਲੈਨਿਨ ਤੇ ਜੇ ਵੀ ਸਟਾਲਿਨ ਨੇ ਆਪਣੇ ਦੇਸ਼ ਵਿੱਚ, ਭਾਰਤ ਦੇ ਜਾਰਜ ਫਰਨਾਡੇਂਜ਼ ਤੇ ਨਿਤੀਸ਼ ਕੁਮਾਰ ਵਰਗੇ, 'ਸੋਸ਼ਲ ਡੈਮੋਕਰੇਸੀ' ਦੇ ਨਮੂਨਿਆਂ ਵਿਰੁੱਧ ਜ਼ਿੰਦਗੀ ਭਰ ਬੇਕਿਰਕ ਸੰਘਰਸ਼ ਕਰਦਿਆ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦੀ ਡਟ ਕੇ ਰਾਖੀ ਕੀਤੀ ਸੀ। ਉਨ੍ਹਾਂ ਮਹਾਨ ਆਗੂਆਂ ਨੇ 'ਸੋਸ਼ਲ ਡੈਮੋਕਰੇਸੀ' ਨੂੰ ਮਜ਼ਦੂਰ ਜਮਾਤ ਦਾ ਸਭ ਤੋਂ ਕੱਟੜ ਦੁਸ਼ਮਣ ਐਲਾਨਿਆ ਹੈ।

ਅੱਜ ਸਾਡੇ ਦੇਸ਼ ਦੇ 140 ਕਰੋੜ ਲੋਕ ਬੇਸ਼ੁਮਾਰ ਆਰਥਿਕ ਤੰਗੀਆਂ ਤੇ ਗੁਰਬਤ ਦੇ ਦੌਰ 'ਚੋਂ ਗੁਜ਼ਰਦੇ ਹੋਏ ਚੰਗੇ ਭਵਿੱਖ ਲਈ ਨਰੋਈਆਂ ਸ਼ਕਤੀਆਂ ਵੱਲ ਟਿਕਟਿਕੀ ਲਾ ਕੇ ਦੇਖ ਰਹੇ ਹਨ। ਦੇਸ਼ ਅੰਦਰ ਕਾਰਪੋਰੇਟ ਘਰਾਣਿਆਂ ਦੀ ਸੇਵਾ ਹਿਤ ਕੰਮ ਕਰਨ ਵਾਲੀਆਂ ਫਿਰਕੂ-ਫਾਸ਼ੀ ਸ਼ਕਤੀਆਂ (ਆਰ ਐਸ ਐਸ ਤੇ ਉਸ ਦਾ ਪਰਵਾਰ) ਆਰਥਿਕ ਤੌਰ 'ਤੇ ਲੋਕਾਂ ਦਾ ਸ਼ਿਕੰਜਾ ਸਿਰਫ ਹੋਰ ਹੀ ਨਹੀਂ ਕੱਸਣਾ ਚਾਹੁੰਦੀਆਂ, ਬਲਕਿ ਉਨ੍ਹਾਂ ਨੂੰ ਅਜਿਹੇ ਰਾਜਸੀ ਪ੍ਰਬੰਧ 'ਚ ਕੈਦ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੀਆਂ ਹਨ, ਜਿਥੇ ਧਰਮ ਦੀ ਘੁੱਟੀ ਪਿਲਾ ਕੇ ਪੀੜਾਂ ਝੱਲਣ ਵਾਲੇ ਲੋਕਾਂ ਦੀ 'ਜ਼ੁਬਾਨ ਤੇ ਕਲਮ' ਨੂੰ ਵੀ ਕੈਦ ਕਰ ਲਿਆ ਜਾਵੇਗਾ। ਧਰਮ ਦੇ ਨਾਂਅ ਉਤੇ ਮਨੁੱਖ ਨੂੰ ਦੂਸਰੇ ਮਨੁੱਖ ਦਾ ਵੈਰੀ ਬਣਾ ਕੇ ਖ਼ੂਨ ਦੀ ਹੋਲੀ ਵੀ ਖੇਡੀ ਜਾ ਸਕਦੀ ਹੈ। ਮਨੂੰਵਾਦੀ ਵਿਵਸਥਾ ਥੋਪ ਕੇ ਦਲਿਤਾਂ, ਆਦਿਵਾਸੀਆਂ, ਪੱਛੜੀਆਂ ਤੇ ਅਛੂਤ ਸਮਝੀਆਂ ਜਾਂਦੀਆਂ ਜਾਤੀਆਂ ਤੇ ਔਰਤਾਂ ਨਾਲ ਪਸ਼ੂਆਂ ਤੇ ਗੁਲਾਮਾਂ ਵਾਲਾ ਵਿਹਾਰ ਹੀ ਨਹੀਂ ਕੀਤਾ ਜਾਵੇਗਾ, ਬਲਕਿ ਸਮਾਜ ਦੇ ਉੱਚ ਜਾਤੀ ਤੇ ਧਨਵਾਨ ਵਰਗਾਂ ਦੇ ਅਯਾਸ਼ ਤੱਤਾਂ ਨੂੰ ਬੇਵੱਸ ਤੇ ਮਾਯੂਸ ਲੋਕਾਂ ਨਾਲ ਹਰ ਪੱਖੋਂ ਮਨਮਾਨੀਆਂ/ ਜ਼ਿਆਦਤੀਆਂ ਕਰਨ ਦਾ ਅਧਿਕਾਰ ਵੀ ਮਿਲ ਜਾਵੇਗਾ। ਇਹ ਲੋਕ ਆਜ਼ਾਦੀ ਅੰਦੋਲਨ ਤੇ ਆਜ਼ਾਦ ਭਾਰਤ ਦੇ 75 ਸਾਲਾਂ ਦੀਆਂ ਪ੍ਰਾਪਤੀਆਂ ਨੂੰ ਮੱਧ ਯੁੱਗ ਦੇ ਡੂੰਘੇ ਸਮੁੰਦਰ 'ਚ ਦਫਨ ਕਰ ਦੇਣਾ ਚਾਹੁੰਦੇ ਹਨ।

ਇਸੇ ਕਰਕੇ ਅਜਿਹੀਆਂ ਕਾਲੀਆਂ ਤਾਕਤਾਂ ਤੋਂ ਛੁਟਕਾਰਾ ਹਾਸਲ ਕਰਨ ਲਈ ਭਾਰੀ ਗਿਣਤੀ ਵਿਚ ਲੋਕਾਂ ਨੇ ਗੈਰ-ਭਾਜਪਾ ਦਲਾਂ ਦੇ ਗਠਜੋੜ 'ਇੰਡੀਆ' ਨੂੰ, ਸਾਰੀਆਂ ਘਾਟਾਂ ਤੇ ਕਮਜ਼ੋਰੀਆਂ ਦੇ ਬਾਵਜੂਦ 2024 ਦੀਆਂ ਲੋਕ ਸਭਾ ਚੋਣਾਂ ਅੰਦਰ ਇਕ ਬਦਲਵੇਂ, ਕਾਰਗਾਰ ਪਲੇਟਫਾਰਮ ਵਜੋਂ ਅੰਕਿਤ ਕੀਤਾ ਹੋਇਆ ਹੈ। ਜਦੋਂ ਵੀ ਇਸ ਗਠਜੋੜ ਦਾ ਹਿੱਸਾ ਬਣਿਆ ਕੋਈ ਰਾਜਸੀ ਦਲ ਭਾਜਪਾ ਨੂੰ ਹਰਾਉਣ ਵਾਲੀਆਂ ਸਾਂਝੀਆਂ ਕਾਰਵਾਈਆਂ ਦੇ ਰਾਹ 'ਚ ਰੋੜਾ ਬਣਦਾ ਹੈ ਜਾਂ ਵਿਘਨ ਪਾਉਂਦਾ ਹੈ, ਤਾਂ ਦੇਸ਼ ਨੂੰ ਧਰਮ ਨਿਰਪੱਖ ਤੇ ਲੋਕਰਾਜੀ ਰੂਪ 'ਚ ਦੇਖਣ ਦਾ ਚਾਹਵਾਨ ਕੋਈ ਵੀ ਵਿਅਕਤੀ ਉਸ ਨੂੰ ਚੰਗਾ ਨਹੀਂ ਸਮਝਦਾ। ਨਿਤੀਸ਼ ਕੁਮਾਰ ਦਾ 'ਇੰਡੀਆ' ਗਠਜੋੜ ਨੂੰ ਦਗ਼ਾ ਦੇ ਕੇ ਭਾਜਪਾ ਦੇ ਟੋਲੇ 'ਚ ਸ਼ਾਮਲ ਹੋਣ ਲਈ ਤਰਲੋ-ਮੱਛੀ ਹੋਣਾ ਵੀ ਅਜਿਹਾ ਹੀ ਕੁਕਰਮ ਹੈ, ਜਿਸ ਨੇ ਸਹੀ ਸੋਚ ਵਾਲੇ ਦੇਸ਼ ਦੇ ਸਮੁੱਚੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਹੈ। ਬਿਨਾਂ ਸ਼ੱਕ 'ਇੰਡੀਆ' ਗਠਜੋੜ ਲਈ ਇਹ ਇਕ ਵੱਡਾ ਰਾਜਸੀ ਝਟਕਾ ਹੈ। 'ਇੰਡੀਆ' ਦੇ ਨੇਤਾਵਾਂ ਨੂੰ ਭਵਿੱਖ 'ਚ ਵੀ ਅਜਿਹੇ ਘੋਰ ਅਵਸਰਵਾਦੀ ਤੱਤਾਂ ਤੋਂ ਪੂਰਾ ਸੁਚੇਤ ਰਹਿਣਾ ਹੋਵੇਗਾ ਤੇ ਗਠਜੋੜ ਦੀ ਏਕਤਾ ਬਣਾਈ ਰੱਖਣ ਲਈ ਬਿਨਾਂ ਕਿਸੇ ਵੀ ਕਿਸਮ ਦੀ ਉਕਸਾਹਟ ਤੇ ਬੇਲੋੜੀ ਬਿਆਨਬਾਜ਼ੀ ਤੋਂ ਬਚਣਾ ਹੋਵੇਗਾ। ਜੇਕਰ ਕਿਸੇ ਦਲ ਨੂੰ ਲੋਕ ਸਭਾ ਚੋਣਾਂ ਅੰਦਰ ਭਾਜਪਾ ਨੂੰ ਹਰਾਉਣ ਲਈ ਕੋਈ ਛੋਟੀ-ਮੋਟੀ ਕੁਰਬਾਨੀ ਵੀ ਕਰਨੀ ਪਵੇ, ਤਾਂ ਵੀ ਦੇਸ਼ ਦੇ ਵਡੇਰੇ ਹਿੱਤਾਂ ਨੂੰ ਸਨਮੁੱਖ ਰੱਖ ਕੇ ਉਸ ਤੋਂ ਵੀ ਗੁਰੇਜ਼ ਨਹੀਂ ਕਰਨਾ ਚਾਹੀਦਾ।

ਬਹੁਤ ਸਾਰੇ ਗੈਰ-ਭਾਜਪਾ ਦਲ ਤੇ ਰਾਜਸੀ ਨੇਤਾ ਹਾਲੇ ਇਸ ਤੱਥ ਨੂੰ ਸਮਝਣ ਲਈ ਤਿਆਰ ਨਹੀਂ ਹਨ ਕਿ 2024 'ਚ ਭਾਜਪਾ ਦੀ ਤੀਸਰੀ ਵਾਰ ਸੱਤਾ 'ਤੇ ਵਾਪਸੀ ਨੇ ਸਿਰਫ ਪਿਛਲੀ ਸਰਕਾਰ ਨੂੰ ਹੀ ਚੱਲਦਾ ਨਹੀਂ ਰੱਖਣਾ, ਬਲਕਿ ਇਸ ਨਾਲ ਦੇਸ਼ ਐਸੇ ਫਾਸ਼ੀ ਜਬਾੜ੍ਹਿਆਂ 'ਚ ਜਕੜ ਦਿੱਤਾ ਜਾਵੇਗਾ, ਜਿਥੇ ਹਰ ਵਿਅਕਤੀ ਲਈ ਇਕ ਖਾਸ ਧਰਮ, ਵਿਚਾਰਧਾਰਾ, ਜੀਵਨ ਜਾਚ ਤੇ ਹੰਕਾਰੀ ਤਾਨਾਸ਼ਾਹ ਦੀ ਅਧੀਨਗੀ ਸਵੀਕਾਰ ਕਰਨੀ ਲਾਜ਼ਮੀ ਹੋਵੇਗੀ ਤੇ ਜਾਂ ਫਿਰ ਤੜਫ਼-ਤੜਫ਼ ਕੇ ਮਰਨ ਲਈ ਤਿਆਰ ਰਹਿਣਾ ਪਵੇਗਾ। ਇਉਂ ਵੀ ਲੱਗਦਾ ਹੈ ਕਿ ਸੱਤਾ ਦੀ ਲਾਲਸਾ ਅਤੇ ਪੈਸੇ ਦੀ ਦਾਨਵੀ ਭੁੱਖ ਨੇ ਹਾਕਮ ਜਮਾਤੀ ਰਾਜਸੀ ਦਲਾਂ ਦੇ ਕਈ ਆਗੂਆਂ ਦੇ ਮਾਨਵੀ ਚਰਿੱਤਰ ਨੂੰ ਹੀ ਗ੍ਰਹਿਣ ਲਗਾ ਦਿੱਤਾ ਹੈ। ਭੁੱਲਣਾ ਨਹੀਂ ਚਾਹੀਦਾ ਕਿ 'ਫਾਸ਼ੀਵਾਦ' ਸਮੁੱਚੀ ਮਨੁੱਖਤਾ ਲਈ ਸਭ ਤੋਂ ਵੱਧ ਖਤਰਨਾਕ ਤੇ ਖ਼ੂੰਖਾਰ ਭੇੜੀਆ ਹੈ, ਜੋ ਮਨੁੱਖੀ ਲਾਸ਼ਾਂ ਦੀ ਖੁਰਾਕ ਤੋਂ ਬਿਨਾਂ ਹੋਰ ਕੁਝ ਨਹੀਂ ਖਾਂਦਾ। ਕਾਰਪੋਰੇਟ ਘਰਾਣਿਆਂ ਦੀ ਸੇਵਾ ਹਿੱਤ ਆਪਣੇ ਜੋਟੀਦਾਰਾਂ ਨੂੰ ਵੀ ਮੁਆਫ਼ ਨਹੀਂ ਕਰਦਾ। ਅਜਿਹੇ ਫਾਸ਼ੀ ਰਾਜ 'ਚ ਸਰਮਾਏਦਾਰਾਂ ਦੀਆਂ ਦੂਸਰੀਆਂ ਸੱਤਾ ਵਿਰੋਧੀ ਰਾਜਸੀ ਪਾਰਟੀਆਂ ਤੇ ਨੇਤਾਵਾਂ, ਜਨਵਾਦੀ ਸੰਸਥਾਵਾਂ, ਟਰੇਡ ਯੂਨੀਅਨਾਂ, ਸਮਾਜਕ ਸੰਗਠਨਾਂ ਆਦਿ ਲਈ ਕੋਈ ਥਾਂ ਨਹੀਂ ਹੁੰਦੀ। ਸਿਰਫ ਧਰਮ ਦੇ ਆਸਥਾਵਾਦੀ ਬੇਲਗਾਮ ਘੋੜੇ 'ਤੇ ਅਸਵਾਰ ਹੋਏ 'ਹੰਕਾਰੀ ਹਾਕਮ' ਦਾ ਹੀ ਸਭ ਪਾਸੇ ਬੋਲਬਾਲਾ ਦਿਖਾਈ ਦਿੰਦਾ ਹੈ। ਦੁਨੀਆ ਪਹਿਲਾਂ ਵੀ ਕਈ ਦੇਸ਼ਾਂ 'ਚ ਇਸ ਤਰ੍ਹਾਂ ਦੇ ਫਾਸ਼ੀ ਰਾਜ ਦੇ ਕੌੜੇ ਤਜਰਬਿਆਂ ਦਾ ਸੁਆਦ ਚੱਖ ਚੁੱਕੀ ਹੈ।

ਏਥੇ ਧਰਵਾਸ ਦੇਣ ਵਾਲੀ ਗੱਲ ਜਰੂਰ ਹੈ ਕਿ ਜੇਕਰ 'ਪਲਟੂ ਰਾਮ' ਨਿਤੀਸ਼ ਕੁਮਾਰ ਚੋਣਾਂ ਤੋਂ ਪਹਿਲਾਂ ਅਜਿਹਾ ਕਾਰਨਾਮਾ ਨਾ ਵੀ ਕਰਦਾ ਤਾਂ ਇਸ ਗੱਲ ਦੀ ਸੰਭਾਵਨਾ ਨੂੰ ਰੱਦ ਨਹੀਂ ਸੀ ਕੀਤਾ ਜਾ ਸਕਦਾ ਕਿ ਚੋਣਾਂ 'ਚ ਕੁਝ ਸੀਟਾਂ ਜਿੱਤਣ ਤੋਂ ਬਾਅਦ ਆਪਣੇ ਕੁਣਬੇ ਨੂੰ ਨਾਲ ਲੈ ਕੇ ਇਹ 'ਚੁਫੇਰਗੜ੍ਹੀਆ' ਭਾਜਪਾ ਦੇ ਟੋਲੇ ਸੰਗ ਜਾ ਮਿਲਦਾ। ਉਸ ਸਮੇਂ ਨੁਕਸਾਨ ਹੁਣ ਤੋਂ ਵੀ ਕਿਤੇ ਜ਼ਿਆਦਾ ਹੋਣਾ ਸੀ।

ਇਹ ਵੀ ਇਕ ਹਕੀਕਤ ਹੈ ਕਿ ਇਤਿਹਾਸ 'ਚ ਐਸੇ ਲੋਕਾਂ ਦੀ ਕਮੀ ਨਹੀਂ, ਜੋ ਹਮੇਸ਼ਾ ਹੀ ਲੋਕਾਂ ਨਾਲ ਦਗ਼ਾ ਕਰਕੇ ਕਿਸੇ ਲਾਲਚ ਵੱਸ ਸੱਤਾ ਦੇ ਸਾਹਮਣੇ ਦੰਡਵਤ ਹੋਣ ਨੂੰ ਤਰਜੀਹ ਦਿੰਦੇ ਰਹੇ ਹਨ। ਪਰ ਇਹ ਵੀ ਸੱਚ ਹੈ ਕਿ ਇਤਿਹਾਸ ਅਜਿਹੇ ਤੱਤਾਂ ਨੂੰ ਰੱਦੀ ਦੇ ਕੂੜੇਦਾਨ 'ਚ ਵੀ ਸੁੱਟਦਾ ਆ ਰਿਹਾ ਹੈ।

ਇਸ ਘਟਨਾਕ੍ਰਮ 'ਚ ਭਾਜਪਾ ਵੱਲੋਂ ਇਕ 'ਵਿਸ਼ੇਸ਼ ਕਿਸਮ' ਦੀ ਅਸੂਲੀ ਰਾਜਸੀ ਪਾਰਟੀ ਹੋਣ ਦੇ ਦਾਅਵਿਆਂ ਦੀ ਵੀ ਫੂਕ ਨਿਕਲ ਗਈ ਹੈ, ਜਿਹੜੀ ਕੁਝ ਕੁ ਮਹੀਨੇ ਪਹਿਲਾਂ ਤਾਈਂ ਨਿਤੀਸ਼ ਕੁਮਾਰ ਵਰਗੇ ਨੇਤਾਵਾਂ ਲਈ ਹਮੇਸ਼ਾ-ਹਮੇਸ਼ਾ ਲਈ ਦਰਵਾਜ਼ੇ ਬੰਦ ਕਰਨ ਦਾ ਐਲਾਨ ਕਰਦੀ ਨਹੀਂ ਸੀ ਥੱਕਦੀ। ਪੈਸੇ, ਸੱਤਾ ਦੇ ਲਾਲਚ ਤੇ ਸਰਕਾਰੀ ਏਜੰਸੀਆਂ ਦਾ ਡੰਡਾ ਦਿਖਾ ਕੇ ਪਹਿਲਾਂ 'ਪਲਟੂ ਰਾਮ' ਨੂੰ ਖਰੀਦ ਕੇ ਬਿਹਾਰ ਅੰਦਰ ਸਾਂਝੀ ਸਰਕਾਰ ਨੂੰ ਤੋੜਿਆ ਗਿਆ ਤੇ ਫਿਰ ਉਸੇ ਨਿਤੀਸ਼ ਕੁਮਾਰ ਨਾਲ ਸਾਂਝਾਂ ਪਾਈਆਂ ਗਈਆਂ, ਜਿਸ ਨੂੰ ਭਾਜਪਾ ਚਿਮਟੇ ਨਾਲ ਵੀ ਛੂਹਣ ਤੋਂ ਮਨਾਹੀ ਕਰਦੀ ਆ ਰਹੀ ਸੀ। ਪਹਿਲਾਂ ਵੀ ਕਈ ਪ੍ਰਾਂਤਾਂ 'ਚ ਭਾਜਪਾ ਲੋਕ-ਰਾਜੀ ਢੰਗ ਨਾਲ ਚੁਣੀਆਂ ਹੋਈਆਂ ਗੈਰ-ਭਾਜਪਾ ਸਰਕਾਰਾਂ ਨੂੰ ਡੇਗਣ ਦੀ ਇਹੋ ਜਿਹੀ ਗੰਦੀ ਖੇਡ ਖੇਡ ਚੁੱਕੀ ਹੈ। ਇਹ ਵਿਹਾਰ ਇਹ ਵੀ ਦਰਸਾਉਂਦਾ ਹੈ ਕਿ ਆਪਣੇ ਆਪ ਨੂੰ 'ਅਜਿੱਤ' ਸਮਝਣ ਵਾਲੀ ਭਾਜਪਾ ਅੰਦਰੋਂ ਕਿੰਨੀ ਕਮਜ਼ੋਰ ਹੈ ਤੇ 'ਸੰਭਾਵਿਤ ਭਵਿੱਖੀ ਚੁਣਾਵੀ ਹਾਰ' ਤੋਂ ਕਿੰਨੀ ਡਰੀ ਹੋਈ ਹੈ। ਉਹ ਚੋਣਾਂ ਜਿੱਤਣ ਲਈ ਗਿਰਾਵਟ ਦੀ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ।

ਭਾਜਪਾ ਗਠਜੋੜ ਨੂੰ ਚੁਣਾਵੀ ਟੱਕਰ ਦੇਣੀ ਭਾਵੇਂ ਮੁਸ਼ਕਲ ਜ਼ਰੂਰ ਜਾਪਦੀ ਹੈ, ਪ੍ਰੰਤੂ ਇਹ ਹੈ ਬਿਲਕੁਲ ਸੰਭਵ ਕਾਰਜ, ਜੋ ਗੈਰ-ਭਾਜਪਾ ਦਲਾਂ ਦੇ ਫੌਲਾਦੀ ਏਕੇ ਨਾਲ ਸਿਰੇ ਚਾੜ੍ਹਿਆ ਜਾ ਸਕਦਾ ਹੈ। ਭਾਰਤ ਦੇ ਸੂਝਵਾਨ ਲੋਕ ਆਸ ਕਰਦੇ ਹਨ ਕਿ 'ਇੰਡੀਆ' ਗਠਜੋੜ ਦੇ ਸਾਰੇ ਭਾਈਵਾਲ ਦੇਸ਼ ਦੇ ਕਰੋੜਾਂ ਲੋਕਾਂ ਦੇ ਵਿਸ਼ਾਲ ਹਿੱਤਾਂ ਨੂੰ ਸਾਹਮਣੇ ਰੱਖਦੇ ਹੋਏ ਆਪਸੀ ਮੱਤਭੇਦਾਂ ਤੇ ਮੁਸ਼ਕਲਾਂ ਨੂੰ ਸਹਿਜ ਤੇ ਵਿਚਾਰ-ਵਟਾਂਦਰੇ ਰਾਹੀਂ ਹੱਲ ਕਰਕੇ ਬੱਝਵੇਂ ਰੂਪ 'ਚ 2024 ਲੋਕ ਸਭਾ ਦੀਆਂ ਚੋਣਾਂ ਦੀ ਤਿਆਰੀ 'ਚ ਜਲਦੀ ਤੋਂ ਜਲਦੀ ਜੁੱਟ ਜਾਣਗੇ। ਭਾਜਪਾ ਗਠਜੋੜ ਨੂੰ ਹਰਾਉਣਾ ਸਿਰਫ ਤਤਕਾਲੀ ਰਾਜਨੀਤਕ ਲੋੜ ਹੀ ਨਹੀਂ ਤੇ ਨਾ ਹੀ ਇਹ ਚੁਣਾਵੀ ਜਿੱਤ ਤੱਕ ਹੀ ਸੀਮਤ ਹੈ, ਬਲਕਿ ਇਹ ਦੇਸ਼ ਦੀ ਆਜ਼ਾਦੀ ਸੰਗਰਾਮ 'ਚ ਜਾਨਾਂ ਵਾਰਨ ਵਾਲੇ ਤੇ ਉਮਰ ਭਰ ਜੇਲ੍ਹਾਂ ਦੀਆਂ ਕਾਲ ਕੋਠੜੀਆਂ 'ਚ ਜਫਰ ਜਾਲਣ ਵਾਲੇ ਦੇਸ਼ ਭਗਤਾਂ ਦੀਆਂ ਕੀਤੀਆਂ ਕੁਰਬਾਨੀਆਂ ਸਦਕਾ ਸਾਡੇ ਸਿਰ ਚੜ੍ਹੇ ਕਰਜ਼ੇ ਦਾ ਇਕ ਛੋਟਾ ਜਿਹਾ ਭਾਗ ਹੀ ਹੈ, ਜਿਸ ਨੂੰ ਧਰਮ ਨਿਰਪੱਖ, ਲੋਕਰਾਜੀ ਤੇ ਸੰਘਾਤਮਕ ਢਾਂਚੇ ਦੀ ਰਾਖੀ ਕਰਦਿਆਂ ਭਾਜਪਾ ਤੇ ਇਸ ਦੇ ਇਤਿਹਾਦੀਆਂ ਨੂੰ 2024 ਦੀਆਂ ਲੋਕ ਸਭਾ ਚੋਣਾਂ 'ਚ ਹਰਾ ਕੇ ਉਤਾਰਿਆ ਜਾ ਸਕਦਾ ਹੈ। ਇਸ ਵਾਸਤੇ ਵਿਆਪਕ ਪੱਧਰ ਤੱਕ ਜਨ-ਚੇਤਨਾ ਦਾ ਸੰਚਾਰ ਕਰਨਾ ਅਤੇ ਜਨ-ਸਮੂਹਾਂ ਅੰਦਰਲੇ ਰਾਜਨੀਤਕ ਪਛੜੇਵੇਂ ਨੂੰ ਦੂਰ ਕਰਨ ਲਈ ਜਾਨ ਹੂਲਵੇਂ ਜਨਤਕ ਸੰਘਰਸ਼ ਲਾਮਬੰਦ ਕਰਨ ਦੀ ਲੋੜ ਹੈ। ਇਸ ਲਈ ਬਰਾਬਰੀ, ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਵਾਲਾ ਸਮਾਜ ਸਿਰਜਣ ਵਾਲਾ ਅਸਲੀ ਨਿਸ਼ਾਨਾ ਤਾਂ 2024 ਦੀ ਚੁਣਾਵੀ ਜੰਗ ਜਿੱਤਣ ਤੋਂ ਬਾਅਦ ਅਗਲੇ ਜਾਨ ਹੂਲਵੇਂ ਤੇ ਲਹੂ-ਵੀਟਵੇਂ ਜਨਤਕ ਸੰਘਰਸ਼ਾਂ ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕੇਗਾ।

ਇਹ ਵਡੇਰੇ ਦੁਰਭਾਗ ਦੀ ਗੱਲ ਹੈ ਕਿ ਦੇਸ਼ ਦੇ ਲੋਕਾਂ ਅੰਦਰ ਲੋੜੀਂਦੀ ਰਾਜਸੀ ਚੇਤਨਾ ਦੀ ਘਾਟ ਕਾਰਨ ਵੀ ਅਜਿਹੇ ਮੌਕਾਪ੍ਰਸਤ ਰਾਜਨੀਤੀਵਾਨਾਂ ਦਾ ਤੋਰੀ-ਫੁਲਕਾ ਚੱਲਦਾ ਰਹਿੰਦਾ ਹੈ। ਐਪਰ, ਲੋਕ ਚੇਤਨਾ ਨੂੰ ਉਚਿਆਉਣ ਦਾ ਇਹ ਜ਼ਿੰਮਾ ਵੀ ਦੇਸ਼ ਦੀਆਂ ਖੱਬੀਆਂ ਧਿਰਾਂ ਦੇ ਸਿਰ ਹੀ ਹੈ। ਆਰ ਐੱਮ ਪੀ ਆਈ ਇਸ ਦਿਸ਼ਾ ਵਿਚ ਲੋਕਾਂ ਨੂੰ ਸਮੇਂ ਦੇ ਹਾਣ ਦੇ ਬਣਾਉਣ ਲਈ ਠੋਸ ਵਿਉਂਤਬੰਦੀ 'ਤੇ ਅਧਾਰਤ ਸਰਬਪੱਖੀ, ਬੱਝਵੇਂ ਯਤਨ ਕਰਦੀ ਰਹੇਗੀ।

***# ਸੰਪਰਕ : 98141-82998***

# ਮੈਂ ਲੰਗੇਰੀ ਦਾ ਸਕੂਲ ਬੋਲਦਾਂ !

**ਅਵਤਾਰ ਲੰਗੇਰੀ**

ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਦਾ ਉਹ ਪਿੰਡ ਲੰਗੇਰੀ, ਜਿਸ ਨੇ 12 ਦੇਸ਼ ਭਗਤਾਂ, ਗਦਰੀ ਸੂਰਬੀਰਾਂ, ਇਨਕਲਾਬੀ ਯੋਧਿਆਂ, ਸੁਤੰਤਰਤਾ ਸੰਗਰਾਮੀਆਂ, ਤਿੰਨ ਵਿਧਾਨ ਸਭਾ ਮੈਂਬਰਾਂ ਅਤੇ ਅੰਤਰ-ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਅਮਰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਨੂੰ ਜਨਮ ਦੇ ਕੇ ਆਪਣਾ ਨਾਂਅ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਦਰਜ ਕਰਵਾਇਆ ਹੋਵੇ, ਮੈਂ ਉਸ ਪਿੰਡ ਦਾ ਸਰਕਾਰੀ ਪ੍ਰਾਇਮਰੀ ਸਕੂਲ ਬੋਲਦਾਂ !!

ਮੈਂ ਆਪਣਾ ਇਤਿਹਾਸਕ ਸਫ਼ਰ ਜਦੋਂ ਆਪ ਸਭ ਨਾਲ ਸਾਂਝਾ ਕਰਨ ਲੱਗਦਾ ਹਾਂ ਤਾਂ ਉਦੋਂ ਮੇਰਾ ਸਿਰ ਮਾਣ ਨਾਲ ਉੱਚਾ ਹੋ ਜਾਂਦੈ, ਜਦੋਂ ਮੈਂ ਦੱਸਦਾਂ ਕਿ ਮੇਰੇ ਵਿਹੜੇ ਆਏ ਬਹੁਤ ਸਾਰੇ ਵਿਦਿਆਰਥੀ ਮੇਰੇ ਤੋਂ ਮੁੱਢਲੀ ਸਿੱਖਿਆ ਪ੍ਰਾਪਤ ਕਰਕੇ ਦੇਸ਼ ਅਤੇ ਵਿਦੇਸ਼ ਅੰਦਰ ਮੈਡੀਕਲ, ਇੰਜੀਨੀਅਰਿੰਗ, ਸਿਵਲ, ਕੰਪਿਊਟਰ, ਗੀਤ-ਸੰਗੀਤ, ਸੁਰੱਖਿਆ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਉੱਚ ਅਹੁਦਿਆਂ 'ਤੇ ਪਹੁੰਚ ਕੇ ਸੇਵਾਵਾਂ ਨਿਭਾਅ ਰਹੇ ਹਨ। ਮੈਨੂੰ ਬਲਾਕ ਮਾਹਿਲਪੁਰ ਦਾ ਨਾਮਵਰ ਸਕੂਲ ਕਹਾਉਣ ਦਾ ਰੁਤਬਾ ਹਾਸਲ ਸੀ, ਕਿਉਂਕਿ ਮੇਰੇ ਵਿਹੜੇ ਅੰਦਰ ਸਿੱਖਿਆ ਪ੍ਰਾਪਤ ਕਰਨ ਆਏ ਬੱਚਿਆਂ ਦੀ ਗਿਣਤੀ ਹਮੇਸ਼ਾ ਤਸੱਲੀਬਖਸ਼ ਰਹਿਣ ਦੇ ਨਾਲ-ਨਾਲ ਪੜ੍ਹਾਉਣ ਲਈ ਹਮੇਸ਼ਾ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਕਲਾਸ ਵਾਈਜ਼ ਅਧਿਆਪਕ ਹੋਇਆ ਕਰਦੇ ਸਨ। ਪਿੰਡ ਵਾਸੀਆਂ ਅਤੇ ਪਿੰਡ ਦੇ ਪ੍ਰਵਾਸੀ ਭਾਰਤੀਆਂ ਦਾ ਮੂੰਹ-ਮੱਥਾ ਸੁਆਰਨ ਅਤੇ ਮੇਰੀ ਹਰ ਜ਼ਰੂਰਤ ਪੂਰੀ ਕਰਨ ਲਈ ਮੇਰੇ ਨਾਲ ਪੂਰਾ ਸਹਿਯੋਗ ਰਿਹਾ ਹੈ। ਮੈਂ ਹਮੇਸ਼ਾ ਆਪਣੇ ਪ੍ਰਵਾਸੀ ਭਾਰਤੀ ਵੀਰਾਂ ਨੂੰ ਖਿੜੇ ਮੱਥੇ ਜੀ ਆਇਆਂ ਕਿਹਾ ਅਤੇ ਉਹ ਵੀ ਮੈਨੂੰ ਹਮੇਸ਼ਾ ਪਿਆਰ ਨਾਲ ਆਪਣੀ ਬੁੱਕਲ ਵਿੱਚ ਲੈਂਦਿਆਂ ਮੈਨੂੰ ਜਾਨ ਨਾਲੋਂ ਵੱਧ ਪਿਆਰ ਦਿੰਦੇ। ਮੇਰੀ ਇੱਕ-ਇੱਕ ਇੱਟ ਖਿੜਕੀਆਂ, ਦਰਵਾਜ਼ਿਆਂ ਅਤੇ ਬੱਚਿਆਂ ਦੇ ਖੇਡ ਮੈਦਾਨਾਂ ਨਾਲ ਉਹ ਘਰ ਵਾਂਗ ਪਿਆਰ ਕਰਦੇ, ਜਿਸ ਕਰਕੇ ਮੈਨੂੰ ਵੀ ਇਨ੍ਹਾਂ ਪ੍ਰਵਾਸੀ ਵੀਰਾਂ ਦਾ ਓਨਾ ਹੀ ਮੋਹ ਆਉਂਦਾ। ਮੈਂ ਇਹ ਗੱਲ ਵੀ ਮਾਣ ਨਾਲ ਕਹਿਣਾ ਚਾਹਾਂਗਾ ਕਿ ਮੇਰੇ ਵਿਹੜੇ ਅੰਦਰ ਸੇਵਾ ਨਿਭਾਅ ਚੁੱਕੇ ਕੁਝ ਅਧਿਆਪਕ ਆਪਣੀ ਵਿਭਾਗੀ ਤਰੱਕੀ ਹੋਣ 'ਤੇ ਵੀ ਮੈਨੂੰ ਛੱਡ ਕੇ ਨਾ ਗਏ, ਸਗੋਂ ਉਹਨਾਂ ਆਪਣੀ ਤਰੱਕੀ ਨੂੰ ਛੱਡ ਮੇਰੇ ਕੋਲੋਂ ਹੀ ਸੇਵਾ-ਮੁਕਤੀ ਲੈਣ ਨੂੰ ਤਰਜੀਹ ਦਿੱਤੀ। ਜਦ ਵੀ ਕੋਈ ਬੱਚਾ ਮੇਰੇ ਕੋਲ ਦਾਖ਼ਲਾ ਲੈਂਦਾ ਤਾਂ ਮੈਂ ਉਸ ਨੂੰ ਆਪਣੀ ਬੁੱਕਲ ਦਾ ਨਿੱਘ ਦਿੰਦਿਆਂ ਮਿਆਰੀ ਸਿੱਖਿਆ ਦੇ ਕੇ ਅਗਲੇਰੀ ਸਿੱਖਿਆ ਲਈ ਤਿਆਰ ਕਰਕੇ ਹਾਇਰ ਸਕੂਲਾਂ ਵੱਲ ਭੇਜਦਾਂ, ਪ੍ਰੰਤੂ ਉਹ ਮੇਰੇ ਵੱਲੋਂ ਦਿੱਤੀ ਸਿੱਖਿਆ ਅਤੇ ਪਿਆਰ ਨੂੰ ਕਦੇ ਨਾ ਭੁੱਲਦਾ ਅਤੇ ਮੇਰੇ ਨਾਲ ਜ਼ਿੰਦਗੀ ਭਰ ਜੁੜੇ ਰਹਿਣ ਦਾ ਵਾਅਦਾ ਕਰਕੇ ਮੈਥੋਂ ਜ਼ੁਦਾ ਹੁੰਦਾ, ਜਿਸ ਸਦਕਾ ਪਿੰਡ ਵਾਸੀਆਂ ਅਤੇ ਵਿਦਿਆਰਥੀਆਂ ਦਾ ਮੇਰੇ ਨਾਲ ਪਿਆਰ ਅਤੇ ਸਤਿਕਾਰ ਭਰਿਆ ਗਹਿਰਾ ਸੰਬੰਧ ਬਣਿਆ ਰਹਿੰਦਾ।

ਸਮੇਂ ਦੇ ਨਾਲ-ਨਾਲ ਸਰਕਾਰਾਂ ਬਦਲੀਆਂ। ਸਰਕਾਰੀ ਸਕੂਲਾਂ ਵੱਲ ਸਰਕਾਰਾਂ ਦੀ ਬੇਰੁਖੀ ਹੋਣ ਕਾਰਨ ਪਿੰਡਾਂ ਅਤੇ ਸ਼ਹਿਰਾਂ ਅੰਦਰ ਪਬਲਿਕ ਸਕੂਲ ਖੁੱਲ੍ਹਣ ਕਾਰਨ ਪ੍ਰਾਈਵੇਟ ਸਕੂਲਾਂ ਦਾ ਹੜ੍ਹ ਆਇਆ, ਜਿਸ ਦਾ ਦੂਜੇ ਸਕੂਲਾਂ ਵਾਂਗ ਮੇਰੇ 'ਤੇ ਵੀ ਗਹਿਰਾ ਪ੍ਰਭਾਵ ਪਿਆ, ਮੇਰੇ ਕੋਲ ਕੰਮ ਕਰਦੇ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਰਹਿਣ ਲੱਗੀਆਂ, ਅਧਿਆਪਕਾਂ ਦੀਆਂ ਬਦਲੀਆਂ ਅਤੇ ਸੇਵਾ-ਮੁਕਤੀਆਂ ਤੋਂ ਬਾਅਦ ਖਾਲੀ ਹੋਈਆਂ ਅਸਾਮੀਆਂ 'ਤੇ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਅਧਿਆਪਕ ਨਾ ਭੇਜ ਕੇ ਮੇਰਾ ਮੂੰਹ-ਮੁਹਾਂਦਰਾ ਅਤੇ ਮੇਰੀ ਲੋਕ ਮਨਾਂ ਅੰਦਰ ਬਣੀ ਦਿੱਖ ਨੂੰ ਗਹਿਰੀ ਢਾਅ ਲਾਈ। ਹੁਣ ਅੱਜਕੱਲ੍ਹ ਮੈਂ ਬਹੁਤ ਉਦਾਸ ਰਹਿਣ ਲੱਗਾ ਹਾਂ, ਪਰ ਮੈਨੂੰ ਪਿਆਰ ਕਰਨ ਵਾਲੇ ਮੇਰੇ ਪਿੰਡ ਦੇ ਸੁਹਿਰਦ ਸੱਜਣਾਂ ਅਤੇ ਪ੍ਰਵਾਸੀ ਭਾਰਤੀ ਭਰਾਵਾਂ ਵੱਲੋਂ ਕੁਝ ਆਰਜ਼ੀ ਅਧਿਆਪਕਾਂ ਦੇ ਸਹਾਰੇ ਮੈਨੂੰ ਢਾਰਸ ਬੰਨ੍ਹਾਇਆ ਜਾ ਰਿਹੈ। ਪਿਛਲੇ 4-5 ਸਾਲਾਂ ਤੋਂ ਤਾਂ ਸਰਕਾਰਾਂ ਨੇ ਬੇਸ਼ਰਮੀ ਦੀਆਂ ਸਭ ਹੱਦਾਂ ਪਾਰ ਕਰ ਛੱਡੀਆਂ, ਜਦੋਂ ਮੇਰੇ ਪਾਸੋਂ ਸਕੂਲ ਵਿੱਚ ਸੇਵਾ ਨਿਭਾਅ ਰਹੀ ਇਕਲੌਤੀ ਅਧਿਆਪਕਾ ਦੀ ਸੇਵਾ-ਮੁਕਤੀ ਤੋਂ ਬਾਅਦ ਵਿਦਾ ਹੋਣ 'ਤੇ ਉਸ ਦੀ ਥਾਂ 'ਤੇ ਕਿਸੇ ਵੀ ਅਧਿਆਪਕ ਦੀ ਪੱਕੇ ਤੌਰ 'ਤੇ ਨਿਯੁਕਤੀ ਨਾ ਕੀਤੀ, ਸਗੋਂ ਕਿਸੇ ਹੋਰ ਦੂਸਰੇ ਸਕੂਲ ਵਿੱਚੋਂ ਹੀ ਇੱਕ ਆਰਜ਼ੀ ਅਧਿਆਪਕ ਲਾ ਕੇ ਡੰਗ ਟਪਾਉਣ ਦਾ ਯਤਨ ਜਾਰੀ ਰੱਖਿਆ, ਪ੍ਰੰਤੂ ਮੇਰੇ ਪ੍ਰਵਾਸੀ ਵੀਰਾਂ ਨੇ ਮੇਰੀ ਹੋਂਦ ਅਤੇ ਇੱਜ਼ਤ ਨੂੰ ਬਚਾਈ ਰੱਖਣ ਲਈ ਆਪਣੇ ਵੱਲੋਂ ਇੱਕ ਅਧਿਆਪਕਾ ਅਤੇ ਸਫਾਈ ਸੇਵਕ ਦਾ ਪ੍ਰਬੰਧ ਕਰਵਾ ਕੇ ਮੈਨੂੰ ਬਚਾਈ ਰੱਖਿਆ। ਸਾਲ 2022 ਵਿੱਚ ਨਵੀਂ ਸਰਕਾਰ ਦਾ ਗਠਨ ਹੋਇਆ। ਮੈਂ ਬੜੇ ਹੀ ਹੌਂਸਲੇ ਅਤੇ ਆਤਮ ਵਿਸ਼ਵਾਸ ਵਿੱਚ ਸਾਂ ਕਿ ਹੁਣ ਮੈਨੂੰ ਕੋਈ ਪ੍ਰਵਾਹ ਨਹੀਂ ਰਹਿਣੀ, ਹੁਣ ਤਾਂ ਸਿੱਖਿਆ ਦੇ ਖੇਤਰ ਵਿਚ ਇਨਕਲਾਬੀ ਸੁਧਾਰ ਹੋ ਜਾਣੈ, ਕਿਉਂਕਿ ਹੁਣ ਤਾਂ ਸਰਕਾਰ ਸ਼ਹੀਦ ਭਗਤ ਸਿੰਘ ਦੀ ਕੇਸਰੀ ਦਸਤਾਰ ਸਜਾਉਣ ਵਾਲੇ ਇਨਕਲਾਬੀਆਂ ਦੇ ਹੱਥਾਂ ਵਿੱਚ ਹੈ। ਮੈਂ ਪੂਰੀ ਆਕੜ ਵਿੱਚ ਸਾਂ ਕਿ ਸਰਕਾਰ ਦੇ ਸਹੁੰ ਚੁੱਕ ਸਮਾਗਮ ਦੇ ਤੁਰੰਤ ਬਾਅਦ ਹੀ ਮੇਰੇ ਵਿਹੜੇ ਵਿੱਚ ਕਲਾਸ ਵਾਈਜ਼ ਅਧਿਆਪਕ, ਸੇਵਾਦਾਰ ਅਤੇ ਸਫਾਈ ਸੇਵਕ ਭਰਤੀ ਹੋਣਗੇ। ਆਧੁਨਿਕ ਸਾਜ਼ੋ-ਸਾਮਾਨ ਅਤੇ ਸੁੰਦਰ ਫੁੱਲ ਬਗੀਚਿਆਂ ਨਾਲ ਮੇਰਾ ਵਿਹੜਾ ਮਹਿਕ ਉੱਠੇਗਾ ਅਤੇ ਪਬਲਿਕ ਸਕੂਲਾਂ ਵਿੱਚ ਪੜ੍ਹਦੇ ਬੱਚੇ ਵੀ ਮੇਰੇ ਵੱਲ ਖਿੱਚੇ ਆਉਣਗੇ। ਮੈਂ ਇੰਤਜ਼ਾਰ ਕਰਦਾ ਰਿਹਾ, ਕਰਦਾ ਰਿਹਾ ਤੇ ਕਰਦਾ ਰਿਹਾ। ਆਖਿਰ ਇੰਤਜ਼ਾਰ ਦੀ ਵੀ ਕੋਈ ਹੱਦ ਹੁੰਦੀ ਹੈ।

ਹੁਣ ਮੇਰੇ ਸਬਰ ਦਾ ਪਿਆਲਾ ਭਰ ਚੁੱਕਾ ਹੈ। ਮੈਨੂੰ ਲੱਗਦੈ ਕਿ ਮੇਰੀ ਅਤੇ ਮੇਰੇ ਕੋਲ ਪੜ੍ਹਨ ਆਉਣ ਵਾਲੇ ਬਾਲਾਂ ਦੇ ਭਵਿੱਖ ਦਾ ਇਸ ਸਰਕਾਰ ਨੂੰ ਵੀ ਕੋਈ ਫਿਕਰ ਨਹੀਂ। ਮੈਨੂੰ ਤਾਂ ਹੁਣ ਇਨ੍ਹਾਂ ਅਤੇ ਉਨ੍ਹਾਂ ਵਿੱਚ ਕੋਈ ਫਰਕ ਨਹੀਂ ਲੱਗਦਾ। ਮੈਂ ਤਾਂ ਆਪਣੀ ਕਿਸਮਤ ਨੂੰ ਕੋਸਦਾ, ਵਕਤ ਟਪਾਉਂਦਾ ਰਿਹਾ, ਪਰ ਮੇਰੇ ਨਾਲ ਲਗਦਾ ਮੇਰਾ ਵੱਡਾ ਵੀਰ ਮਿਡਲ ਸਕੂਲ ਚੰਗਾ-ਭਲਾ ਚਲਦਾ ਸੀ। ਪਰ ਹੁਣ ਉੱਥੇ ਵੀ ਤਿੰਨਾਂ ਵਿਚੋਂ ਇੱਕ ਹੀ ਅਧਿਆਪਕ ਰਹਿ ਗਿਆ। ਪਤਾ ਨਹੀਂ ਲੱਗਦਾ ਕਿ ਇਹ ਬਦਲਾਅ ਆਇਆ ਜਾਂ ਕਿਸੇ ਦੀ ਨਜ਼ਰ ਖਾ ਗਈ ਸਾਨੂੰ ਦੋਹਾਂ ਸਕੂਲਾਂ ਨੂੰ। ਹੁਣ ਮੈਂ ਸੋਚਦਾਂ ਕਿ ਮੇਰਾ ਨਾਮ ਸਕੂਲ ਹੈ, ਪਰ ਸਕੂਲ ਤਾਂ ਅਧਿਆਪਕਾਂ ਨਾਲ ਹੁੰਦੈ। ਜਿੱਥੇ ਅਧਿਆਪਕ ਨਹੀਂ, ਉਸ ਸਕੂਲ ਨੂੰ ਸਕੂਲ ਕਹਾਉਣ ਦਾ ਕੋਈ ਨੈਤਿਕ ਅਧਿਕਾਰ ਨਹੀਂ। ਇਸ ਲਈ ਹੁਣ ਤੂੰ ਹਟ ਜਾਹ ਲੋਕਾਂ ਦੇ ਰਸਤੇ 'ਚੋਂ.... ਕੀ ਲੈਣਾ ਤੇਰੇ ਤੋਂ ਲੋਕਾਂ ਨੇ... ਕੀ ਦੇ ਸਕਦਾਂ ਤੂੰ ਲੋਕਾਂ ਨੂੰ ?

ਪਰ ਨਹੀਂ, ਮੈਂ ਇੰਜ ਨਹੀਂ ਕਰ ਸਕਦਾ, ਕਿਰਤੀ ਲੋਕਾਂ ਨਾਲ ਦਗਾ ਨਹੀਂ ਕਮਾ ਸਕਦਾ! ਮੈਂ ਤਾਂ ਅੱਜ ਵੀ ਪ੍ਰਵਾਸੀ ਭਾਰਤੀ ਭਰਾਵਾਂ ਦੇ ਸਹਿਯੋਗ ਸਦਕਾ ਤੁਰਿਆ ਜਾਨਾਂ, ਇਸ ਆਸ ਨਾਲ ਕਿ ਸਰਕਾਰਾਂ ਕਦੇ ਤਾਂ ਮਿਹਰਬਾਨ ਹੋਣਗੀਆਂ, ਕਦੇ ਤਾਂ ਮੇਰਾ ਪਹਿਲਾਂ ਵਾਲਾ ਰੁਤਬਾ ਬਹਾਲ ਹੋਵੇਗਾ। ਆਸ ਦਾ ਪੱਲੂ ਅਜੇ ਛੱਡਿਆ ਨਹੀਂ, ਆਸ ਅਜੇ ਵੀ ਬਰਕਰਾਰ ਹੈ।

***# ਸੰਪਰਕ : 94632-60181***

# ਨਸ਼ਾ ਨਹੀਂ ਨਰਕ



ਜਗਤਾਰ ਸਿੰਘ ਭੁੰਗਰਨੀ

ਅੱਜ ਅਸੀਂ ਬਹੁਤ ਹੀ ਭਿਆਨਕ ਦੌਰ ਵਿੱਚ ਜੀ ਰਹੇ ਹਾਂ। ਪੰਜਾਬ ਕਿਸੇ ਵੇਲੇ ਭਾਰਤ ਦਾ ਨੰਬਰ ਇੱਕ ਸੂਬਾ ਮੰਨਿਆ ਜਾਂਦਾ ਸੀ। ਖੇਤੀਬਾੜੀ ਹੋਵੇ ਜਾਂ ਅਜ਼ਾਦੀ ਦੀ ਲੜਾਈ, ਕੋਈ ਵੀ ਖੇਤਰ ਅਜਿਹਾ ਨਹੀਂ, ਜਿੱਥੇ ਪੰਜਾਬ ਪਿੱਛੇ ਰਿਹਾ ਹੋਵੇ। ਜੇਕਰ ਹੋਰ ਪਿਛਾਂਹ ਜਾਈਏ ਤਾਂ ਦੁਨੀਆ ਦੇ ਸਭ ਤੋਂ ਪੁਰਾਣੇ ਗਰੰਥ ਰਿਗਵੇਦ ਦੀ ਰਚਨਾ ਵੀ ਪੰਜਾਬ ਦੀ ਧਰਤੀ 'ਤੇ ਹੋਈ। ਵੱਖ-ਵੱਖ ਲਹਿਰਾਂ ਨਾਲ ਜੂਝਦਾ, ਜੁਝਾਰੂ ਵਿਰਸੇ ਦਾ ਮਾਲਕ ਪੰਜਾਬ ਅੱਜ ਹਰ ਖੇਤਰ ਵਿੱਚ ਪੱਛੜਦਾ ਜਾ ਰਿਹਾ ਹੈ। ਇਸ ਪਛੜੇਵੇਂ ਨਾਲ ਭਾਵੇਂ ਕਈ ਕਾਰਨ ਜੁੜੇ ਹੋਏ ਹਨ, ਪਰੰਤੂ ਨਸ਼ਿਆਂ ਦਾ ਵਧ ਰਿਹਾ ਰੁਝਾਨ ਇੱਕ ਵੱਡੇ ਕਾਰਨ ਵਜੋਂ ਉੱਭਰ ਕੇ ਸਾਹਮਣੇ ਆਇਆ ਹੈ, ਜਿਸ ਦੀ ਲਪੇਟ ਵਿੱਚ ਪੜ੍ਹੇ-ਲਿਖੇ, ਅਨਪੜ੍ਹ, ਅਮੀਰ, ਗਰੀਬ, ਬੱਚੇ, ਬੁੱਢੇ, ਨੌਜਵਾਨ, ਮੁੰਡੇ, ਕੁੜੀਆਂ ਅਤੇ ਸਕੂਲੀ ਬੱਚੇ ਸਭ ਆ ਗਏ। ਉਪਰ ਦੱਸੇ ਵਰਗਾਂ ਵਿੱਚ ਹਰ ਵਰਗ ਦਾ ਆਪੋ-ਆਪਣਾ ਨਸ਼ਾ ਹੈ। ਜਿੱਥੇ ਅਮੀਰਜ਼ਾਦੇ ਸਮੈਕ, ਹੈਰੋਇਨ ਵਰਗੇ ਅਤੇ ਰੋਜ਼ਾਨਾ ਪੰਜ ਸੌ ਰੁਪਏ ਤੋਂ ਲੈ ਕੇ ਪੰਜ ਹਜ਼ਾਰ ਰੁਪਏ ਤੱਕ ਦੇ ਨਸ਼ੇ ਦੀ ਗ੍ਰਿਫਤ ਵਿੱਚ ਹਨ। ਗਰੀਬ ਸਸਤੇ ਮੈਡੀਕਲ ਨਸ਼ਿਆਂ, ਗੋਲੀਆਂ, ਕੈਪਸੂਲ, ਟੀਕਿਆਂ ਆਦਿ ਨਾਲ ਸਿਰ ਘੁਮਾ ਲੈਂਦੇ ਹਨ ਅਤੇ ਆਪਣੀ ਦਿਨ ਭਰ ਦੀ ਕਿਰਤ ਨਾਲ ਕਮਾਏ ਸੱਠ-ਸੱਤਰ ਵਿੱਚੋਂ ਤੀਹ-ਪੈਂਤੀ ਰੁਪਏ ਕੈਮਿਸਟ ਨੂੰ ਦੇ ਆਉਂਦਾ ਹੈ। ਸਕੂਲੀ ਬੱਚੇ ਗੁਟਖਾ, ਪਾਨ ਮਸਾਲਾ ਅਤੇ ਜਰਦੇ ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਅਗਲੇ ਨਸ਼ਿਆਂ ਵੱਲ ਵਧਦੇ ਜਾਂਦੇ ਹਨ। ਐਂਟੀ ਡਰੱਗਜ਼ ਸੋਸਾਇਟੀ ਵੱਲੋਂ ਕਰਵਾਏ ਸਰਵੇਖਣਾਂ ਦੌਰਾਨ ਤੀਜੀ-ਚੌਥੀ ਕਲਾਸ ਵਿੱਚ ਪੜ੍ਹਦੇ ਬੱਚਿਆਂ ਦੇ ਸਕੂਲੀ ਬਸਤਿਆਂ ਵਿੱਚ ਜਰਦਾ ਤੇ ਬੀੜੀਆਂ ਮਿਲੀਆਂ, 67 ਫੀਸਦੀ 16 ਤੋਂ 25 ਉਮਰ ਵਰਗ, ਨਸ਼ੇ ਦੀ ਲਪੇਟ ਵਿੱਚ ਆ ਗਿਆ। ਪੰਜਾਬ ਦੇ ਰਵਾਇਤੀ ਨਸ਼ੇ ਅਫੀਮ ਅਤੇ ਭੁੱਕੀ ਨੂੰ ਵੱਡੀ ਉਮਰ ਵਰਗ ਦੇ ਨਸ਼ਈ ਹੀ ਲੈਂਦੇ ਹਨ। ਸ਼ਰਾਬ ਦਾ ਵੀ ਭਾਵੇਂ ਪੰਜਾਬ, ਭਾਰਤ ਵਿੱਚੋਂ ਸਭ ਤੋਂ ਵੱਡਾ ਖਪਤਕਾਰ ਹੈ, ਪਰੰਤੂ ਬਹੁਤੀ ਗਿਰਾਵਟ ਮੈਡੀਕਲ ਨਸ਼ਿਆਂ ਨੇ ਲੈ ਆਂਦੀ ਹੈ। ਜਦੋਂ ਕੋਈ ਪੜ੍ਹਾਕੂ ਸਵੇਰੇ ਹੀ ਚਾਰ ਸ਼ੀਸ਼ੀਆਂ ਕੋਰੈਕਸ, ਫੈਂਸੀਡਰਿਲ ਜਾਂ ਹੋਰ ਨਸ਼ੀਲੀਆਂ ਦਵਾਈਆਂ ਦੀਆਂ ਪੀ ਕੇ ਸਕੂਲ ਜਾਂ ਕਾਲਜ ਜਾਵੇਗਾ ਤਾਂ ਉਹ ਪੜ੍ਹੇਗਾ ਕੀ? ਆਪਣੇ ਅਧਿਆਪਕ ਦੀ ਗੱਲ ਸੁਣੇਂਗਾ? ਕੀ ਆਪਣਾ ਸੰਵਾਰੇਗਾ ਤੇ ਕੀ ਸਮਾਜ ਦਾ ਸੰਵਾਰੇਗਾ ? ਇਹ ਪੜ੍ਹਾਕੂ ਜਰਦਾ, ਗੁਟਕਾ, ਪਾਨ ਮਸਾਲਾ, ਬੀੜੀ ਸਿਗਰਟ, ਭੰਗ, ਅਫੀਮ, ਭੁੱਕੀ, ਗੋਲੀਆਂ, ਕੈਪਸੂਲਾਂ, ਟੀਕਿਆਂ, ਮਾਰਫੀਨ, ਕਿਰਲੀ ਦੀ ਪੂਛ, ਆਇਡੈਕਸ ਬਰੈਂਡ ਵਰਗੇ ਨਸ਼ਿਆਂ ਦਾ ਸੁਆਦ ਚੱਖਦਾ-ਚੱਖਦਾ ਸਮੈਕ, ਹੈਰੋਇਨ ਵਰਗੇ ਘਾਤਕ ਨਸ਼ਿਆਂ ਦਾ ਸ਼ਿਕਾਰ ਬਣ ਗਿਆ, ਗੁਲਾਮ ਬਣ ਗਿਆ। ਕੋਈ ਦੇਸ਼ ਵਿਰੋਧੀ ਤਾਕਤ ਗੁਲਾਮ ਵਿਅਕਤੀ ਤੋਂ ਕੋਈ ਵੀ ਰਾਸ਼ਟਰ ਵਿਰੋਧੀ ਕਾਰਵਾਈ ਕਰਵਾ ਸਕਦੀ ਹੈ। ਅੱਜ ਦੇ ਨੌਜੁਆਨ ਦਾ ਇਹ ਚਿਹਰਾ-ਮੋਹਰਾ ਪਿਚਕੀਆਂ ਗੱਲ੍ਹਾਂ, ਧੱਸੀਆਂ ਅੱਖਾਂ, ਪੰਜਾਂ ਪੀਰਾਂ ਅਤੇ ਫਕੀਰਾਂ ਦੀ ਧਰਤੀ ਦੇ ਗੌਰਵ ਨੂੰ ਪਲੀਤ ਕਰ ਰਹੀਆਂ ਹਨ। ਪੰਜਾਬ ਦੇ ਇਹਨਾਂ ਨੌਜੁਆਨਾਂ ਦਾ ਆਦਰਸ਼ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਹਜ਼ਾਰਾਂ ਉਹ ਜਵਾਨ ਨਹੀਂ, ਜਿਹੜੇ ਦੇਸ਼ ਦੀ ਖਾਤਰ ਜਾਨਾਂ ਵਾਰ ਗਏ, ਸਗੋਂ ਇਸ ਦਾ ਮਿਸ਼ਨ ਤਾਂ ਬੱਸ ਨਸ਼ਾ ਕਰਕੇ ਡੰਗ ਟਪਾਉਣਾ ਹੈ ਤਾਂ ਹੀ ਇਸ ਦੇ ਮੂੰਹ ਤੋਂ ਮੱਖੀ ਨਹੀਂ ਉਡਦੀ। ਡਰੱਗਜ਼ ਵਿਰੋਧੀ ਲਹਿਰ ਨਾਲ ਜੁੜੇ ਹੋਣ ਕਾਰਨ ਮੇਰਾ ਜਿੰਨਾ ਕੁ ਤਜਰਬਾ ਹੈ, ਉਹ ਮੈਂ ਪਾਠਕਾਂ ਨਾਲ ਸਾਂਝਾ ਕਰਾਂ ਤਾਂ ਨਿਚੋੜ ਇਹ ਹੈ ਕਿ ਪੰਜਾਬ ਦੇ ਨੌਜੁਆਨਾਂ ਨੂੰ ਇੱਕ ਸਾਜ਼ਿਸ਼ ਤਹਿਤ ਖਤਮ ਕਰਨ ਲਈ ਸਮੇਂ ਦੀਆਂ ਸਰਕਾਰਾਂ ਵੀ ਦੋਸ਼ੀ ਹਨ, ਜਿਹਨਾਂ ਨੇ ਕੋਈ ਸਹੀ ਯੂਥ ਪਾਲਿਸੀ ਹੀ ਨਹੀਂ ਬਣਾਈ ਤੇ ਨਾ ਦਿਲੋਂ ਬੇਰੁਜ਼ਗਾਰੀ ਨੂੰ ਰੋਕਣ ਦੇ ਯਤਨ ਕੀਤੇ ਹਨ, ਪਰੰਤੂ ਇੱਥੇ ਮੈਂ ਇਹ ਗੱਲ ਵੀ ਕਹਿਣੀ ਚਾਹਾਂਗਾ ਕਿ ਨੌਜੁਆਨ ਖੁਦ ਅਤੇ ਉਹਨਾਂ ਦੇ ਮਾਪੇ ਵੀ ਉਹਨਾਂ ਨੂੰ ਇਸ ਨਸ਼ਿਆਂ ਦੀ ਦਲਦਲ ਵਿੱਚ ਸੁੱਟਣ ਲਈ ਜ਼ਿੰਮੇਵਾਰ ਹਨ ਬਲਕਿ ਅਸੀਂ ਸਾਰਾ ਸਮਾਜ ਹੀ ਇਸ ਦੇ ਲਈ ਜ਼ਿੰਮੇਵਾਰ ਹਾਂ। ਪਹਿਲੀ ਗੱਲ ਤਾਂ ਇਹ ਕਿ ਅਸੀਂ ਕਿਸੇ ਵੀ ਸਾਂਝੇ ਮਸਲੇ ਤੱਕ ਬਣਦੀ ਪਹੁੰਚ ਬਣਾ ਕੇ ਉਸ ਦਾ ਕੋਈ ਹੱਲ ਕੱਢਣ ਦੀ ਬਜਾਇ ਇਹ ਆਖਦੇ ਹਾਂ ਕਿ ਚੱਲ ਹੋਊ ਆਪਾਂ ਨੂੰ ਕੀ। ਅੱਜ ਡਰੱਗਜ਼ ਦੇ ਗੰਭੀਰ ਮਸਲੇ ਤੋਂ ਅੱਖਾਂ ਮੀਟਣ ਵਾਲਿਆਂ ਦੀ ਤੁਲਨਾ ਮੈਂ ਉਹਨਾਂ ਲੋਕਾਂ ਨਾਲ ਕਰਦਾ ਹਾਂ, ਜਿਹੜੇ ਕਹਿੰਦੇ ਹਨ ਕਿ ਘਰ ਦੇ ਚਾਰੇ ਪਾਸੇ ਅੱਗ ਲੱਗੀ ਹੋਵੇ ਤੇ ਆਪਣਾ ਘਰ ਬਚ ਜਾਵੇਗਾ। ਇਹ ਵਹਿਮ ਹੈ, ਅੱਗ ਕਦੇ ਵੀ ਕਿਸੇ ਚੀਜ਼ ਨੂੰ ਨਹੀਂ ਛੱਡਦੀ। ਆਪੋ-ਆਪਣੇ ਆਲੇ-ਦੁਆਲੇ ਝਾਤੀ ਮਾਰੋ, ਹਰ ਕਿਸੇ ਦਾ ਭਾਈ, ਭਤੀਜਾ, ਮਾਮਾ, ਫੁੱਫਾ, ਚਾਚਾ, ਤਾਇਆ, ਭੈਣ ਭਾਈ ਕਿਸੇ ਨਾ ਕਿਸੇ ਰੂਪ ਵਿੱਚ ਡਰੱਗਜ਼ ਦੇ ਇਸ ਛੇਵੇਂ ਦਰਿਆ ਦੀ ਮਾਰ ਵਿੱਚ ਆਇਆ ਹੋਵੇਗਾ।

ਪੰਜਾਬ 'ਤੇ ਆਈ ਇਸ ਆਫ਼ਤ ਸਮੇਂ ਪੰਜਾਬ ਦਾ ਕਿਸੇ ਨੇ ਕੋਈ ਬਹੁਤਾ ਸਾਥ ਨਹੀਂ ਦਿੱਤਾ। ਭਾਵੇਂ ਉਹ ਕੋਈ ਸਾਧ-ਸੰਤ ਹੋਣ, ਜਿਹਨਾਂ ਦਾ ਤੋਰੀ-ਫੁਲਕਾ ਹੀ ਪੰਜਾਬ ਦੀ ਕਿਰਸਾਨੀ ਤੇ ਕਿਰਤੀਆਂ ਦੇ ਸਿਰ 'ਤੇ ਚੱਲਦਾ ਹੈ ਜਾਂ ਸਰਕਾਰਾਂ ਤੇ ਰਾਜਸੀ ਪਾਰਟੀਆਂ ਜਿਹੜੀਆਂ ਇੱਕ-ਦੂਸਰੀ ਤੋਂ ਅੱਗੇ ਹੋ ਕੇ ਲੋਕਹਿਤੂ ਹੋਣ ਦਾ ਦਾਅਵਾ ਕਰਦੀਆਂ ਹਨ, ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਕਾਰਗਰ ਨੀਤੀ ਲਿਆ ਸਕੀ ਹੈ, ਜਿਸ ਦੇ ਕੋਈ ਸਿੱਟੇ ਸਾਹਮਣੇ ਨਜ਼ਰ ਆਉਂਦੇ ਹੋਣ। ਹਾਂ ਇੱਕ ਧਿਰ ਜ਼ਰੂਰ ਹੈ, ਜਿਹੜੀ ਸੱਚੇ ਦਿਲੋਂ ਪੰਜਾਬ 'ਤੇ ਛਾਏ ਇਹਨਾਂ ਕਾਲੇ ਬੱਦਲਾਂ ਲਈ ਚਿੰਤਤ ਹੈ, ਉਹ ਹਨ ਪ੍ਰਵਾਸੀ ਭਾਰਤੀ। ਉਹਨਾਂ ਨੂੰ ਹਜ਼ਾਰਾਂ ਕਿਲੋਮੀਟਰ ਦੂਰ ਆਪਣੇ ਵਤਨ 'ਤੇ ਛਾਏ ਕਾਲੇ ਬੱਦਲਾਂ ਦੀ ਚਿੰਤਾ ਹੈ।

ਐਂਟੀ ਡਰੱਗਜ਼ ਸੋਸਾਇਟੀ ਨਾਲ ਜੁੜੇ ਇੱਕ ਆਗੂ ਨੇ ਇਸ ਮਸਲੇ ਨੂੰ ਬੜਾ ਨੇੜਿਉਂ ਗਹੁ ਨਾਲ ਵੇਖਿਆ ਹੈ, ਅਮਲੀ ਕੀ ਕਹਿੰਦਾ ਹੈ, ਸਰਕਾਰ ਕੀ ਕਹਿੰਦੀ ਹੈ, ਬੁੱਧੀਜੀਵੀ ਕੀ ਕਹਿੰਦੇ ਹਨ ਕਿਹੜੇ-ਕਿਹੜੇ ਕਾਰਨ ਕੰਮ ਕਰਦੇ ਹਨ, ਨਸ਼ਿਆਂ ਨੂੰ ਕੌਣ ਵੇਚ ਰਿਹਾ ਹੈ, ਕੌਣ ਵਿਕਾ ਰਿਹਾ ਹੈ। ਚੋਰ ਤੇ ਕੁੱਤੀ ਰਲ ਕੇ ਕਿਵੇਂ ਨੌਜਵਾਨਾਂ ਦੀਆਂ ਲਾਸ਼ਾਂ 'ਤੇ ਮਹਿਲ ਉਸਾਰ ਰਹੇ ਹਨ, ਜਿਨ੍ਹਾਂ ਦੀ ਨਾ ਕੋਈ ਸਹੀ ਗਿਣਤੀ ਹੈ, ਨਾ ਚੱਜ ਨਾਲ ਕੋਈ ਰੋਂਦਾ ਹੈ, ਮੌਤ 'ਤੇ ਹੱਸਿਆ ਵੀ ਨਹੀਂ ਜਾ ਸਕਦਾ। ਮਾਪਿਆਂ ਦਾ ਦੁਖਾਂਤ ਇਹ ਹੈ ਕਿ ਤਿਲ-ਤਿਲ ਮਾਪਿਆਂ ਨੂੰ ਮਾਰ ਕੇ ਦੁਖੀ ਕਰਕੇ ਜਦੋਂ ਜਵਾਨ ਪੁੱਤ ਮਰਦਾ ਤਾਂ ਮੈਂ ਕਈ ਮਾਵਾਂ ਇਹ ਕਹਿੰਦੀਆਂ ਸੁਣੀਆਂ ਹਨ, ਸਮੇਟੀ ਗਈ ਮਿੱਟੀ। ਇਹ ਦੁਖਾਂਤ ਸਾਡੇ ਪਿੰਡਾਂ ਦੀਆਂ ਬਰੂਹਾਂ ਤੀਕਰ ਆ ਪਹੁੰਚਾ ਹੈ। ਤਾਂਡਵ ਸਾਡੀਆਂ ਗਲੀਆਂ, ਕੂਚਿਆਂ ਤੇ ਘਰਾਂ ਦੇ ਵਿਹੜਿਆਂ ਵਿਚ ਹੋਣ ਲੱਗਾ ਹੈ। ਹਉਕਿਆਂ ਦਾ ਸੇਕ ਹੁਣ ਠੰਢੇ ਚੁੱਲ੍ਹਿਆਂ ਦੇ ਲਾਗਿਉਂ ਮਹਿਸੂਸ ਹੁੰਦਾ ਹੈ। ਪੰਜਾਬੀਆਂ ਦੇ ਦਗ-ਦਗ ਕਰਦੇ ਚਿਹਰਿਆਂ 'ਤੇ ਮਾਤਮ ਤੇ ਉਦਾਸੀ ਦੀ ਇਬਾਰਤ ਲਿਖੀ ਸਾਫ਼ ਪੜ੍ਹ ਹੁੰਦੀ ਹੈ। ਜਾਪਦਾ ਹੈ ਆਫਰੇ ਹੋਏ ਛੇਵੇਂ ਦਰਿਆ ਦਾ ਬੰਨ੍ਹ ਟੁੱਟ ਕੇ ਪੰਜਾਬ ਦੇ ਲੋਕਾਂ ਦੀ ਜਾਨ ਦਾ ਖੌਅ ਬਣ ਗਿਆ ਹੋਵੇ। ਇਸ ਖੌਫ਼ਨਾਕ ਦ੍ਰਿਸ਼ ਨੂੰ ਤੱਕ ਕੇ ਭੁੱਬ ਨਾ ਨਿਕਲੇ, ਅੱਖ ਨਾ ਭਰੇ ਤਾਂ ਸਮਝੋ ਪੰਜਾਬ ਤੇ ਪੰਜਾਬੀਆਂ ਦੇ ਹਿੱਸੇ ਦੀ ਸੰਵੇਦਨਾ ਵੀ ਕਿਧਰੇ ਰੁੜ ਗਈ ਹੈ, ਤੇਜ਼ ਵੇਗ ਵਿੱਚ। ਮੌਤ ਦੇ ਸੌਦਾਗਰ ਲੱਖਾਂ-ਕਰੋੜਾਂ ਤੋਂ ਅਰਬਾਂ-ਖਰਬਾਂ ਦੀ ਕਾਲੀ ਕਮਾਈ ਦੀਆਂ ਪੌੜੀਆਂ ਚੜ੍ਹੀ ਜਾ ਰਹੇ ਹਨ। ਸਭ ਆਖਦੇ ਨੇ ਕਿ ਮਾਇਆ ਕਿਸੇ ਨੇ ਹਿੱਕ 'ਤੇ ਰੱਖ ਕੇ ਨਹੀਂ ਲੈ ਜਾਣੀ। ਫਿਰ ਵੀ ਸਾਰੀਆਂ ਨੈਤਿਕ ਕਦਰਾਂ-ਕੀਮਤਾਂ ਭਾਰੇ ਗਲੀਜ਼ ਬੂਟਾਂ ਦੇਠ ਦਰੜ ਕੇ ਮਾਇਆ ਦੇ ਅੰਬਾਰਾਂ ਵੱਲ ਵਧਣ ਦਾ ਨਾਪਾਕ ਸਿਲਸਿਲਾ ਨਿਰਵਿਘਨ ਜਾਰੀ ਹੈ। ਸੱਤਾ ਦੀ ਸ਼ਕਤੀ ਨਾਲ ਤਾਂ ਇਹ ਹੋਰ ਬੇ ਡਰ ਵੀ ਹੋ ਗਿਆ ਹੈ। ਪੰਜਾਬ ਊਂਘ ਰਿਹਾ ਹੈ। ਕਦੇ-ਕਦੇ ਘੂਕੀ ਟੁੱਟਦੀ ਹੈ, ਉੱਭੜਵਾਹੇ ਉੱਠਦਾ ਹੈ, ਫਿਰ ਨੀਂਦ ਦਬੋਚ ਲੈਂਦੀ ਹੈ। ਮਾਤਮ ਦੇ ਸੱਥਰ ਹੋਰ ਵੱਧ ਵਿਛਣ ਲੱਗਦੇ ਹਨ। ਹਾਲਾਤ ਤਾਂ ਵਿਸਫੋਟਕ ਹਨ। ਮਾਨਵ ਭੁੱਖਸ਼ੀ ਰਾਕਸ਼ ਸਾਡੇ ਆਪਣੇ ਘਰਾਂ ਦੇ ਦਰਵਾਜ਼ੇ 'ਤੇ ਦਸਤਕ ਦੇਣ ਲੱਗ ਪਿਆ ਹੈ। ਅਸੀਂ ਖੌਫ਼ਜ਼ਦਾ ਚਿਹਰਿਆਂ ਨਾਲ ਝੀਥਾਂ ਵਿੱਚੋਂ ਦੇਖ ਕੇ, ਆਪਣੀ, ਆਪਣੇ ਬੱਚਿਆਂ ਦੀ ਲੰਬੀ ਉਮਰ ਲਈ ਅਰਦਾਸਾਂ ਕਰਨ ਲੱਗ ਜਾਂਦੇ ਹਾਂ। ਅੱਖਾਂ ਮੀਚਣ ਨਾਲ ਕਬੂਤਰ ਦੀ ਉਮਰ ਦਰਾਜ਼ ਨਹੀਂ ਹੋਇਆ ਕਰਦੀ।

(● ਬਾਕੀ ਸਫ਼ਾ 9 'ਤੇ)

# 20 ਦੀ ਲਲਕਾਰ ਰੈਲੀ ਮਜ਼ਦੂਰ ਅੰਦੋਲਨ ਦੇ ਇਤਿਹਾਸ 'ਚ ਮੀਲ ਪੱਥਰ ਸਾਬਤ ਹੋਵੇਗੀ : ਚੌਹਾਨ/ਉੱਡਤ

## ਰੈਲੀ ਦੀ ਤਿਆਰੀ ਲਈ ਜ਼ਿਲ੍ਹਾ ਪੱਧਰੀ ਮੀਟਿੰਗਾਂ ਭਲਕੇ



**ਮਾਨਸਾ (ਆਤਮਾ ਸਿੰਘ ਪਮਾਰ)**

ਮਜ਼ਦੂਰ ਵਰਗ ਦੀਆਂ ਲੰਬਿਤ ਮੰਗਾਂ ਵੱਲ ਸਮੇਂ ਦੇ ਹਾਕਮਾਂ ਦਾ ਧਿਆਨ ਦਿਵਾਉਣ ਲਈ ਪੰਜਾਬ ਖੇਤ ਮਜ਼ਦੂਰ ਸਭਾ ਤੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਵੱਲੋਂ ਆਉਣ ਵਾਲੀ 20 ਫਰਵਰੀ ਨੂੰ ਮਾਨਸਾ ਕਚਹਿਰੀਆਂ ਵਿਖੇ ਕੀਤੀ ਜਾਣ ਵਾਲੀ ਲਲਕਾਰ ਰੈਲੀ ਲਾਮਿਸਾਲ ਤੇ ਇਤਿਹਾਸਕ ਹੋਵੇਗੀ, ਜੋ ਕਿ ਮਜ਼ਦੂਰ ਅੰਦੋਲਨ ਦੇ ਇਤਿਹਾਸ ਵਿੱਚ ਮੀਲ ਪੱਥਰ ਸਾਬਿਤ ਹੋਵੇਗੀ। ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਸਾਥੀ ਕ੍ਰਿਸ਼ਨ ਚੌਹਾਨ ਤੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਮਾਨ ਸਰਕਾਰ ਵੱਡੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿੱਚ ਮਗਨ ਹੋ ਚੁੱਕੀਆਂ ਹਨ ਤੇ ਦੇਸ਼ ਦੇ ਨਿਰਮਾਣ ਵਿੱਚ ਅਹਿਮ ਭੂਮਿਕਾ ਅਦਾ ਕਰਨ ਵਾਲੇ ਮਜ਼ਦੂਰ ਵਰਗ ਦਾ ਸ਼ੋਸ਼ਣ ਕਰ ਰਹੀਆਂ ਹਨ। ਆਗੂਆਂ ਨੇ ਕਿਹਾ ਕਿ ਮਨਰੇਗਾ ਸਕੀਮ ਨੂੰ ਸਾਰਥਿਕ ਰੂਪ ਵਿੱਚ ਲਾਗੂ ਕਰਵਾਉਣ, ਘੱਟੋ-ਘੱਟ ਉਜ਼ਰਤਾ 26000 ਰੁਪਏ ਕਰਵਾਉਣ, ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਰੱਦ ਕਰਵਾਉਣ, ਮਜ਼ਦੂਰਾਂ ਕਿਸਾਨਾਂ ਦਾ ਕਰਜ਼ਾ ਮੁਆਫ ਕਰਵਾਉਣ, ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿਵਾਉਣ, ਕੱਟੇ ਰਾਸ਼ਨ ਕਾਰਡ ਬਹਾਲ ਕਰਵਾਉਣ ਤੇ ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ, ਸਰਕਾਰੀ ਬੱਸਾਂ ਦੇ ਬੰਦ ਪਏ ਰੂਟ ਚਾਲੂ ਕਰਵਾਉਣ, ਲਾਲ ਲਕੀਰ ਅੰਦਰ ਮਾਲਕਾਨਾ ਹੱਕ ਦਿਵਾਉਣ ਤੇ ਬੁਢਾਪਾ, ਵਿਧਵਾ ਤੇ ਆਸ਼ਰਤ ਪੈਨਸ਼ਨ ਪੰਜ ਹਜ਼ਾਰ ਰੁਪਏ ਕਰਵਾਉਣ ਆਦਿ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਲਲਕਾਰ ਰੈਲੀ ਦੀ ਤਿਆਰੀ ਹਿੱਤ 31 ਜਨਵਰੀ ਨੂੰ ਸਵੇਰੇ 11 ਵਜੇ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਮਾਨਸਾ ਵਿਖੇ ਪੰਜਾਬ ਖੇਤ ਮਜ਼ਦੂਰ ਸਭਾ ਤੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੀਆਂ ਜ਼ਿਲ੍ਹਾ ਕਮੇਟੀਆਂ ਦੀ ਇੱਕ ਸਾਂਝੀ ਮੀਟਿੰਗ ਕੀਤੀ ਜਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਸੀਤਾ ਰਾਮ ਗੋਬਿੰਦਪੁਰਾ, ਕੇਵਲ ਸਿੰਘ ਸਮਾਓਂ, ਗੁਰਪਿਆਰ ਸਿੰਘ ਫੱਤਾ, ਨਰੇਸ਼ ਬੁਰਜਹਰੀ, ਕਰਨੈਲ ਸਿੰਘ ਭੀਖੀ, ਕਾਲਾ ਖਾਂ ਭੰਮੇ, ਬੰਬੂ ਸਿੰਘ, ਜੱਗਾ ਸਿੰਘ ਰਾਏਪੁਰ, ਜੱਗਾ ਸਿੰਘ ਬਾਜੇਵਾਲਾ, ਨਿਰਮਲ ਸਿੰਘ ਬੱਪੀਆਣਾ, ਗੁਰਜੰਟ ਕੋਟਧਰਮੂ, ਦੇਸ ਰਾਜ ਕੋਟਧਰਮੂ, ਸੁਖਦੇਵ ਪੰਧੇਰ, ਲਾਭ ਸਿੰਘ ਮੰਢਾਲੀ, ਗੁਰਤੇਜ ਸਿੰਘ ਭੂਪਾਲ ਤੇ ਸੁਖਦੇਵ ਸਿੰਘ ਮਾਨਸਾ ਆਦਿ ਆਗੂ ਹਾਜ਼ਰ ਸਨ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ



ਮੋਦੀ ਸਰਕਾਰ ਦਾ ਪੁਤਲਾ ਫੂਕਦੇ ਹੋਏ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂ।

**ਮੱਖੂ (ਰਛਪਾਲ ਸਿੰਘ ਸੰਧੂ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਮਖੂ ਦੇ ਕਿਸਾਨਾਂ ਮਜ਼ਦੂਰਾਂ ਵੱਲੋਂ ਜ਼ੋਨ ਪ੍ਰਧਾਨ ਵੀਰ ਸਿੰਘ ਨਿਜਾਮਦੀਨ ਵਾਲਾ ਦੀ ਅਗਵਾਈ ਹੇਠ ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇ 'ਤੇ ਅੱਜ ਦੇ ਦਿਨ ਦਿੱਲੀ ਅੰਦੋਲਨ ਦੌਰਾਨ 29 ਜਨਵਰੀ 2021 ਨੂੰ ਮੋਦੀ ਸਰਕਾਰ ਦੇ ਗੁੰਡਿਆਂ ਵੱਲੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਸਿੰਘੂ ਬਾਰਡਰ ਦਿੱਲੀ ਵਿਖੇ ਲੱਗੀ ਸਟੇਜ 'ਤੇ ਗੁੰਡਾਗਰਦੀ ਕਰਦਿਆਂ ਪੈਟਰੋਲ ਬੰਬਾਂ ਤੇ ਹੋਰ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਆਪਣੀਆਂ ਹੱਕੀ ਮੰਗਾਂ ਲਈ ਬੈਠੇ ਕਿਸਾਨਾਂ ਮਜ਼ਦੂਰਾਂ 'ਤੇ ਹਮਲਾ ਕਰਦਿਆਂ ਟੈਂਟਾਂ ਦੀ ਭੰਨਤੋੜ, ਸਟੇਜ ਉਖਾੜਨ, ਬੀਬੀਆਂ, ਬੱਚਿਆਂ 'ਤੇ ਜ਼ੋਰਦਾਰ ਹਮਲੇ ਕਰਕੇ ਕਿਸਾਨਾਂ ਦੀ ਮਾਰਕੁੱਟ ਕੀਤੀ ਗਈ ਸੀ ਤੇ ਅਜੇ ਤੱਕ ਬਣਦੀ ਕਾਰਵਾਈ ਨਹੀਂ ਕੀਤੀ ਗਈ, ਜਿਸ ਦੇ ਰੋਸ ਵਜੋਂ ਮਖੂ ਮੰਡੀ ਵਿੱਚ ਕਿਸਾਨਾਂ ਮਜ਼ਦੂਰਾਂ ਵੱਲੋਂ ਇਕੱਠੇ ਹੋ ਕੇ ਰੋਸ ਮਾਰਚ ਕਰਕੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਮੋਦੀ ਸਰਕਾਰ ਤੇ ਭਾਜਪਾ ਦੇ ਗੁੰਡਿਆਂ ਦਾ ਪੁਤਲਾ ਫੂਕਿਆ ਗਿਆ ਤੇ ਇਨਸਾਫ਼ ਦੇਣ ਦੀ ਜ਼ੋਰਦਾਰ ਮੰਗ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ, ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ, ਲਖਵਿੰਦਰ ਸਿੰਘ ਬਸਤੀ ਨਾਮਦੇਵ, ਗੁਰਭੇਜ ਸਿੰਘ ਫੇਮੀਵਾਲਾ, ਕਮਲਜੀਤ ਸਿੰਘ ਮਰਹਾਣਾ, ਜਰਨੈਲ ਸਿੰਘ ਵਾਰਿਸ ਵਾਲਾ, ਬਲਕਾਰ ਸਿੰਘ ਭਜਨ ਸਿੰਘ ਜੋਗੇਵਾਲਾ, ਸਾਬ ਸਿੰਘ ਤਲਵੰਡੀ ਨਿਪਾਲਾਂ, ਜਸਵੰਤ ਸਿੰਘ ਬਸਤੀ ਨਾਮਦੇਵ, ਭੁਪਿੰਦਰ ਸਿੰਘ ਖੜੂਰ, ਜਸਬੀਰ ਸਿੰਘ ਸੰਧਰ ਵਾਲਾ, ਜਸਬੀਰ ਸਿੰਘ, ਦਵਿੰਦਰ ਸਿੰਘ ਨਿਜਾਮੀਵਾਲਾ, ਰੂਪ ਸਿੰਘ ਟਿੱਬੀ ਆਦਿ ਆਗੂ ਹਾਜ਼ਰ ਸਨ।

# ਮਨਰੇਗਾ ਮਜ਼ਦੂਰਾਂ ਦਾ ਬਕਾਇਆ ਤੇ ਮਸਟਰੋਲ ਕੱਢਣ 'ਚ ਆਨਾਕਾਨੀ ਬਰਦਾਸਤ ਨਹੀਂ : ਗੋਬਿੰਦਪੁਰਾ

**ਬੁਢਲਾਡਾ (ਅਸ਼ੋਕ ਲਾਕੜਾ)**-ਬਲਾਕ ਬੁਢਲਾਡਾ ਦੇ ਮਨਰੇਗਾ ਮਜ਼ਦੂਰਾਂ ਨੂੰ ਕੰਮ ਦੇਣ ਤੇ ਬਕਾਇਆ ਦੇਣ ਸਬੰਧੀ ਸਬੰਧਤ ਅਧਿਕਾਰੀਆਂ ਤੇ ਕ੍ਰਮਚਾਰੀਆਂ ਵੱਲੋਂ ਕੀਤੀ ਜਾ ਰਹੀ ਆਨਾਕਾਨੀ ਦਾ ਨੋਟਿਸ ਲੈਂਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਸਾਥੀ ਸੀਤਾਰਾਮ ਗੋਬਿੰਦਪੁਰਾ ਦੀ ਅਗਵਾਈ ਹੇਠ ਵਫਦ ਮਿਲਿਆ ਤੇ ਸਬੰਧਤ ਮੰਗਾਂ 'ਤੇ ਚਰਚਾ ਕੀਤੀ ਗਈ। ਇਸ ਮੌਕੇ ਬੱਛੋਆਣਾ ਤੇ ਟਾਹਲੀਆਂ ਦੇ ਮਜ਼ਦੂਰਾਂ ਸਮੇਤ ਬਲਾਕ ਦੇ ਸਾਰੇ ਪਿੰਡਾਂ ਦੇ ਨਰੇਗਾ ਕਾਮਿਆਂ ਨੂੰ ਰੁਜ਼ਗਾਰ ਤੇ ਬਕਾਇਆ ਨੂੰ ਫੌਰੀ ਤੌਰ ਜਾਰੀ ਕਰਨ ਦੀ ਮੰਗ ਕਰਦਿਆਂ ਮਜ਼ਦੂਰ ਆਗੂ ਸੀਤਾਰਾਮ ਗੋਬਿੰਦਪੁਰਾ ਨੇ ਕਿਹਾ ਸੂਬਾ ਸਰਕਾਰ ਵੀ ਕੇਂਦਰ ਦੇ ਇਸ਼ਾਰਿਆਂ 'ਤੇ ਚੱਲਦਿਆਂ ਮਜ਼ਦੂਰ ਜਮਾਤ ਨੂੰ ਦਰਕਿਨਾਰ ਕਰ ਰਹੀ ਹੈ, ਜਿਸ ਖਿਲਾਫ਼ ਪੰਜਾਬ ਖੇਤ ਮਜ਼ਦੂਰ ਸਭਾ ਤੇ ਏਟਕ ਵੱਲੋਂ 20 ਫਰਵਰੀ ਨੂੰ ਮਾਨਸਾ ਵਿਖੇ ਲਲਕਾਰ ਰੈਲੀ ਕੀਤੀ ਜਾਵੇਗੀ, ਜਿਸ ਵਿੱਚ ਜ਼ਿਲ੍ਹੇ ਵਿੱਚੋਂ ਵੱਡੀ ਗਿਣਤੀ ਵਿੱਚ ਕਿਰਤੀ ਲੋਕ ਸ਼ਮੂਲੀਅਤ ਕਰਨਗੇ। ਇਸ ਸਮੇਂ ਏਟਕ ਆਗੂ ਚਿਮਨਲਾਲ ਕਾਕਾ, ਪਵਨ ਕੁਮਾਰ, ਬੰਬੂ ਸਿੰਘ ਫੂਲੇਵਾਲਾ ਡੋਗਰਾ ਨੇ ਬੁਢਲਾਡਾ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ 'ਤੇ ਨਿਰਾਸ਼ਾ ਪ੍ਰਗਟ ਕਰਦੇ ਹੋਏ ਮੰਗ ਕੀਤੀ ਕਿ ਨਸ਼ਿਆਂ ਦੇ ਵਧਦੇ ਰੁਝਾਨ ਕਰਕੇ ਨਸ਼ੇੜੀਆਂ ਵੱਲੋਂ ਸ਼ਰੇਆਮ ਲੋਕਾਂ ਦੀ ਕੁੱਟਮਾਰ ਕਰਕੇ ਪੈਸੇ ਖੋਹੇ ਜਾ ਰਹੇ ਹਨ। ਉਨ੍ਹਾਂ ਪਿੰਡ ਬੱਛੋਆਣਾ ਦੇ ਗਰੀਬਾਂ ਸਿੰਘ ਤੇ ਨਸ਼ੇੜੀਆਂ ਵੱਲੋਂ ਸ਼ਰੇਆਮ ਕੁੱਟਮਾਰ ਕਰਕੇ ਖੋਹੇ ਪੈਸੇ ਦੇ ਦੋਸ਼ੀਆਂ ਖਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਉਣ ਤੇ ਪੀੜਤ ਨੂੰ ਇਨਸਾਫ਼ ਦੇਣ ਦੀ ਮੰਗ ਕੀਤੀ।



# ਪੰਜਾਬ ਸਰਕਾਰ ਦੇ ਵਿਰੁੱਧ ਟੋਲ ਪਲਾਜ਼ਾ 'ਤੇ ਰੋਸ ਪ੍ਰਦਰਸ਼ਨ, ਭਲਕੇ ਬੁਢਲਾਡਾ ਪਹੁੰਚਣ ਦਾ ਸੱਦਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਸਰਕਾਰ ਦੇ ਤਾਨਾਸ਼ਾਹੀ ਜਬਰ ਵਿਰੁੱਧ ਟੋਲ ਪਲਾਜਾ ਮਹਿਲ ਕਲਾਂ ਵਿਖੇ 11 ਤੋਂ 2 ਵਜੇ ਤੱਕ ਟੋਲ ਫਰੀ ਕਰਕੇ ਰੋਸ ਪ੍ਰਗਟ ਕੀਤਾ ਗਿਆ।

ਡਕੌਂਦਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ, ਅਮਰਜੀਤ ਸਿੰਘ ਠੁੱਲੀਵਾਲ, ਬਲਾਕ ਪ੍ਰਧਾਨ ਨਾਨਕ ਸਿੰਘ, ਸਤਨਾਮ ਸਿੰਘ ਮੂੰਮ ਨੇ ਕਿਹਾ ਕਿ ਇਨਕਲਾਬ ਲਿਆਉਣ ਦੇ ਨਾਅਰੇ ਨਾਲ ਸੱਤਾ ਉੱਪਰ ਕਾਬਜ਼ ਹੋਈ ਆਪ ਸਰਕਾਰ ਨੰਗੀ ਚਿੱਟੀ ਧੱਕੇਸ਼ਾਹੀ ਉੱਪਰ ਉੱਤਰ ਆਈ ਹੈ। ਨੌਜਵਾਨ ਆਗੂ ਭਾਨਾ ਸਿੱਧੂ ਨੂੰ ਇੱਕ ਤੋਂ ਬਾਅਦ ਦੂਜੇ, ਤੀਜੇ ਝੂਠੇ ਪੁਲਸ ਕੇਸ ਵਿੱਚ ਫਸਾਇਆ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਇੱਕ ਪਾਸੇ ਝੂਠੇ ਮੁਕੱਦਮੇ ਦਰਜ ਕਰਕੇ ਜੇਲ੍ਹਾਂ ਵਿੱਚ ਡੱਕ ਕੇ ਦਹਿਸ਼ਤ ਪਾਈ ਜਾ ਰਹੀ ਹੈ, ਦੂਜੇ ਪਾਸੇ ਕੁੱਲਰੀਆਂ ਸਮੇਤ ਹੋਰਨਾਂ ਥਾਵਾਂ 'ਤੇ ਆਮ ਆਦਮੀ ਪਾਰਟੀ ਦੀ ਸਿਆਸੀ ਸ਼ਹਿ 'ਤੇ ਹਮਲੇ ਕਰ ਰਹੇ ਹਨ, ਪੁਲਸ ਅਜਿਹੀਆਂ ਗੁੰਡਾ ਢਾਣੀਆਂ ਨੂੰ ਸਿਆਸੀ ਸਰਪ੍ਰਸਤੀ ਹੋਣ ਕਰਕੇ ਮੂਕ ਦਰਸ਼ਕ ਬਣੀ ਹੋਈ ਹੈ। ਇਸ ਮੌਕੇ ਕਰਾਂਤੀਕਾਰੀ ਯੂਨੀਅਨ ਦੇ ਪ੍ਰਧਾਨ ਸੁਰਜੀਤ ਸਿੰਘ ਫੂਲ, ਜਗਰੂਪ ਸਿੰਘ ਗਹਿਲ, ਮੁਕੰਦ ਸਿੰਘ ਹਰਦਾਸਪੁਰਾ, ਜੱਗਾ ਸਿੰਘ ਮਹਿਲ ਕਲਾਂ, ਭਿੰਦਰ ਸਿੰਘ ਮੂੰਮ, ਸੱਤਪਾਲ ਸਿੰਘ ਸਹਿਜੜਾ, ਗੁਰਪ੍ਰੀਤ ਸਿੰਘ ਸਹਿਜੜਾ ਆਦਿ ਨੇ ਕਿਹਾ ਕਿ ਤਿੰਨ ਘੰਟਿਆਂ ਲਈ ਟੋਲ ਪਲਾਜਾ ਫ੍ਰੀ ਕਰਵਾ ਕੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਉਹ ਅਜਿਹੀਆਂ ਹਰਕਤਾਂ ਤੋਂ ਬਾਜ਼ ਆਵੇ, ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਗੁੰਡਾ-ਪੁਲਸ-ਸਿਆਸੀ ਗੱਠਜੋੜ ਖਿਲਾਫ ਤਿੱਖੇ ਸੰਘਰਸ਼ ਦਾ ਬਿਗੁਲ ਵਜਾਇਆ ਜਾਵੇਗਾ। ਆਗੂਆਂ ਨੇ ਕੁੱਲਰੀਆਂ ਅਬਾਦਕਾਰ ਕਿਸਾਨਾਂ ਦੀ ਜ਼ਮੀਨ ਦੀ ਰਾਖੀ ਲਈ ਚੱਲ ਰਹੇ ਪੱਕੇ ਮੋਰਚੇ ਵਿੱਚ ਸ਼ਾਮਲ ਹੋਣ ਲਈ 31 ਜਨਵਰੀ ਨੂੰ ਵੱਡੀ ਗਿਣਤੀ ਵਿੱਚ ਬੁਢਲਾਡਾ ਪਹੁੰਚਣ ਦੀ ਅਪੀਲ ਕੀਤੀ।

## ਕਾਤਰਾਂ

### ਅਵਿਨਾਸ਼ ਖੰਨਾ ਨਮਿਤ ਪਾਠ ਦਾ ਭੋਗ ਪਹਿਲੀ ਨੂੰ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਥਾਨਕ ਮਿਲਣਸਾਰ ਤੇ ਪ੍ਰਵੀਨ ਖੰਨਾ ਉਰਫ ਹੈਪੀ ਬਾਬਾ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ, ਜਦੋਂ ਇਨ੍ਹਾਂ ਦੇ ਪਿਤਾ ਅਵਿਨਾਸ਼ ਚੰਦਰ ਖੰਨਾ ਦਾ ਦਿਹਾਂਤ ਹੋ ਗਿਆ। ਇਸ ਮੌਤ 'ਤੇ ਭਾਈ ਅੰਮ੍ਰਿਤਪਾਲ ਸਿੰਘ ਸਿੱਧੂ, ਅਮਰਜੀਤ ਸਿੰਘ ਗਿੱਲ, ਕਾਲਾ ਮਿੱਤਲ, ਸੰਜੇ ਸੈਨ, ਬਲਵਿੰਦਰ ਸਿੰਘ ਢਿੱਲੋਂ, ਵਿਜੇ ਗੋਇਲ, ਬ੍ਰਾਹਮਣ ਸਭਾ ਦੇ ਰਮੇਸ਼ ਸ਼ਰਮਾ, ਬਲਾਕ ਪ੍ਰਧਾਨ ਵਿੱਕੀ ਵਸ਼ਿਸ਼ਟ, ਮੇਲਾ ਸਿੰਘ ਸੂਬੇਦਾਰ, ਸੀਨੀਅਰ ਅਕਾਲੀ ਆਗੂ ਗੁਰਮੀਤ ਸਿੰਘ ਲੱਲੀ ਕੌਂਸਲਰ ਤੋਂ ਇਲਾਵਾ ਸਮੂਹ ਪੱਤਰਕਾਰਾਂ ਨੇ ਅਵਿਨਾਸ਼ ਚੰਦਰ ਖੰਨਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗਰੁੜ ਪੁਰਾਣ ਪਾਠ ਦਾ ਭੋਗ 1 ਫਰਵਰੀ ਨੂੰ ਪ੍ਰਾਚੀਨ ਸ਼ਿਵ ਮੰਦਿਰ, ਪੱਤੀ ਸੁਨਾਮੀ ਲੌਂਗੋਵਾਲ ਵਿਖੇ ਦੁਪਹਿਰ 1 ਤੋਂ 2 ਵਜੇ ਤੱਕ ਪਵੇਗਾ।

### ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਲੋਕ ਸਭਾ ਚੋਣਾਂ ਲਈ ਤਿਆਰੀ ਆਰੰਭੀ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਆਪਣੇ ਬਲਬੂਤੇ 'ਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਲੜਨ ਲਈ ਤਿਆਰੀ ਆਰੰਭ ਦਿੱਤੀ ਗਈ ਹੈ। ਅੱਜ ਕੌਲਾ ਪਾਰਕ ਵਿਖੇ ਸੰਗਰੂਰ ਵਿਖੇ ਸ਼ਹਿਰੀ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸ਼ਹਿਰ ਦੇ ਆਗੂਆਂ ਦੀ ਮੀਟਿੰਗ ਰੱਖੀ ਗਈ, ਜਿਸ ਵਿੱਚ ਹਲਕਾ ਸੰਗਰੂਰ ਦੇ ਜਥੇਬੰਦਕ ਸਕੱਤਰ ਗੁਰਨੈਬ ਸਿੰਘ ਰਾਮਪੁਰਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼ਹਿਰੀ ਪ੍ਰਧਾਨ ਸੁਖਵਿੰਦਰ ਸਿੰਘ ਨੇ ਕਿਹਾ ਕਿ ਪਬਲਿਕ ਹੁਣ ਕੰਮ ਨੂੰ ਦੇਖ ਕੇ ਨੁਮਾਇੰਦਿਆਂ ਨੂੰ ਚੁਣਦੀ ਹੈ। ਸ. ਸਿਮਰਨਜੀਤ ਸਿੰਘ ਮਾਨ ਦੀ ਪੰਜਾਬ ਪ੍ਰਤੀ ਸੋਚ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮ ਤੋਂ ਨਰਾਜ਼ ਲੋਕ ਸਭਾ ਹਲਕਾ ਸੰਗਰੂਰ ਦੇ ਲੋਕਾਂ ਨੇ ਸ. ਸਿਮਰਨਜੀਤ ਸਿੰਘ ਮਾਨ ਨੂੰ ਪਾਰਲੀਮੈਂਟ ਵਿੱਚ ਭੇਜਿਆ। ਆਪਣੇ ਹਲਕੇ 'ਚ ਅੰਗਹੀਣਾਂ ਨੂੰ ਮੋਟਰ ਟ੍ਰਾਈਸਾਈਕਲਾਂ, ਕੰਨਾਂ ਦੀਆਂ ਮਸ਼ੀਨਾਂ, ਲੋੜਵੰਦਾਂ ਨੂੰ ਘਰ ਲਈ ਗ੍ਰਾਂਟ, ਕੈਂਸਰ ਮਰੀਜ਼ਾਂ ਨੂੰ ਇਲਾਜ ਲਈ ਗ੍ਰਾਂਟ, ਪ੍ਰਧਾਨ ਮੰਤਰੀ ਯੋਜਨਾ 'ਚੋਂ ਸੜਕਾਂ, ਮਾਲੇਰਕੋਟਲਾ, ਬਰਨਾਲਾ, ਸੰਗਰੂਰ ਜ਼ਿਲ੍ਹਿਆਂ ਦੇ ਮੁਕੰਮਲ ਬਿਜਲੀ ਨਵੀਨੀਕਰਨ ਲਈ ਕਰੋੜਾਂ ਰੁਪਏ ਦਾ ਪ੍ਰੋਜੈਕਟ ਪਾਸ ਕਰਵਾਇਆ। ਸ਼ਹਿਰ ਦੇ 29 ਵਾਰਡਾਂ ਲਈ ਬੂਥ ਲੈਵਲ 'ਤੇ ਵਰਕਰਾਂ ਦੀਆਂ ਲਿਸਟਾਂ ਬਣਾਉਣ ਲਈ ਕਮੇਟੀ ਦਾ ਗਠਨ ਵੀ ਕੀਤਾ, ਜਿਸ ਵਿਚ ਹਰਪ੍ਰੀਤ ਸਿੰਘ ਸ਼ਹਿਰੀ ਮੀਤ ਪ੍ਰਧਾਨ, ਬੀਬੀ ਹਰਪਾਲ ਕੌਰ, ਗੁਰਵਿੰਦਰ ਸਿੰਘ ਬੱਬੀ, ਗੁਰਪਾਲ ਸਿੰਘ, ਸ਼ਹਿਰੀ ਪ੍ਰਧਾਨ ਸੁਖਵਿੰਦਰ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਕਮੇਟੀ ਦੀ ਅਗਵਾਈ ਹਲਕਾ ਇੰਨਚਾਰਜ ਗੁਰਨੈਬ ਸਿੰਘ ਰਾਮਪੁਰਾ ਕਰਨਗੇ। ਇਸ ਮੌਕੇ ਗੁਰਨੈਬ ਸਿੰਘ ਰਾਮਪੁਰਾ ਨੇ ਸਾਰੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ।

# ਬੱਗਾ ਨੇ ਪੁਲ ਦੇ ਨਵੀਨੀਕਰਨ ਦੀ ਸ਼ੁਰੂਆਤ ਰਿਕਸ਼ਾ ਚਾਲਕ ਕੋਲੋਂ ਕਰਵਾਈ



**ਲੁਧਿਆਣਾ (ਰਾਜ ਸਿੰਗਲਾ)**-ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਦੀ ਅਗਵਾਈ ਹੇਠ ਸਥਾਨਕ ਚਾਂਦ ਸਿਨੇਮਾ ਨੇੜੇ ਬੁੱਢੇ ਦਰਿਆ ਦੇ ਬੰਦ ਹੋਏ ਪੁਲ ਦੇ ਨਵੀਨੀਕਰਨ ਕਾਰਜਾਂ ਦੀ ਰਸਮੀ ਸ਼ੁਰੂਆਤ ਆਮ ਆਦਮੀ (ਰਿਕਸ਼ਾ ਚਾਲਕ) ਕੋਲੋਂ ਕਰਵਾਈ ਗਈ। ਵਿਧਾਇਕ ਬੱਗਾ ਨੇ ਕਿਹਾ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਤੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਵੀ ਆਮ ਲੋਕਾਂ ਦੇ ਸਹਿਯੋਗ ਨਾਲ ਰੱਖੇ ਜਾ ਰਹੇ ਹਨ।

ਵਿਧਾਇਕ ਬੱਗਾ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਅਧੀਨ ਜਲੰਧਰ ਬਾਈ ਪਾਸ ਤੋਂ ਸ਼ਹਿਰ ਵਿੱਚ ਦਾਖਲ ਹੋਣ ਲਈ ਚਾਂਦ ਸਿਨੇਮਾ ਨੇੜਲੇ ਇਸ ਪੁਲ ਰਾਹੀਂ ਲੱਖਾਂ ਲੋਕਾਂ ਵੱਲੋਂ ਆਵਾਜਾਈ ਕੀਤੀ ਜਾਂਦੀ ਹੈ, ਜਿਸ ਨੂੰ ਪਿਛਲੇ ਕਰੀਬ 10 ਸਾਲਾਂ ਤੋਂ ਅਸੁਰੱਖਿਅਤ ਘੋਸ਼ਿਤ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਪਿਛਲੇ 5 ਸਾਲਾਂ ਤੋਂ ਭਾਰੀ ਵਾਹਨਾਂ ਤੇ ਚਾਰ ਪਹੀਆ ਵਾਹਨਾਂ ਲਈ ਇਸ ਪੁਲ ਤੋਂ ਬਦਲਵਾਂ ਰਸਤਾ ਅਪਣਾਇਆ ਜਾ ਰਿਹਾ ਹੈ, ਜਿਸ ਕਾਰਨ ਅਕਸਰ ਲੋਕਾਂ ਨੂੰ ਲੰਬੇ ਜਾਮ ਦੀ ਸਮੱਸਿਆ ਬਣੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਉਨ੍ਹਾਂ ਹਲਕੇ ਉੱਤਰੀ ਦੇ ਵੋਟਰਾਂ ਨਾਲ ਇਹ ਵਾਅਦਾ ਕੀਤਾ ਸੀ ਕਿ ਇਸ ਪੁਲ ਦੀ ਮੁਰੰਮਤ ਕਰਵਾਈ ਜਾਵੇਗੀ ਤੇ ਹੁਣ ਹਲਕੇ ਦੇ ਲੋਕਾਂ ਤੋਂ ਇਲਾਵਾ ਸਾਰੇ ਸ਼ਹਿਰ ਵਾਸੀਆਂ ਦੀ ਚਿਰੋਕਣੀ ਮੰਗ ਨੂੰ ਬੂਰ ਪਿਆ ਹੈ ਤੇ ਕਰੀਬ 8.62 ਕਰੋੜ ਦੀ ਲਾਗਤ ਵਾਲਾ ਇਹ ਪ੍ਰੋਜੈਕਟ ਤੈਅ ਸਮੇਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ ਤਾਂ ਜੋ ਲੋਕਾਂ ਦੀ ਆਵਾਜਾਈ ਸੁਖਾਵੀਂ ਹੋ ਸਕੇ। ਵਿਧਾਇਕ ਚੌਧਰੀ ਮਦਨ ਲਾਲ ਬੱਗਾ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਸ ਮੌਕੇ ਪੀ.ਡਬਲਿਊ.ਡੀ. ਵਿਭਾਗ ਦੇ ਸੁਪਰਇਨਟੈਂਡਿੰਗ ਇੰਜੀ: ਹਰਿੰਦਰ ਸਿੰਘ ਢਿੱਲੋਂ, ਕਾਰਜਕਾਰੀ ਇੰਜੀਨੀਅਰ ਰਣਜੀਤ ਸਿੰਘ ਸੰਧੂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ।

# ਖੇਤੀਬਾੜੀ ਮੁਲਾਜ਼ਮਾਂ ਨੇ ਡੀ ਸੀ ਨੂੰ ਦਿੱਤਾ ਮੰਗ ਪੱਤਰ



**ਬਠਿੰਡਾ (ਪਰਵਿੰਦਰਜੀਤ ਸਿੰਘ)**- ਖੇਤੀਬਾੜੀ ਮੁਲਾਜ਼ਮ ਜੁਆਇੰਟ ਐਕਸ਼ਨ ਕਮੇਟੀ ਪੰਜਾਬ ਦੇ ਸੱਦੇ 'ਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਕਰੀਬ ਨੌਂ ਸੌ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਪਰਾਲੀ ਦੀ ਸਾਂਭ ਸੰਭਾਲ ਲਈ ਕਿਸਾਨਾਂ ਨੂੰ ਸਬਸਿਡੀ 'ਤੇ ਦਿੱਤੀਆਂ ਮਸ਼ੀਨਾਂ ਦੀ ਨਿਗਰਾਨੀ ਨਾ ਰੱਖਣ ਸਬੰਧੀ ਜਾਰੀ ਕੀਤੇ ਨੋਟਿਸ ਦੇ ਵਿਰੋਧ ਵਿੱਚ ਸਮੂਹ ਸਟਾਫ ਵੱਲੋਂ ਸਥਾਨਕ ਦਫ਼ਤਰ ਮੂਹਰੇ ਧਰਨਾ 23 ਜਨਵਰੀ 2024 ਤੋਂ ਲਗਾਤਾਰ ਜਾਰੀ ਹੈ। ਸੋਮਵਾਰ ਮੁੱਖ ਖੇਤੀਬਾੜੀ ਅਫ਼ਸਰ ਡਾ. ਕਰਨਜੀਤ ਸਿੰਘ ਦੀ ਅਗਵਾਈ ਹੇਠ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਬਲਜਿੰਦਰ ਸਿੰਘ, ਮਨਜਿੰਦਰ ਸਿੰਘ, ਵਿਕਰਮ ਬਾਜਵਾ, ਪਰਨੂਰ ਸਿੰਘ, ਹਰਵਿੰਦਰ ਸਿੰਘ ਵੱਲੋਂ ਮੰਗ ਪੱਤਰ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਦਿੱਤਾ ਗਿਆ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਮਸ਼ੀਨਰੀ ਮਸਲੇ ਵਿੱਚ ਇਹ ਨੋਟਿਸ ਤੁਰੰਤ ਰੱਦ ਕੀਤੇ ਜਾਣ। ਵਰਨਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਕਰੀਬ ਚਾਰ ਸਾਲ ਪਹਿਲਾਂ ਪਰਾਲੀ ਦੀ ਸਾਂਭ ਸੰਭਾਲ ਲਈ ਕਿਸਾਨਾਂ ਨੂੰ ਸਬਸਿਡੀ 'ਤੇ ਮਸ਼ੀਨਾਂ ਦਿੱਤੀਆਂ ਗਈਆਂ ਸਨ। ਹੁਣ ਚਾਰ ਸਾਲਾਂ ਬਾਅਦ ਇਨ੍ਹਾਂ ਮਸ਼ੀਨਾਂ ਦੀ ਮੁੜ ਵੈਰੀਫਿਕੇਸ਼ਨ ਕੀਤੀ ਗਈ ਤਾਂ 90 ਫੀਸਦੀ ਮਸ਼ੀਨਾਂ ਉਪਲੱਬਧ ਪਾਈਆਂ ਗਈਆਂ, ਜਦੋਂ ਕਿ ਸਿਰਫ਼ 10 ਫੀਸਦੀ ਮਸ਼ੀਨਾਂ ਮੌਕੇ 'ਤੇ ਨਹੀਂ ਮਿਲੀਆਂ। ਇਹ ਸਾਰੀ ਪੜਤਾਲ ਕਰਕੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਵਿਭਾਗ ਨੂੰ ਰਿਪੋਰਟ ਭੇਜੀ ਤਾਂ ਮਹਿਕਮੇ ਦੇ ਵਿਸ਼ੇਸ਼ ਸਕੱਤਰ ਖੇਤੀਬਾੜੀ ਪੰਜਾਬ ਤੇ ਡਾਇਰੈਕਟਰ ਖੇਤੀਬਾੜੀ ਪੰਜਾਬ ਵੱਲੋਂ ਆਪਣੇ ਹੀ ਵਿਭਾਗ ਦੇ ਕਰੀਬ 900 ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤੇ ਹਨ ਧਰਨੇ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਵਿਭਾਗ ਵੱਲੋਂ ਕਦੇ ਵੀ ਮਸ਼ੀਨਾਂ ਦੀ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਰੀਵੈਰੀਫਿਕੇਸ਼ਨ ਕਰਨ ਲਈ ਕੋਈ ਵੀ ਹੁਕਮ ਪ੍ਰਾਪਤ ਨਹੀਂ ਹੋਇਆ, ਜਿਸ ਦੇ ਆਧਾਰ 'ਤੇ ਇਹ ਬੇ-ਬੁਨਿਆਦ ਨੋਟਿਸ ਜਾਰੀ ਕੀਤੇ ਗਏ ਹਨ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਜ਼ਿਲ੍ਹਾ ਪੱਧਰੀ ਧਰਨਾ ਲਗਾਤਾਰ ਜਾਰੀ ਰਹੇਗਾ, ਜੇਕਰ ਸਰਕਾਰ ਇਨ੍ਹਾਂ ਬੇ-ਬੁਨਿਆਦ ਨੋਟਿਸ ਰੱਦ ਨਹੀਂ ਕਰਦੀ ਤਾਂ ਆਉਂਦੇ ਦਿਨਾਂ ਵਿੱਚ ਜਥੇਬੰਦੀ ਵੱਲੋਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ ਅਤੇ ਰਾਜ ਪੱਧਰੀ ਵੱਡਾ ਧਰਨਾ ਮੋਹਾਲੀ ਵਿਖੇ ਦਿੱਤਾ ਜਾਵੇਗਾ।

# ਆਗਾਮੀ ਲੋਕ ਸਭਾ ਚੋਣਾਂ ਬੈਲਟ ਪੇਪਰ ਰਾਹੀਂ ਹੀ ਕਰਵਾਈਆਂ ਜਾਣ : ਸਮਾਓਂ

## ਦਿੱਲੀ ਸਥਿਤ ਕੌਮੀ ਚੋਣ ਕਮਿਸ਼ਨ ਦੇ ਦਫਤਰ ਦਾ ਘਿਰਾਓ ਭਲਕੇ



**ਮਾਨਸਾ (ਆਤਮਾ ਸਿੰਘ ਪਮਾਰ)**-ਦੇਸ਼ ਅੰਦਰ ਆਗਾਮੀ ਲੋਕ ਸਭਾ ਚੋਣਾਂ ਸਿਰਫ ਤੇ ਸਿਰਫ ਬੈਲਟ ਪੇਪਰ ਰਾਹੀਂ ਹੀ ਕਰਵਾਈਆਂ ਜਾਣ। ਇਸ ਸੰਬੰਧੀ ਰਾਸ਼ਟਰੀ ਪਰਿਵਰਤਨ ਮੋਰਚਾ ਵੱਲੋਂ 31 ਜਨਵਰੀ ਨੂੰ ਦਿੱਲੀ ਸਥਿਤ ਕੌਮੀ ਚੋਣ ਕਮਿਸ਼ਨ ਦੇ ਦਫ਼ਤਰ ਦਾ ਘਿਰਾਓ ਕੀਤਾ ਜਾਵੇਗਾ। ਇਹ ਐਲਾਨ ਮਜ਼ਦੂਰ ਮੁਕਤੀ ਮੋਰਚਾ ਪੰਜਾਬ, ਬਹੁਜਨ ਮੁਕਤੀ ਪਾਰਟੀ, ਭਾਰਤ ਮੁਕਤੀ ਮੋਰਚਾ ਦੀ ਇਕ ਸਾਂਝੀ ਮੀਟਿੰਗ ਵਿੱਚ ਆਗੂਆਂ ਵੱਲੋਂ ਕੀਤਾ ਗਿਆ। ਪ੍ਰੈੱਸ ਨੋਟ ਜਾਰੀ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ, ਸੂਬਾ ਕਮੇਟੀ ਮੈਂਬਰ ਇੰਜੀਨੀਅਰ ਰਜਿੰਦਰ ਸਿੰਘ ਮੌੜ, ਬਹੁਜਨ ਮੁਕਤੀ ਪਾਰਟੀ ਦੇ ਸੂਬਾ ਪ੍ਰਧਾਨ ਕੁਲਦੀਪ ਸਿੰਘ ਈਸਾਪੁਰ, ਭਾਰਤ ਮੁਕਤੀ ਮੋਰਚਾ ਦੇ ਆਗੂ ਡਾਕਟਰ ਸੁਰਿੰਦਰ ਸਿੰਘ ਨੇ ਕਿਹਾ ਕਿ ਭਾਜਪਾ ਦੀ ਮੋਦੀ ਸਰਕਾਰ ਜਦੋਂ ਦੀ ਕੇਂਦਰੀ ਸੱਤਾ 'ਤੇ ਕਾਬਜ਼ ਹੋਈ ਹੈ, ਉਦੋਂ ਤੋਂ ਹੀ ਈ.ਵੀ.ਐੱਮ. ਦੀ ਵਰਤੋਂ ਕਰਕੇ ਸੂਬਾਈ ਤੇ ਕੇਂਦਰੀ ਸੱਤਾ ਹੜੱਪ ਰਹੀ ਹੈ। ਉਨ੍ਹਾਂ ਕਿਹਾ ਕਿ ਅੱਛੇ ਦਿਨਾਂ ਦਾ ਨਾਅਰਾ ਦੇਣ ਵਾਲੀ ਮੋਦੀ ਸਰਕਾਰ ਬੇਜ਼ਮੀਨੇ ਮਜ਼ਦੂਰਾਂ ਨੂੰ ਹਨੇਰੀਆਂ ਗਲੀਆਂ ਵਿੱਚ ਧੱਕ ਰਹੀ ਹੈ। ਉਨ੍ਹਾਂ ਕਿਹਾ ਈ ਵੀ ਐੱਮ ਖਿਲਾਫ ਸਭ ਤੋਂ ਵੱਧ ਬੋਲਣ ਵਾਲੀ ਆਮ ਆਦਮੀ ਪਾਰਟੀ ਦੇ ਲੀਡਰ ਸੱਤਾ ਪ੍ਰਾਪਤੀ ਤੋਂ ਬਾਅਦ ਖਾਮੋਸ਼ ਹਨ। ਆਗੂਆਂ ਨੇ ਕਿਹਾ ਕਿ ਅੱਜ ਮੋਦੀ ਸਰਕਾਰ ਤੇ ਭਾਜਪਾ ਤੋਂ ਭਾਰਤੀ ਸੰਵਿਧਾਨ ਬਚਾਉਣ ਲਈ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਤੇ ਵਿਰੋਧੀ ਧਿਰਾਂ ਨੂੰ ਈ ਵੀ ਐੱਮ ਦਾ ਵਿਰੋਧ ਕਰਨ ਲਈ ਸੜਕਾਂ 'ਤੇ ਆਉਣਾ ਚਾਹੀਦਾ ਹੈ। ਆਗੂਆਂ ਨੇ 31 ਜਨਵਰੀ ਨੂੰ ਦਿੱਲੀ ਚੋਣ ਕਮਿਸ਼ਨ ਦੇ ਦਫਤਰ ਦੇ ਘਿਰਾਓ ਵਿੱਚ ਲੋਕਾਂ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਮਜ਼ਦੂਰ ਆਗੂ ਪ੍ਰਿਤਪਾਲ ਸਿੰਘ ਰਾਮਪੁਰਾ, ਅਵਤਾਰ ਸਿੰਘ, ਦੀਪ ਸ਼ੇਰਗਿੱਲ ਸਮੇਤ ਵੱਡੀ ਗਿਣਤੀ ਸੰਗਠਨਾਂ ਦੇ ਆਗੂ ਤੇ ਵਰਕਰ ਮੌਜੂਦ ਸਨ।

# 9ਵਾਂ ਅੰਤਰਰਾਸ਼ਟਰੀ ਫੈਸਟ ਵਿਬਗਿਓਰ-24 ਅਮਿੱਟ ਯਾਦਾਂ ਛੱਡਦਾ ਸਮਾਪਤ




**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਬਾਬਾ ਫ਼ਰੀਦ ਗਰੁੱਪ ਆਫ ਇੰਸਟੀਚਿਊਸ਼ਨਜ਼ (ਬੀ.ਐਫ.ਜੀ.ਆਈ.) ਵਿਖੇ 'ਸੀ.ਐਚ.ਡੀ. ਕੰਸਲਟੈਂਟਸ ਪ੍ਰਾ. ਲਿਮ' ਦੇ ਸਹਿਯੋਗ ਨਾਲ ਆਯੋਜਿਤ 9ਵਾਂ ਅੰਤਰਰਾਸ਼ਟਰੀ ਫੈਸਟ 'ਵਿਬਗਿਓਰ-24' ਪੂਰੇ ਜੋਬਨ ਤੇ ਆ ਕੇ ਅਮਿੱਟ ਯਾਦਾਂ ਛੱਡਦਾ ਹੋਇਆ ਅੱਜ ਦੂਜੇ ਦਿਨ ਸਫ਼ਲਤਾਪੂਰਵਕ ਸਮਾਪਤ ਹੋ ਗਿਆ। ਵਿਬਗਿਓਰ-24 ਸੰਸਥਾ ਦਾ ਸਾਲਾਨਾ ਫੈਸਟ ਹੈ, ਜੋ ਹਰ ਸਾਲ ਬਾਬਾ ਫ਼ਰੀਦ ਗਰੁੱਪ ਆਫ ਇੰਸਟੀਚਿਊਸ਼ਨਜ਼ ਦੁਆਰਾ ਆਯੋਜਤ ਕੀਤਾ ਜਾਂਦਾ ਹੈ, ਜਿਸ ਵਿੱਚ ਵੱਖ-ਵੱਖ ਦੇਸ਼ਾਂ ਦੇ ਵਿਦਿਆਰਥੀ ਸੱਭਿਆਚਾਰਕ ਵਟਾਂਦਰੇ ਲਈ ਹਿੱਸਾ ਲੈਂਦੇ ਹਨ ਅਤੇ ਅੰਤਰਰਾਸ਼ਟਰੀ ਪੱਧਰ ਤੇ ਤਕਨੀਕੀ ਅਤੇ ਮੈਨੇਜਮੈਂਟ ਬਾਰੇ ਗਿਆਨ ਤੇ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰਦੇ ਹਨ। ਸਮਾਗਮ ਦੇ ਮੁੱਖ ਮਹਿਮਾਨ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਸਨ, ਜਦੋਂ ਕਿ ਸ੍ਰੀ ਬਲਤੇਜ ਪੰਨੂ, ਮੀਡੀਆ ਸਲਾਹਕਾਰ, ਮੁੱਖ ਮੰਤਰੀ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਦਵਿੰਦਰਜੀਤ ਸਿੰਘ ਲਾਡੀ ਢੋਸ, ਪ੍ਰਧਾਨ ਆਪ ਪੰਜਾਬ (ਯੂਥ ਵਿੰਗ) ਐਮ.ਐਲ.ਏ.ਧਰਮਕੋਟ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਸਨ। ਇਨ੍ਹਾਂ ਤੋਂ ਇਲਾਵਾ ਸ. ਜਗਰੂਪ ਸਿੰਘ ਗਿੱਲ, ਐਮ.ਐਲ.ਏ. (ਬਠਿੰਡਾ ਸ਼ਹਿਰੀ), ਸ੍ਰੀ ਨੀਲ ਗਰਗ, ਚੇਅਰਮੈਨ, ਪੰਜਾਬ ਮਿਡੀਅਮ ਇੰਡਸਟਰੀ ਡਿਵੈਲਪਮੈਂਟ ਬੋਰਡ, ਸਹਾਇਕ ਐਡਵੋਕੇਟ ਜਨਰਲ ਅਜੀਤ ਪਾਲ ਸਿੰਘ ਮੰਡੇਰ, ਜਸਵਿੰਦਰ ਸਿੰਘ ਸੇਖੋਂ ਸੀਨੀਅਰ ਆਪ ਆਗੂ ਅਤੇ ਨੌਜਵਾਨ ਆਗੂ ਚੁਸ਼ਪਿੰਦਰ ਸਿੰਘ ਚਾਹਲ (ਅੰਤਰਰਾਸ਼ਟਰੀ ਕਬੱਡੀ ਖਿਡਾਰੀ) ਨੇ ਵੀ ਸਤਿਕਾਰਤ ਮਹਿਮਾਨ ਵਜੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।ਬੀ.ਐਫ.ਜੀ.ਆਈ. ਦੇ ਚੇਅਰਮੈਨ, ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਮੁੱਖ ਮਹਿਮਾਨ ਸਮੇਤ ਆਉਣ ਵਾਲੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਇਹ ਮਾਣ ਹੈ ਕਿ ਇਸ 9ਵੇਂ ਕੌਮਾਂਤਰੀ ਫੈਸਟ ਵਿੱਚ 10 ਤੋਂ ਵੱਧ ਦੇਸ਼ਾਂ ਦੇ ਡੈਲੀਗੇਟਾਂ ਨੇ ਹਿੱਸਾ ਲਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਅੰਤਰਰਾਸ਼ਟਰੀ ਮੇਲਾ ਭਾਰਤ ਅਤੇ ਵਿਦੇਸ਼ਾਂ ਵਿੱਚ ਵੀ ਮਸ਼ਹੂਰ ਹੋ ਚੁੱਕਾ ਹੈ ਅਤੇ ਨੌਜਵਾਨ ਇਸ ਫੈਸਟ ਦੀ ਬਹੁਤ ਹੀ ਸ਼ਿੱਦਤ ਨਾਲ ਪੂਰਾ ਸਾਲ ਉਡੀਕ ਕਰਦੇ ਹਨ। ਮੇਲੇ ਦੇ ਦੂਜੇ ਦਿਨ ਮੁੱਖ ਸਟੇਜ ਤੇ ਮਿਸਟਰ 'ਵਿਬਗਿਓਰ' ਤੇ ਮਿਸ 'ਵਿਬਗਿਓਰ' ਦੇ ਖਿਤਾਬ ਲਈ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਮੁਕਾਬਲੇ ਕਰਾਏ ਗਏ, ਜਿਸ ਵਿੱਚ ਆਕਾਸ਼ਦੀਪ ਸ਼ਰਮਾ ਨੂੰ ਮਿਸਟਰ ਵਿਬਗਿਓਰ ਤੇ ਜਸਪ੍ਰੀਤ ਕੌਰ ਨੂੰ ਮਿਸ ਵਿਬਗਿਓਰ ਦਾ ਖਿਤਾਬ ਦਿੱਤਾ ਗਿਆ।ਇਨ੍ਹਾਂ ਜੇਤੂਆਂ ਨੂੰ ਸੰਸਥਾ ਵੱਲੋਂ 21000/-ਰੁਪਏ ਦੇ ਨਕਦ ਇਨਾਮ ਵੀ ਦਿੱਤੇ ਗਏ।

ਮੁੱਖ ਮਹਿਮਾਨ ਸ. ਹਰਪਾਲ ਸਿੰਘ ਚੀਮਾ, ਮਾਨਯੋਗ ਵਿੱਤ ਮੰਤਰੀ, ਪੰਜਾਬ ਸਰਕਾਰ ਨੇ ਸੰਬੋਧਨ ਕਰਦਿਆਂ ਬੀ.ਐਫ.ਜੀ.ਆਈ. ਦੀ ਸਮੁੱਚੀ ਮੈਨੇਜਮੈਂਟ, ਸਟਾਫ਼ ਅਤੇ ਵਿਦਿਆਰਥੀਆਂ ਨੂੰ 9ਵੇਂ ਕੌਮਾਂਤਰੀ ਫੈਸਟ ਵਿਬਗਿਓਰ-24 ਦੇ ਸਫਲ ਆਯੋਜਨ ਲਈ ਵਧਾਈ ਦਿੱਤੀ। ਅੰਤਰਰਾਸ਼ਟਰੀ ਪੇਸ਼ਕਾਰੀਆਂ ਵਿੱਚ ਵੱਖ-ਵੱਖ ਦੇਸ਼ਾਂ ਦੇ ਕਲਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਵਿਖਾਏ। ਸਟੰਟਮੈਨਾਂ ਨੇ ਹੈਰਾਨਕੁੰਨ ਬਾਈਕ ਸਟੰਟ ਦਿਖਾ ਕੇ ਨੌਜਵਾਨਾਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਫੈਸਟ ਵਿੱਚ ਇੰਡੀਅਨ ਏਅਰ ਫੋਰਸ ਵੱਲੋਂ ਵੀ ਪ੍ਰਦਰਸ਼ਨੀ ਲਗਾਈ ਗਈ ਜਿਥੇ ਨੌਜਵਾਨਾਂ ਨੇ ਏਅਰ ਫੋਰਸ ਨਾਲ ਜੁੜਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨ ਵਿਦਿਆਰਥੀਆਂ ਲਈ 'ਸੀ.ਐਚ.ਡੀ. ਕੰਸਲਟੈਂਟਸ ਪ੍ਰਾ. ਲਿਮ.' ਦੀ ਸਟਾਲ ਖ਼ਾਸ ਖਿੱਚ ਦਾ ਕੇਂਦਰ ਬਣੀ ਰਹੀ ਜਦੋਂ ਕਿ ਬੀ.ਐਫ.ਜੀ.ਆਈ. ਦੇ ਐਡਮਿਸ਼ਨ ਹੈਲਪ ਡੈਸਕ 'ਤੇ ਵਿਦਿਆਰਥੀ ਆਪਣੀ ਰਜਿਸਟ੍ਰੇਸ਼ਨ ਕਰਵਾ ਕੇ 100 ਫ਼ੀਸਦੀ ਸਕਾਲਰਸ਼ਿਪ ਪ੍ਰਾਪਤ ਕਰਨ ਦੇ ਸੁਨਿਹਰੀ ਮੌਕੇ ਦਾ ਲਾਭ ਲੈ ਰਹੇ ਸਨ।ਅਮਿਊਜ਼ਮੈਂਟ ਪਾਰਕ ਵਿੱਚ ਹਰ ਉਮਰ ਵਰਗ ਦੇ ਲੋਕਾਂ ਨੇ ਝੂਲਿਆਂ ਅਤੇ ਚੰਡੋਲਾਂ ਦਾ ਆਨੰਦ ਮਾਣਿਆ।ਫੂਡ ਕੋਰਟ ਵਿੱਚ ਵੱਖ-ਵੱਖ ਤਰਾਂ ਦੇ ਅੰਤਰਰਾਸ਼ਟਰੀ ਬਰਾਂਡਜ਼ ਦੀਆਂ ਚਾਈਨਜ, ਸਾਊਥ ਇੰਡੀਅਨ ਅਤੇ ਪੰਜਾਬੀ ਪਕਵਾਨਾਂ ਦੀਆਂ ਸਟਾਲਾਂ ਨੇ ਵੱਡੀ ਗਿਣਤੀ ਵਿੱਚ ਦਰਸ਼ਕਾਂ ਨੂੰ ਆਕਰਸ਼ਤ ਕੀਤਾ, ਜਿੱਥੇ ਹਰ ਇੱਕ ਨੇ ਵੱਖ-ਵੱਖ ਪਕਵਾਨਾਂ ਦਾ ਆਨੰਦ ਮਾਣਿਆ। ਮਸ਼ਹੂਰ ਪੰਜਾਬੀ ਗਾਇਕ ਅਤੇ ਅਭਿਨੇਤਾ ਬੱਬੂ ਮਾਨ ਦੀ ਲਾਈਵ ਪ੍ਰਫਾਰਮੈਂਸ ਨੇ ਲੋਕਾਂ ਨੂੰ ਆਪਣੀ ਬੀਟ 'ਤੇ ਨਚਾਇਆ।ਉਸ ਨੇ ਆਪਣੀਆਂ ਐਲਬਮਾਂ ਤੇ ਫ਼ਿਲਮਾਂ ਦੇ ਹਿੱਟ ਗਾਣਿਆਂ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਦਰਸ਼ਕਾਂ ਨੂੰ ਮੋਹ ਲਿਆ।ਉਸ ਨੇ ਜੱਟੀਏ, ਨੀਂਦਰਾਂ ਨੀ ਆਉਂਦੀਆਂ, ਚਿੱਟਾ ਕੁੜਤਾ, ਟਰਾਲਾ, ਮਿੱਤਰਾਂ ਦੀ ਛਤਰੀ ਤੋਂ ਉੱਡ ਗਈ, ਸਾਉਣ ਦੀ ਝੜੀ ਆਦਿ ਗਾਣੇ ਗਾ ਕੇ ਲਗਾਤਾਰ 4 ਘੰਟੇ ਆਪਣੀ ਗਾਇਕੀ ਦਾ ਅਜਿਹਾ ਰੰਗ ਬੰਨ੍ਹਿਆ ਕਿ ਇਸ ਲਾਈਵ ਸ਼ੋਅ ਦੇ ਰੰਗਾਰੰਗ ਮਾਹੌਲ ਵਿੱਚ ਦਰਸ਼ਕ ਪੂਰੀ ਤਰ੍ਹਾਂ ਰੰਗੇ ਹੋਏ ਆਨੰਦ ਮਾਣ ਰਹੇ ਅਤੇ ਭੰਗੜੇ ਪਾ ਰਹੇ ਸਨ।

# ਜਲ ਸਪਲਾਈ ਠੇਕਾ ਮੁਲਾਜ਼ਮਾਂ ਵੱਲੋਂ 6 ਨੂੰ ਮੋਹਾਲੀ 'ਚ ਸੂਬਾ ਪੱਧਰੀ ਧਰਨੇ ਦਾ ਐਲਾਨ

## ਪੇਂਡੂ ਜਲ ਸਪਲਾਈ ਸਕੀਮਾਂ ਦਾ ਨਿੱਜੀਕਰਨ ਬੰਦ ਕਰਕੇ ਠੇਕਾ ਮੁਲਾਜ਼ਮਾਂ ਦਾ ਪੱਕਾ ਰੁਜ਼ਗਾਰ ਕੀਤਾ ਜਾਵੇ : ਵਰਿੰਦਰ ਮੋਮੀ



**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਇਥੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਅਧੀਨ ਚਲ ਰਹੀਆਂ ਪੇਂਡੂ ਜਲ ਸਪਲਾਈ ਸਕੀਮਾਂ ਤੇ ਪਿਛਲੇ 15-20 ਸਾਲਾਂ ਦੇ ਲੰਮੇ ਸਮੇਂ ਤੋਂ ਬਤੌਰ ਇਨਲਿਸਟਮੈਂਟ/ਆਊਟਸੋਰਸ ਠੇਕਾ ਅਧਾਰਤ ਮੁਲਾਜ਼ਮ ਜੋਕਿ ਲਗਾਤਾਰ ਆਪਣੀਆਂ ਸੇਵਾਵਾਂ ਦੇ ਰਹੇ ਹਨ ਪਰ ਤ੍ਰਾਸਦੀ ਇਹ ਹੈ ਕਿ ਸੂਬੇ ਦੀ ਸੱਤਾ 'ਤੇ ਰਾਜ ਕਰਨ ਵਾਲੀਆਂ ਹਰੇਕ ਰਾਜਸੀ ਪਾਰਟੀ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਵਰਕਰਾਂ ਦਾ ਪੱਕਾ ਰੁਜ਼ਗਾਰ ਕਰਨ ਦੀ ਮੰਗ ਪੂਰੀ ਨਹੀਂ ਕੀਤੀ ਗਈ ਹੈ। ਸਾਲ 2022 'ਚ ਬਦਲਾਅ ਲਿਆਉਣ ਦੇ ਨਾਅਰੇ ਹੇਠ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਮੁੱਖ ਮੰਤਰੀ ਭਗਵੰਤ ਸਿੰਘ ਵਾਲੀ ਪੰਜਾਬ ਸਰਕਾਰ ਵੱਲੋਂ ਅਣਦੇਖੀ ਕੀਤੀ ਜਾ ਰਹੀ ਹੈ, ਉਥੇ ਇਸ ਦੇ ਨਾਲ ਹੀ ਵਿਭਾਗੀ ਮੈਨੇਜਮੈਂਟ ਵੀ ਲੋਕ ਵਿਰੋਧੀ ਨੀਤੀਆਂ ਲਾਗੂ ਕਰਕੇ ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਦਾ ਕੱਚਾ-ਪਿੱਲਾ ਰੁਜ਼ਗਾਰ ਖੋਹਣ ਲਈ ਜਲ ਸਪਲਾਈ ਸਕੀਮਾਂ ਦਾ ਨਿੱਜੀਕਰਨ/ਪੰਚਾਇਤੀਕਰਨ ਕਰ ਰਹੀ ਹੈ ਤੇ ਇਸ ਦੇ ਨਾਲ ਹੀ ਕਿਰਤ ਕਾਨੂੰਨ ਅਧੀਨ ਹੋਏ ਵਾਧੇ ਮੁਤਾਬਕ ਠੇਕਾ ਮੁਲਾਜ਼ਮਾਂ ਦੀਆਂ ਉਜ਼ਰਤਾਂ ਵਿੱਚ ਪਿਛਲੇ 2 ਸਾਲਾਂ ਤੋਂ ਵਾਧਾ ਨਹੀਂ ਕੀਤਾ ਜਾ ਰਿਹਾ ਹੈ। ਸੂਬਾਈ ਆਗੂਆਂ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋਂ ਲਗਾਤਾਰ ਪੁਰਅਮਨ ਢੰਗ ਨਾਲ ਸੰਘਰਸ਼ ਕੀਤਾ ਜਾ ਰਿਹਾ ਹੈ, ਪਰ ਸਰਕਾਰ ਤੇ ਵਿਭਾਗ ਦੀ ਮੈਨੇਜਮੈਂਟ ਮੰਗਾਂ ਦਾ ਹੱਲ ਨਹੀਂ ਕਰ ਰਹੀ ਹੈ, ਜਿਸ ਦੇ ਰੋਸ ਵਜੋਂ ਸੰਘਰਸ਼ਾਂ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੰਗਾਂ ਦਾ ਹੱਲ ਕਰਵਾਉਣ ਲਈ ਯੂਨੀਅਨ ਦੀ ਸੂਬਾ ਵਰਕਿੰਗ ਕਮੇਟੀ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ 6 ਫਰਵਰੀ 2024 ਨੂੰ ਵਿਭਾਗੀ ਮੁਖੀ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦਫਤਰ ਮੋਹਾਲੀ ਅੱਗੇ ਵਰਕਰ ਆਪਣੇ ਪਰਿਵਾਰਾਂ ਤੇ ਬੱਚਿਆਂ ਸਮੇਤ ਸੂਬਾ ਪੱਧਰੀ ਰੋਸ ਧਰਨਾ ਦੇਣਗੇ, ਜੇਕਰ ਮੰਗਾਂ ਦਾ ਹੱਲ ਨਹੀਂ ਕੀਤਾ ਗਿਆ ਤਾਂ ਭਵਿੱਖ 'ਚ ਸਰਕਾਰ ਤੇ ਵਿਭਾਗੀ ਮੈਨੇਜਮੈਂਟ ਖਿਲਾਫ ਤਿੱਖੇ ਸੰਘਰਸ਼ਾਂ ਦਾ ਐਲਾਨ ਕੀਤਾ ਜਾਵੇਗਾ, ਉਥੇ ਠੇਕਾ ਮੁਲਾਜ਼ਮ ਸੰਘਰਸ਼ਾਂ ਮੋਰਚਾ ਪੰਜਾਬ ਵੱਲੋਂ 27 ਫਰਵਰੀ 2024 ਨੂੰ ਨੈਸ਼ਨਲ ਹਾਈਵੇਅ ਜਾਮ ਕਰਨ ਦੇ ਪ੍ਰੋਗਰਾਮ 'ਚ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾ ਆਗੂ ਹਾਕਮ ਸਿੰਘ ਧਨੇਠਾ, ਭੁਪਿੰਦਰ ਸਿੰਘ ਕੁਤਬੇਵਾਲ, ਰੁਪਿੰਦਰ ਸਿੰਘ, ਸੰਦੀਪ ਖਾਨ, ਮਨਪ੍ਰੀਤ ਸਿੰਘ, ਜਗਰੂਪ ਸਿੰਘ, ਸੁਰਿੰਦਰ ਸਿੰਘ, ਓਂਕਾਰ ਸਿੰਘ, ਪ੍ਰਦੂਮਣ ਸਿੰਘ, ਬਲਜੀਤ ਸਿੰਘ ਭੱਟੀ, ਤਰਜਿੰਦਰ ਸਿੰਘ ਮਾਨ, ਗੁਰਵਿੰਦਰ ਸਿੰਘ ਬਾਠ, ਜਸਵੀਰ ਸਿੰਘ ਜਿੰਦਬੜੀ ਆਦਿ ਹਾਜ਼ਰ ਸਨ।

# ਮਜ਼ਦੂਰਾਂ ਦੇ ਭਖਦੇ ਮਸਲਿਆਂ ਨੂੰ ਲੈ ਕੇ ਸੀਟੂ ਵੱਲੋਂ ਤੁੰਗਾਂ 'ਚ ਭਰਵੀਂ ਮੀਟਿੰਗ



**ਸੰਗਰੂਰ (ਪ੍ਰਵੀਨ ਸਿੰਘ)**- ਮਜ਼ਦੂਰਾਂ ਦੇ ਭਖਦੇ ਮਸਲਿਆਂ ਨੂੰ ਲੈ ਕੇ ਸੈਂਟਰ ਆਫ ਇੰਡੀਆ ਟਰੇਡ ਯੂਨੀਅਨ (ਸੀਟੂ) ਦੀ ਇਕ ਮੀਟਿੰਗ ਸਤਵੀਰ ਤੁੰਗਾਂ ਦੀ ਅਗਵਾਈ ਵਿੱਚ ਪਿੰਡ ਤੁੰਗਾਂ ਵਿਖੇ ਕੀਤੀ ਗਈ। ਮੀਟਿੰਗ ਵਿੱਚ ਨੇੜਲੇ ਪਿੰਡਾਂ ਕੁਲਾਰ ਖੁਰਦ ਤੇ ਕਨੋਈ ਦੇ ਮਜ਼ਦੂਰਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਸੀਟੂ ਦੇ ਕੌਮੀ ਆਗੂ ਰਾਮ ਸਿੰਘ ਸੋਹੀਆਂ ਤੇ ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਵਰਿੰਦਰ ਕੌਸ਼ਿਕ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਬੋਲਦਿਆਂ ਰਾਮ ਸਿੰਘ ਸੋਹੀਆਂ ਨੇ ਕਿਹਾ ਕਿ ਮਜ਼ਦੂਰ ਵਰਗ ਦੀਆਂ ਮੁਸ਼ਕਲਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਲਾਲ ਝੰਡੇ ਤੋਂ ਬਿਨਾਂ ਕੋਈ ਵੀ ਮਜ਼ਦੂਰਾਂ ਦੀ ਬਾਂਹ ਫੜਨ ਵਾਲਾ ਨਹੀਂ। ਉਨ੍ਹਾਂ ਕਿਹਾ ਕਿ ਮਨਰੇਗਾ ਕਾਨੂੰਨ ਲਾਲ ਝੰਡੇ ਵਾਲੀਆਂ ਪਾਰਟੀਆਂ ਖਾਸਕਰ ਸੀ.ਪੀ.ਆਈ. (ਐਮ) ਦੀ ਦੇਣ ਹੈ। ਉਨ੍ਹਾਂ ਸਮੂਹ ਮਜ਼ਦੂਰਾਂ ਨੂੰ ਮਨਰੇਗਾ ਮਜ਼ਦੂਰ ਯੂਨੀਅਨ ਤੇ ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ ਦੇ ਮੈਂਬਰ ਬਣਨ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਸਰਕਾਰਾਂ ਮਨਰੇਗਾ ਮਜ਼ਦੂਰਾਂ ਨੂੰ ਨਿਗੂਣੀ ਮਜ਼ਦੂਰੀ 'ਤੇ 100 ਦਿਨ ਦਾ ਕੰਮ ਦੇਣ ਤੋਂ ਵੀ ਭੱਜ ਰਹੀਆਂ ਹਨ, ਜਦਕਿ ਮਜ਼ਦੂਰਾਂ ਦੀ ਜਥੇਬੰਦੀ ਸੀਟੂ ਸਾਲ ਵਿੱਚ 200 ਦਿਨ ਕੰਮ ਤੇ 700 ਰੁਪਏ ਦਿਹਾੜੀ ਲਈ ਸੰਘਰਸ਼ ਕਰ ਰਹੀ ਹੈ। ਵਰਿੰਦਰ ਕੌਸ਼ਿਕ ਨੇ ਕਿਹਾ ਕਿ ਦੇਸ਼ ਦੇ ਨਿਰਮਾਣ ਲਈ ਦੇਸ਼ ਭਰ ਦੇ ਕਿਰਤੀ ਮਜ਼ਦੂਰਾਂ ਦਾ ਹੀ ਮੁੱਖ ਰੋਲ ਹੈ। ਉਨ੍ਹਾ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵੈੱਲਫੇਅਰ ਬੋਰਡ ਵੱਲੋਂ ਮਿਲਦੀਆਂ ਸਹੂਲਤਾਂ ਤੋਂ ਵੀ ਲੋਕਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਸਤਵੀਰ ਤੁੰਗਾਂ, ਰਾਮ ਸਿੰਘ ਸੋਹੀਆਂ ਤੇ ਵਰਿੰਦਰ ਕੌਸ਼ਿਕ ਨੇ ਕਿਹਾ ਕਿ ਜੇਕਰ ਸਰਕਾਰ ਨੇ ਮਨਰੇਗਾ ਮਜ਼ਦੂਰਾਂ ਤੇ ਉਸਾਰੀ ਮਜ਼ਦੂਰਾਂ ਦੇ ਮਸਲਿਆਂ ਵੱਲ ਧਿਆਨ ਨਾ ਦਿੱਤਾ ਤਾਂ ਜਥੇਬੰਦੀ ਵੱਲੋਂ ਤਿੱਖਾ ਸੰਘਰਸ਼ ਅਰੰਭਿਆ ਜਾਵੇਗਾ। ਇਸ ਮੌਕੇ ਮਨਰੇਗਾ ਮਜ਼ਦੂਰਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਗਈਆਂ, ਜਿਨ੍ਹਾਂ ਦਾ ਹੱਲ ਜਲਦੀ ਬੀ ਡੀ ਪੀ ਓ ਸੰਗਰੂਰ ਨੂੰ ਮਿਲ ਕੇ ਕਰਵਾਇਆ ਜਾਵੇਗਾ। ਇਸ ਮੌਕੇ ਆਗੂਆਂ ਨੇ ਦੇਸ਼ ਭਰ ਦੀਆਂ ਟਰੇਡ ਯੂਨੀਅਨਾਂ ਵੱਲੋਂ 16 ਫਰਵਰੀ ਨੂੰ ਕੀਤੀ ਜਾ ਰਹੀ ਕੌਮੀ ਹੜਤਾਲ ਨੂੰ ਵੀ ਸਫਲ ਕਰਨ ਦਾ ਵੀ ਸੱਦਾ ਦਿੱਤਾ। ਇਸ ਮੌਕੇ ਕਾਮਰੇਡ ਬਹਾਦਰ ਸਿੰਘ ਤੁੰਗਾਂ, ਬੇਅੰਤ ਸਿੰਘ ਤੁੰਗਾਂ, ਨਰੇਗਾ ਆਗੂ ਮਾਤਾ ਗੁਰਦੇਵ ਕੌਰ, ਜੱਗਾ ਸਿੰਘ ਕਨੋਈ, ਰਾਜੂ ਧਾਰੀਵਾਲ ਪੰਚ, ਨਿਰਮਲ ਸਿੰਘ ਪੰਚ, ਸੁਰਜੀਤ ਸਿੰਘ ਕੁਲਾਰ, ਸੁਖਦੇਵ ਸਿੰਘ ਕੁਲਾਰ, ਰਣਧੀਰ ਸਿੰਘ ਕੁਲਾਰ, ਆਤਮਾ ਸਿੰਘ, ਟਹਿਲ ਸਿੰਘ ਤੁੰਗਾਂ, ਭੂਰਾ ਸਿੰਘ, ਦਰਸ਼ਨ ਸਿੰਘ, ਸੁਰਜੀਤ ਭੋਲਾ, ਸੋਮਾ ਕੌਰ, ਮੁਖਤਿਆਰ ਕੌਰ, ਜਸਵੀਰ ਕੌਰ, ਗੁਰਚਰਨ ਕੌਰ, ਬਲਵਿੰਦਰ ਸਿੰਘ, ਨਿਰਭੈ ਸਿੰਘ ਤੇ ਵੱਡੀ ਗਿਣਤੀ ਵਿੱਚ ਹੋਰ ਪਿੰਡ ਵਾਸੀ ਹਾਜ਼ਰ ਸਨ।

# ਸਾਹਿਤ ਸਭਾ ਦੀ ਮੀਟਿੰਗ 'ਚ ਸਾਹਿਤਕਾਰਾਂ ਨੇ ਖੂਬ ਰੰਗ ਬੰਨ੍ਹਿਆ




**ਧੂਰੀ (ਸੁਖਦੇਵ ਧੂਰੀ)**-ਸਹਿਤ ਸਭਾ ਧੂਰੀ ਦੀ ਮਾਸਕ ਇਕੱਤਰਤਾ ਸਹਿਤ ਸਦਨ, ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਧੂਰੀ ਵਿਖੇ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਸੁਰਿੰਦਰ ਸ਼ਰਮਾ ਨਾਗਰਾ, ਸਰਪ੍ਰਸਤ ਕਿਰਪਾਲ ਸਿੰਘ ਜਵੰਦਾ, ਅਮਰਜੀਤ ਸਿੰਘ ਅਮਨ, ਰਣਜੀਤ ਸਿੰਘ ਗਜ਼ਲਗੋ ਤੇ ਸੰਤ ਸਿੰਘ ਬੀਹਲਾ ਨੇ ਕੀਤੀ। ਮੀਟਿੰਗ ਦੀ ਸ਼ੁਰੂਆਤ ਅਸ਼ੋਕ ਭੰਡਾਰੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀ ਸੰਬੰਧੀ ਇੱਕ ਗੀਤ ਗਾ ਕੇ ਕੀਤੀ। ਗੁਲਜਾਰ ਸਿੰਘ ਸ਼ੌਂਕੀ ਨੇ ਇਨਸਾਨੀਅਤ ਬਚਾਉਣ ਸਬੰਧੀ ਆਪਣੀ ਰਚਨਾ ਪੇਸ਼ ਕਰਕੇ ਸਰੋਤਿਆਂ ਦਾ ਮਨ ਮੋਹ ਲਿਆ। ਇਸ ਤੋਂ ਇਲਾਵਾ ਮਨਪ੍ਰੀਤ ਸਿੰਘ, ਮਿਸਰਾ ਸਿੰਘ, ਸੁਖਵਿੰਦਰ ਸਿੰਘ ਮੂਲੋਵਾਲ, ਜਗਸੀਰ ਸਿੰਘ ਮੂਲੋਵਾਲ, ਸੁਖਵਿੰਦਰ ਸਿੰਘ ਧੂਰੀ ਪਿੰਡ, ਗੁਰਦੀਪ ਸਿੰਘ ਕੈਂਥ, ਜਗਦੀਸ਼ ਸਿੰਘ ਖੀਪਲ, ਗੁਰਜੀਤ ਸਿੰਘ ਤੇ ਰਜਿੰਦਰ ਪਾਲ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕਰਕੇ ਸੋਹਣੇ ਰੰਗ ਭਰੇ। ਅਮਰਜੀਤ ਅਮਨ ਤੇ ਸੱਤਪਾਲ ਪਰਾਸ਼ਰ ਨੇ ਸੂਗਰ ਤੋਂ ਬਚਣ ਸਬੰਧੀ ਡਿਊਟ ਗੀਤ ਗਾ ਕੇ ਸਰੋਤਿਆਂ ਨੂੰ ਸੈਰ ਤੇ ਕਸਰਤ ਸਬੰਧੀ ਜਾਣਕਾਰੀ ਦਿੱਤੀ। ਅਮਰ ਗਰਗ ਕਲਮਦਾਨ, ਸੁਰਿੰਦਰ ਹਰਚੰਦਪੁਰੀ, ਅਸ਼ਵਨੀ ਕੁਮਾਰ, ਸੁਖਦੇਵ ਸ਼ਰਮਾ, ਹਰਪਾਲ ਸਿੰਘ ਭੜੀ, ਪਰਸਨ ਸਿੰਘ ਬੀਹਲਾ, ਸਭਾ ਦੇ ਸੀਨੀਅਰ ਮੈਂਬਰ ਹੰਸ ਰਾਜ ਗਰਗ ਤੇ ਮਲਕੀਤ ਸਿੰਘ ਚਾਂਗਲੀ ਨੇ ਵੀ ਹਾਜ਼ਰੀ ਲੁਆਈ। ਜਗਸੀਰ ਸਿੰਘ ਮੂਲੋਵਾਲ ਦਾ ਸਭਾ ਵੱਲੋਂ ਜਨਮ ਦਿਨ ਮਨਾਇਆ ਗਿਆ। ਪ੍ਰਿੰਸੀਪਲ ਸੁਖਜੀਤ ਕੌਰ ਸੋਹੀ ਦੀ ਪੁਸਤਕ 'ਮੇਰੀਆਂ ਗੱਲਾਂ ਤੁਹਾਡੀ ਨਾਂ' ਉੱਪਰ ਚਰਚਾ ਪ੍ਰਧਾਨ ਸੁਰਿੰਦਰ ਸ਼ਰਮਾ ਨਾਗਰਾ ਨੇ ਕੀਤੀ। ਮੰਚ ਸੰਚਾਲਕ ਦੀ ਭੂਮਿਕਾ ਸੰਤ ਸਿੰਘ ਬੀਹਲਾ ਨੇ ਬਾਖੂਬੀ ਨਿਭਾਈ ਤੇ ਸਾਰੇ ਹੀ ਸਾਹਿਤਕਾਰਾਂ ਦਾ ਧੰਨਵਾਦ ਸਭਾ ਦੇ ਸਰਪ੍ਰਸਤ ਕਿਰਪਾਲ ਸਿੰਘ ਜਵੰਦਾ ਨੇ ਕੀਤਾ।

# ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਸਮਾਗਮ 'ਚ ਪੁੱਜੇ ਕਰਮਜੀਤ ਅਨਮੋਲ

**ਲਹਿਰਾਗਾਗਾ (ਪਵਨ ਸ਼ਰਮਾ)**

ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਸਾਲਾਨਾ ਸੱਭਿਆਚਾਰਕ ਸਮਾਰੋਹ 'ਜਸ਼ਨ-ਏ-ਬਚਪਨ ਕਲਾਂਜਲੀ-2024' ਕਰਾਇਆ ਗਿਆ। ਇਸ ਵਾਰ ਸਮਾਰੋਹ ਦਾ ਥੀਮ 'ਵਿਸ਼ਵ ਸ਼ਾਂਤੀ ਅਤੇ ਆਪਸੀ ਭਾਈਚਾਰਾ' ਸੀ। ਬੱਚਿਆਂ ਨੇ ਆਪੋ-ਆਪਣੀਆਂ ਕਲਾਸਾਂ ਦੇ ਸਿਲੇਬਸ 'ਤੇ ਆਧਾਰਤ ਨਾਟਕ, ਕੋਰੀਓਗ੍ਰਾਫੀਆਂ ਤੇ ਗੀਤ-ਸੰਗੀਤ ਪੇਸ਼ ਕੀਤਾ। ਇਨ੍ਹਾਂ ਪੇਸ਼ਕਾਰੀਆਂ ਵਿੱਚ ਨਾਟਕ ਜਬ ਜਾਗੋ ਤਬ ਸਵੇਰਾ, ਬੁੱਕ ਦੈਟ ਸੇਵ ਦਾ ਅਰਥ, ਹਰਿ-ਹਰਿ ਕਾਕਾ, ਹੋਲੀ ਪੰਚਾਇਤ, ਇੱਕ ਬੰਦਾ ਹੁੰਦਾ ਸੀ, ਸਾਂਝੀ ਕੰਧ, ਸਿਰਜਣਾ, ਜਾਗੋ ਗ੍ਰਾਹਕ ਜਾਗੋ, ਵਾਇਟ ਹਾਊਸ, ਚੂੜੀਆਂ ਦਾ ਬਾਕਮਾਲ ਮੰਚਨ ਕੀਤਾ। ਇਹ ਨਾਟਕਾਂ ਦੀ ਤਿਆਰੀ ਲਈ ਯਸ਼ ਸੰਗਰੂਰ ਨੇ ਵਿਸ਼ੇਸ਼ ਯੋਗਦਾਨ ਪਾਇਆ। ਛੋਟੇ ਬੱਚਿਆਂ ਦੇ ਡਾਂਸ, ਮਾਡਲਿੰਗ ਤੇ ਫੈਂਸੀ ਡਰੈਸ ਸ਼ੋਅ, ਮਾਪਿਆਂ ਦੀ ਮਾਡਲਿੰਗ ਤੋਂ ਇਲਾਵਾ ਸੀਨੀਅਰ ਵਿਦਿਆਰਥੀਆਂ ਦੇ ਭੰਗੜਾ, ਲੁੱਡੀ ਸ਼ੰਮੀ ਨੇ ਵੀ ਚੰਗਾ ਰੰਗ ਬੰਨ੍ਹਿਆ।

ਮੁੱਖ ਮਹਿਮਾਨ ਵਜੋਂ ਪਹੁੰਚੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਿੱਖਿਆ ਅਜਿਹੀ ਵਡਮੁੱਲੀ ਦਾਤ ਹੈ, ਜਿਸ ਨੂੰ ਕੋਈ ਚੁਰਾ ਨਹੀਂ ਸਕਦਾ। ਵਿਦਿਆਰਥੀਆਂ ਨੂੰ ਹੁਣੇ ਤੋਂ ਹੀ ਜ਼ਿੰਦਗੀ ਦੇ ਮਕਸਦ ਸਪੱਸ਼ਟ ਕਰਦਿਆਂ ਮਿਹਨਤ ਨਾਲ




ਉਹਨਾਂ ਦੀ ਪ੍ਰਾਪਤੀ ਲਈ ਜੁਟ ਜਾਣਾ ਚਾਹੀਦਾ ਹੈ। ਵਿਸ਼ੇਸ਼ ਮਹਿਮਾਨ ਵਿਧਾਇਕ ਬਰਿੰਦਰ ਕੁਮਾਰ ਗੋਇਲ ਤੇ ਡੀਐਸਪੀ ਦੀਪਕ ਰਾਏ ਨੇ ਸਕੂਲ ਦੀਆਂ ਵਿੱਦਿਅਕ, ਖੇਡ ਅਤੇ ਸੱਭਿਆਚਾਰ ਖੇਤਰ 'ਚ ਕੀਤੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ।

ਸਕੂਲ ਦੇ ਸਾਬਕਾ ਵਿਦਿਆਰਥੀਆਂ 'ਚੋਂ ਪੰਜਾਬ ਪੁਲਸ ਵਿੱਚ ਬਤੌਰ ਸਬ-ਇੰਸਪੈਕਟਰ ਭਰਤੀ ਹੋਏ ਹਰਪ੍ਰੀਤ ਕੌਰ ਤੇ ਸ਼ਗਨਪ੍ਰੀਤ ਸਿੰਘ ਜਵਾਹਰਵਾਲਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਸਕੂਲ ਦੇ 10 ਸਾਲਾਂ ਤੋਂ ਉੱਪਰ ਕੰਮ ਕਰ ਚੁੱਕੇ ਅਧਿਆਪਕਾਂ ਆਸ਼ਾ ਗੋਇਲ, ਗਗਨਦੀਪ ਕੌਰ, ਮੋਨਿਕਾ ਰਾਣੀ ਤੇ ਚਰਨਜੀਤ ਕੌਰ ਨੂੰ ਵੀ ਸਨਮਾਨਤ ਕੀਤਾ ਗਿਆ। ਉੱਘੇ ਫਿਲਮੀ ਅਦਾਕਾਰ ਤੇ ਗਾਇਕ ਕਰਮਜੀਤ ਅਨਮੋਲ ਨੇ ਦੋਵੇਂ ਦਿਨ ਸ਼ਿਰਕਤ ਕਰਦਿਆਂ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਉਨ੍ਹਾਂ ਕਿਹਾ ਕਿ ਬਚਪਨ ਦੌਰਾਨ ਹਾਸਲ ਕੀਤੇ ਗੁਣ ਹੀ ਸਾਡੇ ਜੀਵਨ ਦਾ ਆਧਾਰ ਬਣਦੇ ਹਨ। ਇਸ ਕਰਕੇ ਬੱਚਿਆਂ ਨੂੰ ਆਪਣੀਆਂ ਰੁਚੀਆਂ ਵੇਖਦਿਆਂ ਆਪਣੇ ਭਵਿੱਖ ਨੂੰ ਸੰਵਾਰਨ ਵੱਲ ਵਧਣਾ ਚਾਹੀਦਾ ਹੈ। ਮੰਚ ਸੰਚਾਲਨ ਮੈਡਮ ਪਿੰਕੀ ਸ਼ਰਮਾ, ਮਨਪ੍ਰੀਤ ਕੌਰ, ਜੋਤੀ, ਮੁਸਕਾਨ ਤੇ ਹਰਪ੍ਰੀਤ ਕੌਰ ਨੇ ਕੀਤਾ। ਸਕੂਲ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ ਨੇ ਆਪਣੇ ਫਿਨਲੈਂਡ ਤੇ ਜਪਾਨ ਦੇ ਵਿਦਿਅਕ ਦੌਰੇ ਬਾਰੇ ਬੋਲਦਿਆਂ ਕਿਹਾ ਕਿ ਇਹਨਾਂ ਦੇਸ਼ਾਂ ਦੇ ਸਿਲੇਬਸ ਰਾਹੀਂ ਬੱਚਿਆਂ ਨੂੰ ਹੱਥੀਂ ਕਿਰਤ ਦਾ ਮਹੱਤਵ ਵੀ ਸਿਖਾਇਆ ਜਾਂਦਾ ਹੈ। ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਚੈੱਸ, ਕੈਰਮ ਬੋਰਡ, ਲੁੱਡੋ ਜਾਂ ਹੋਰ ਖੇਡਾਂ ਖੇਡਦਿਆਂ ਉਨ੍ਹਾਂ ਨਾਲ ਸਮਾਂ ਬਿਤਾਉਣਾ ਚਾਹੀਦਾ ਹੈ।

30-JAN-PAGE-8.qxd 1/29/2024 10:42 PM Page 1



## ਹਰ ਜਿਲ੍ਹੇ 'ਚ ਬਣਨਗੇ ਬਜ਼ੁਰਰਗ ਸੇਵਾ ਆਸ਼ਰਮ : ਖੱਟੜ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਹੈ ਕਿ ਹਰਿਆਣਾ ਦੇ ਹਰ ਜਿਲ੍ਹੇ 'ਚ ਬਜ਼ੁਰਗ ਸੇਵਾ ਆਸ਼ਰਮ ਖੋਲੇ ਜਾਣਗੇ ਜਿਨ੍ਹਾਂ 'ਚ 50-50 ਬਜ਼ੁਰਗਾਂ ਦੇ ਰਹਿਣ ਦੀ ਵਿਵਸਥਾ ਹੋਵੇਗੀ। ਕਰਨਾਲ 'ਚ ਤਿੰਨ ਮਹੀਨੇ ਵਿੱਚ ਸਿਟੀ ਈ-ਬੱਸ ਸੇਵਾ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਗਰੀਬਾਂ ਨੂੰ ਮੁੱਖ ਮੰਤਰੀ ਆਵਾਸ ਯੋਜਨਾ ਤਹਿਤ ਸੂਬੇ 'ਚ ਪਹਿਲੇ ਪੜਾਅ ਵਿੱਚ 50 ਹਜ਼ਾਰ ਪਲਾਟ ਦਿੱਤੇ ਜਾਣਗੇ। ਬਿਨੈ ਦੇ ਲਈ ਦੋ ਦਿਨ ਬਾਅਦ ਪੋਰਟਲ ਖੋਲ ਦਿੱਤਾ ਜਾਵੇਗਾ। ਮੁੱਖ ਮੰਤਰੀ ਕਰਨਾਲ ਦੇ ਮਾਡਲ ਟਾਊਨ ਵਾਰਡ 11 'ਚ ਜਨਸੰਵਾਦ ਪ੍ਰੋਗ੍ਰਾਮ ਵਿੱਚ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਜਿਲ੍ਹਾ 'ਚ ਇੱਕ ਲੱਖ 34 ਹਜ਼ਾਰ ਲੋਕਾਂ ਨੇ ਆਯੁਸ਼ਮਾਨ ਕਾਰਡ ਦੇ ਲਈ ਬਿਨੈ ਕੀਤਾ, ਜਦੋਂ ਕਿ 92 ਹਜ਼ਾਰ ਮੰਜ਼ੂਰ ਹੋ ਚੁੱਕੇ ਹਨ। ਬਾਕੀ ਜਲਦੀ ਬਣਾਏ ਜਾਣਗੇ। ਇਸ ਮੌਕੇ ਮੁੱਖ ਮੰਤਰੀ ਨੇ ਉਨ੍ਹਾਂ 8 ਲੋਕਾਂ ਨੂੰ ਬੁਢਾਪਾ ਪੈਨਸ਼ਨ ਮਨਜੂਰ ਪ੍ਰਮਾਣ ਪੱਤਰ ਵੰਡੇ, ਜਿਨ੍ਹਾਂ ਦੀ ਪੈਨਸ਼ਨ ਬਣਾਈ ਗਈ।

## ਭੋਗਲ ਦਾਰਾ ਟਰੱਸਟ ਵੱਲੋਂ ਅੱਖਾ ਦਾ ਮੁਫਤ ਚੈਕਅੱਪ ਕੈਂਪ 11 ਨੂੰ

**ਬਹਿਰਾਮ (ਅਵਤਾਰ ਕਲੇਰ)** ਭੋਗਲ ਦਾਰਾ ਚੈਰੀਟੇਬਲ ਟਰੱਸਟ ਵਲੋਂ ਅੱਖਾਂ ਦਾ ਮੁਫਤ ਚੈਕਅੱਪ ਕੈਂਪ 11 ਫਰਵਰੀ ਦਿਨ ਐਤਵਾਰ ਨੂੰ ਗੁਰਦੁਆਰਾ ਸਹੀਦਾਂ ਸਿੰਘਾਂ ਸੂੰਢ -ਮਕਸੂਦਪੁਰ (ਨੇੜੇ ਬਹਿਰਾਮ) ਵਿਖੇ ਵਿਰਦੀ ਆਈ ਹਸਪਤਾਲ ਚਾਹਲ ਨਗਰ ਫਗਵਾੜਾ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਇਸ ਸੰਬਧੀ ਇਥੇ ਜਾਣਕਾਰੀ ਦਿੰਦਿਆਂ ਗੁਰਵਿੰਦਰ ਸਿੰਘ ਭੋਗਲ (ਸੇਵਾ ਮੁਕਤ ਮੁੱਖ ਅਧਿਆਪਕ) ਨੇ ਦੱਸਿਆ ਕਿ ਲੋੜਵੰਦ ਮਰੀਜਾਂ ਦੇ ਅੱਖਾਂ ਦੇ ਅਪ੍ਰੇਸ਼ਨ ਅਤੇ ਲੈਂਜ ਮੁਫਤ ਪਾਏ ਜਾਣਗੇ, ਐਨਕਾਂ ਅਤੇ ਦਵਾਈਆਂ ਮੁਫਤ ਦਿੱਤੀਆ ਜਾਣਗੀਆ। ਅਪ੍ਰੇਸਨਾਂ ਵਾਲੇ ਮਰੀਜਾਂ ਨੂੰ ਫਗਵਾੜਾ ਹਸਪਤਾਲ ਲਿਜਾਉਣ, ਆਉਣ ਜਾਣ ਦਾ ਖਰਚਾ ਦਿੱਤਾ ਜਾਵੇਗਾ। ਉਨ੍ਹਾਂ ਹੋਰ ਕਿਹਾ ਕਿ ਅੱਖਾਂ ਦੀਆ ਬਿਮਾਰੀਆ ਦੇ ਮਾਹਿਰ ਡਾ. ਜੀ ਐਸ ਵਿਰਦੀ, ਔਰਤਾ ਦੇ ਰੋਗਾਂ ਦੇ ਮਾਹਿਰ ਡਾ. ਅਮੀਤੋਜ ਕੌਰ ਮਾਨ ਆਪਣੀ ਟੀਮ ਦੇ ਸਹਿਯੋਗ ਨਾਲ ਚੈੱਕ ਅਪ ਅਤੇ ਅਪ੍ਰੇਸਨ ਕਰਨਗੇ।

## 50-52 ਸਾਲਾ ਵਿਅਕਤੀ ਦੀ ਲਾਸ਼ ਮਿਲੀ

**ਫਿਲੌਰ (ਨਿਰਮਲ)** - ਪਿੰਡ ਕੰਗ ਅਰਾਈਆਂ- ਮੁਠੱਡਾ ਕਲਾਂ (ਫਿਲੌਰ) ਸੜਕ ਨੇੜਿਓਂ ਇੱਕ 50-52 ਸਾਲਾਂ ਮੋਨੇ ਵਿਅਕਤੀ ਦੀ ਲਾਸ਼ ਮਿਲੀ। ਮ੍ਰਿਤਕ ਨੇ ਲਾਲ ਰੰਗ ਪਜਾਮਾ, ਨੀਲੇ ਰੰਗ ਦੀ ਕੋਟੀ ਪਾਈ ਹੋਈ, ਕੋਲ ਇਕ ਰਜਾਈ ਵੀ ਪਈ ਮਿਲੀ। ਥਾਣਾ ਫਿਲੌਰ ਦੇ ਥਾਣੇਦਾਰ ਧਰਮਿੰਦਰ ਸਾਥੀ ਪੁਲਸ ਕਰਮਚਾਰੀਆਂ ਨਾਲ ਮੌਕੇ 'ਤੇ ਪੁੱਜੇ। ਲਾਸ਼ 72 ਘੰਟੇ ਲਈ ਸਿਵਲ ਹਸਪਤਾਲ ਫਿਲੌਰ ਰੱਖ ਕੇ ਉਸ ਦੇ ਵਾਰਸਾਂ ਦਾ ਪਤਾ ਲਗਾਉਣ ਦੇ ਯਤਨ ਸ਼ੁਰੂ ਕਰ ਦਿੱਤੇ।

## ਰੋਜ਼ਾ ਬਾਗ ਸ਼ਰੀਫ ਵਿਖੇ ਸਾਲਾਨਾ ਮੇਲਾ 3-4 ਨੂੰ



**ਬਹਿਰਾਮ (ਅਵਤਾਰ ਕਲੇਰ)** ਦਾਤਾ ਅਬਦੁੱਲ ਰਹਿਮਾਨ ਸੱਯਦ ਦੀ ਯਾਦ 'ਚ 44ਵਾਂ ਸਾਲਾਨਾ ਜੋੜ ਮੇਲਾ 3 ਅਤੇ 4 ਫਰਵਰੀ 2024 ਨੂੰ ਰੋਜਾ ਬਾਗ ਸਰੀਫ ਬਹਿਰਾਮ ਵਿਖੇ ਦਰਬਾਰ ਦੇ ਗੱਦੀ ਨਸ਼ੀਨ ਬਾਬਾ ਜੋਨੀ ਸ਼ਾਹ ਕਾਦਰੀ ਦੀ ਸਰਪ੍ਰਸਤੀ ਹੇਠ ਗ੍ਰਾਮ ਪੰਚਾਇਤ ਬਹਿਰਾਮ ਅਤੇ ਸਮੂਹ ਨਗਰ ਨਿਵਾਸੀਆ ਵਲੋਂ ਮਨਾਇਆ ਜਾ ਰਿਹਾ ਹੈ। ਜਿਸ ਸੰਬੰਧੀ ਸੰਗਤਾਂ ਵੱਲੋਂ ਮੇਲੇ ਦਾ ਪੋਸਟਰ ਜਾਰੀ ਕੀਤਾ ਗਿਆ। ਬਾਬਾ ਜੋਨੀ ਸ਼ਾਹ ਨੇ ਦੱਸਿਆ ਕਿ 3 ਫਰਵਰੀ ਦਿਨ ਸ਼ਨੀਵਾਰ ਨੂੰ ਝੰਡੇ ਦੀ ਰਸਮ, ਚਿਰਾਗ ਰੌਸ਼ਨ ਉਪਰੰਤ ਕਵਾਲੀਆਂ ਦੀ ਮਹਿਫਲ ਸਜਾਈ ਜਾਵੇਗੀ ਅਤੇ 4 ਫਰਵਰੀ ਦਿਨ ਐਤਵਾਰ ਨੂੰ ਚਾਦਰ ਦੀ ਰਸਮ ਉਪਰੰਤ ਧਾਰਮਿਕ ਪ੍ਰੋਗਰਾਮ ਹੋਵੇਗਾ ਜਿਸ 'ਚ ਨਾਮਵਰ ਕਲਾਕਾਰ ਹਾਜਰੀਆਂ ਭਰਨਗੇ। ਇਸ ਮੌਕੇ ਬਾਬਾ ਜੋਨੀ ਸ਼ਾਹ, ਬੀਬੀ ਗੁਰਬਖਸ ਕੌਰ ਸੱਲ੍ਹਾ, ਬੀਬੀ ਸਿਮਰਨਜੀਤ ਕੌਰ ਕਾਹਲੋਂ, ਸੇਵਾ ਮੁਕਤ ਪੁਲਸ ਇੰਸਪੈਕਟਰ ਮਹਿੰਦਰਪਾਲ, ਏ ਐਸ ਆਈ ਮੋਹਣ ਲਾਲ, ਏ ਐਸ ਆਈ ਅਸ਼ਵਨੀ ਕੁਮਾਰ, ਇਕਬਾਲ ਸਿੰਘ ਕਾਹਲ, ਮੱਖਣ ਲਾਲ ਪੰਚ ਕੁਲਥਮ, ਨੰਬਰਦਾਰ ਹਰਜਿੰਦਰ ਸਿੰਘ, ਹਰਪ੍ਰੀਤ ਕਾਹਲੋਂ, ਹਰਪਾਲ ਸਿੰਘ ਕਾਹਲੋਂ, ਰੌਸ਼ਨ ਲਾਲ, ਗੁਰਜੀਤ ਬੱਧਣ, ਅਸ਼ੋਕ ਕੁਮਾਰ, ਗੁਰਪਾਲ ਸਿੰਘ ਪੰਚ, ਦਿਨੇਸ਼ ਭੰਡਾਰੀ, ਸੋਮ ਨਾਥ, ਲਵਪ੍ਰੀਤ ਲੱਭੂ, ਹਰਪ੍ਰੀਤ ਝੰਮਟ, ਰਾਜ ਕੁਮਾਰ ਆਦਿ ਸੰਗਤਾ ਹਾਜ਼ਰ ਸਨ।

## ਧਾਰਾ 295 ਮੂਲੋਂ ਰੱਦ ਕਰਨ ਤੇ ਕੇਸ ਵਾਪਸ ਲੈਣ ਲਈ ਪਲਸ ਮੰਚ ਵੱਲੋਂ ਅਵਾਜ਼ ਬੁਲੰਦ ਕਰਨ ਦਾ ਸੱਦਾ

**ਜਲੰਧਰ (ਕੇਸਰ)**- ਪੰਜਾਬ ਲੋਕ ਸੱਭਿਆਚਾਰਕ ਮੰਚ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਲਿਖਤੀ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਵਿਚਾਰ ਪ੍ਰਗਟਾਵੇ ਦੇ ਬੁਨਿਆਦੀ ਅਧਿਕਾਰ ਦਾ ਗਲਾ ਘੁੱਟਣ ਵਾਲੀ ਧਾਰਾ 295 ਅਤੇ ਇਸ ਦਾ ਵਿਸਤਾਰ 295 ਏ ਭਾਰਤੀ ਰਾਜ ਵੱਲੋਂ ਸਭਨਾਂ ਫਿਰਕੂ ਤਾਕਤਾਂ ਦੇ ਹੱਥ ਵਿੱਚ ਦਿੱਤਾ ਹੋਇਆ ਲੋਕ-ਦੋਖੀ ਹਥਿਆਰ ਹੈ। ਇਸ ਨੂੰ ਫਿਰਕਾਪ੍ਰਸਤੀ ਖਿਲਾਫ ਆਵਾਜ਼ ਉਠਾਉਣ ਵਾਲੇ ਅਤੇ ਸਮਾਜ ਅੰਦਰਲੇ ਅੰਧ-ਵਿਸ਼ਵਾਸਾਂ ਨੂੰ ਰੱਦ ਕਰਕੇ ਵਿਗਿਆਨਕ ਵਿਚਾਰਾਂ ਦੇ ਚਾਨਣ ਦਾ ਛੱਟਾ ਦੇਣ ਵਾਲੇ ਹਿੱਸਿਆਂ ਖਿਲਾਫ ਵਰਤਿਆ ਜਾ ਰਿਹਾ ਹੈ। ਪਲਸ ਮੰਚ ਦੇ ਆਗੂਆਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸਰਗਰਮ ਆਗੂ ਸੁਰਜੀਤ ਦੌਧਰ ਨੇ ਕਿਹਾ ਕਿ ਧਾਰਾਵਾਂ ਮੜ੍ਹੀਆਂ ਜਾਣ ਦਾ ਸਿਲਸਿਲਾ ਫੌਰੀ ਬੰਦ ਕੀਤਾ ਜਾਏ। ਪਲਸ ਮੰਚ ਦੇ ਆਗੂਆਂ ਕਿਹਾ ਕਿ ਅਜੇਹੀਆਂ ਲੋਕਾਂ ਦੇ ਜਨਮ ਸਿੱਧ ਅਧਿਕਾਰਾਂ ਤੇ ਛਾਪੇ ਮਾਰਨ ਵਾਲੀਆਂ ਧਾਰਾਵਾਂ ਰੱਦ ਕਰਨ ਦੀ ਮੰਗ ਸਭਨਾਂ ਜਮਹੂਰੀ, ਇਨਸਾਫਪਸੰਦ ਤੇ ਅਗਾਂਹਵਧੂ ਲੋਕਾਂ ਦੀ ਸਾਂਝੀ ਮੰਗ ਹੈ। ਪਲਸ ਮੰਚ ਨੇ ਜ਼ੋਰ ਦੇ ਕੇ ਕਿਹਾ ਕਿ ਸਮੂਹ ਲੋਕ ਪੱਖੀ ਸੰਸਥਾਵਾਂ ਨੂੰ ਤੁਰੰਤ ਸਿਰ ਜੋੜ ਕੇ ਸਾਂਝੀ ਲੋਕ ਆਵਾਜ਼ ਬੁਲੰਦ ਕਰਨ ਦੀ ਲੋੜ ਹੈ ਤਾਂ ਜੋ ਅਜਿਹੇ ਕਦਮਾਂ ਨੂੰ ਪਿਛਲ ਮੋੜਾ ਦਿੱਤਾ ਜਾ ਸਕੇ।

## ਵਿਗਿਆਨ ਮਹਾਂਉਤਸਵ 'ਚ ਸਰਕਾਰੀ ਮਿਡਲ ਸਕੂਲ ਚਤਾਮਲਾ ਨੂੰ ਦੂਜਾ ਸਥਾਨ



**ਮੋਰਿੰਡਾ (ਜੈਜੀ ਸਰਦਾਰ )**-ਆਈ ਆਈ ਟੀ ਰੂਪਨਗਰ ਵਿਖੇ ਕਰਵਾਏ ਵਿਗਿਆਨ ਮਹਾਉਤਸਵ ਵਿੱਚ ਸਰਕਾਰੀ ਮਿਡਲ ਸਕੂਲ ਚਤਾਮਲਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਸਕੂਲ ਮੁਖੀ ਭੁਪਿੰਦਰ ਸਿੰਘ ਨੇ ਦੱਸਿਆ ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਕਈ ਸਕੂਲਾਂ ਨੇ ਹਿੱਸਾ ਲਿਆ। ਸਕੂਲਾਂ ਨੂੰ ਦੋ ਗਰੁੱਪ ਵਿੱਚ ਵੰਡਿਆ ਗਿਆ ਸੀ। ਪਹਿਲਾ ਗਰੁੱਪ ਛੇਵੀਂ ਤੋਂ ਅੱਠਵੀਂ ਅਤੇ ਦੂਜਾ ਗਰੁੱਪ ਨੌਵੀਂ ਤੋਂ ਬਾਰ੍ਹਵੀਂ ਜਮਾਤ ਦਾ ਸੀ, ਜਿਸ 'ਚ ਅਲੱਗ ਅਲੱਗ ਚਾਰ ਥੀਮ ਦਿੱਤੇ ਗਏ ਸਨ। ਸਰਕਾਰੀ ਮਿਡਲ ਸਕੂਲ ਚਤਾਮਲਾ ਦੇ ਬੱਚਿਆਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਛੇਵੀਂ ਤੋਂ ਅੱਠਵੀਂ ਵਾਲੇ ਗਰੁੱਪ ਵਿੱਚ ਸਰਕਾਰੀ ਮਿਡਲ ਸਕੂਲ ਚਤਾਮਲਾ ਹੀ ਇਕੱਲਾ ਸਰਕਾਰੀ ਸਕੂਲ ਸੀ ਜਿਸ ਨੇ ਇਸ ਮੁਕਾਬਲੇ ਵਿੱਚ ਮੱਲਾਂ ਮਾਰੀਆਂ। ਗੁਰ ਓਜਸ ਸਿੰਘ, ਮਨਵੀਰ ਸਿੰਘ ਅਤੇ ਕੁੰਦਨ ਕੁਮਾਰ ਨੇ ਇਸ ਵਿੱਚ ਹਿੱਸਾ ਲਿਆ ਸੀ। ਇਸ ਪ੍ਰੋਗਰਾਮ ਵਿੱਚ ਰੂਪਨਗਰ ਦੇ ਵਿਧਾਇਕ ਦਿਨੇਸ਼ ਕੁਮਾਰ ਚੱਡਾ, ਸੀਨੀਅਰ ਪੁਲਸ ਕਪਤਾਨ ਗੁਲਨੀਤ ਸਿੰਘ ਖੁਰਾਨਾ, ਡੀਨ ਰਿਸਰਚ ਐਂਡ ਡਿਵੈਲਪਮੈਂਟ ਆਈ ਆਈ ਟੀ ਪੁਸ਼ਪਿੰਦਰ ਪਾਲ ਸਿੰਘ ਅਤੇ ਡੀਨ ਡਾਕਟਰ ਸਾਰੰਗ ਗੁਮਫੇਤਕਰ ਨੇ ਸ਼ਿਰਕਤ ਕੀਤੀ। ਜ਼ਿਲ੍ਹਾ ਸਿੱਖਿਆ ਅਫਸਰ ਦਰਸ਼ਨਜੀਤ ਸਿੰਘ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਸ ਪੀ ਸਿੰਘ , ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਰੂਪਨਗਰ ਦੇ ਪ੍ਰਿੰਸੀਪਲ ਮੋਨਿਕਾ ਬੁਝਾਨੀ, ਜਸਬੀਰ ਸਿੰਘ ਸ਼ਾਂਤਪੁਰੀ ਨੇ ਬੱਚਿਆਂ ਨੂੰ ਅਤੇ ਸਾਇੰਸ ਅਧਿਆਪਕ ਹਰਸਿਮਰਨ ਕੌਰ ਨੂੰ , ਸਮੂਹ ਸਟਾਫ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਨਸ਼ਿਆਂ ਨੂੰ ਰੋਕਣ ਲਈ ਸੂਬਾ ਤੇ ਕੇਂਦਰ ਸਰਕਾਰ ਫੇਲ੍ਹ : ਕਿਸਾਨ ਮਜ਼ਦੂਰ ਮੋਰਚਾ



**ਨਵਾਂਸ਼ਹਿਰ( ਕੁਲਵਿੰਦਰ ਸਿੰਘ ਦੁਰਗਾਪੁਰੀਆ)** -ਪੰਜਾਬ ਨੂੰ ਬਰਬਾਦ ਕਰਨ ਲਈ ਮਾਰੂ ਨਸ਼ੇ ਵੱਡਾ ਰੋਲ ਅਦਾ ਕਰ ਰਹੇ ਹਨ, ਪ੍ਰੰਤੂ ਸੂਬਾ ਤੇ ਕੇਂਦਰ ਸਰਕਾਰ ਨਸ਼ਿਆਂ ਨੂੰ ਰੋਕਣ ਲਈ ਫੇਲ੍ਹ ਹੋਈਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਨੇ ਪਿੰਡ ਮੁੱਤੋਂ ਵਿਚ ਕਿਸਾਨਾਂ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਆਪਣੇ ਪਿੰਡ ਬਚਾਉਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਮਾਰੂ ਨਸ਼ਿਆਂ ਦੀ ਮੰਗ ਤੋੜੀ ਜਾਵੇ ਤੇ ਸਪਲਾਈ ਰੋਕ ਦਿੱਤੀ ਜਾਵੇ। ਨਸ਼ਿਆਂ ਵਿਰੁੱਧ ਆਮ ਲੋਕਾਂ ਵਿੱਚ ਜਾਗ੍ਰਿਤੀ ਪੈਦਾ ਕੀਤੀ ਜਾਵੇ ਤੇ ਸੰਘਰਸ਼ ਤੇਜ਼ ਕੀਤਾ ਜਾਵੇ। ਇਸ ਮੌਕੇ ਸੂਬਾਈ ਆਗੂ ਸਾਥੀ ਕੇਵਲ ਹਜ਼ਾਰਾ ਨੇ ਮੰਗ ਕੀਤੀ ਕਿ ਕਿਸਾਨਾਂ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮਾਫ ਕੀਤਾ ਜਾਵੇ, ਮਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ 200 ਦਿਨ ਦਾ ਕੰਮ ਦਿੱਤਾ ਜਾਵੇ ਅਤੇ ਦਿਹਾੜੀ 700 ਕੀਤੀ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਉਸਾਰੀ ਮਜ਼ਦੂਰਾਂ ਵੱਲ ਪੰਜਾਬ ਸਰਕਾਰ ਵਿਸ਼ੇਸ਼ ਧਿਆਨ ਦੇਵੇ। ਇਸ ਮੌਕੇ ਸਾਥੀ ਹਰਪਾਲ ਸਿੰਘ ਮੱਕੋਵਾਲ, ਕਰਨੈਲ ਸਿੰਘ ਭੱਲਾ ਅਤੇ ਪ੍ਰੇਮ ਬਾਵਾ ਨੇ ਮੰਗ ਕੀਤੀ ਕਿ ਕਿਸਾਨਾਂ ਨੂੰ ਫਸਲਾਂ ਦੀ ਖਰੀਦ ਐਮ ਐਸ ਪੀ 'ਤੇ ਕਰਨ ਦੀ ਗਰੰਟੀ ਦਿੱਤੀ ਜਾਵੇ। ਇਸ ਮੌਕੇ ਜਰਨੈਲ ਸਿੰਘ, ਗੁਰਮੀਤ ਸਿੰਘ, ਮਨਜੀਤ ਸਿੰਘ, ਪਿਆਰਾ ਲਾਲ ਆਦਿ ਵੀ ਹਾਜ਼ਰ ਸਨ।

## ਲਾਇਲਪੁਰ ਖ਼ਾਲਸਾ ਕਾਲਜ ਵਿਖੇ ਭੰਗੜਾ ਗੋਲਡ ਕੱਪ



**ਜਲੰਧਰ ( ਸ਼ੈਲੀ ਐਲਬਰਟ)**:- ਲਾਇਲਪੁਰ ਖ਼ਾਲਸਾ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਭੰਗੜੇ ਨੂੰ ਪ੍ਰਫੁੱਲਤ ਕਰਨ ਹਿਤ ਕਾਲਜ ਵਿਖੇ 'ਭੰਗੜਾ ਗੋਲਡ ਕੱਪ-2024 ਕਰਵਾਇਆ ਗਿਆ । ਸਰਬਜੀਤ ਚੀਮਾ, ਪੰਜਾਬੀ ਕਲਾਕਾਰ ਤੇ ਗਾਇਕ ਉਦਘਾਟਨੀ ਸਮਾਰੋਹ ਅਤੇ ਡਾ. ਨਿਰਮਲ ਸਿੰਘ ਜੌੜਾ, ਡਾਇਰੈਕਟਰ ਯੁਵਕ ਭਲਾਈ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਸ਼ਾਮ ਦੇ ਈਵੈਂਟ ਵਿਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਉਨ੍ਹਾਂ ਨੂੰ ਗੁਲਦਸਤੇ ਅਤੇ ਕਾਲਜ ਵਲੋਂ ਯਾਦਗਾਰੀ ਚਿੰਨ੍ਹ ਦੇ ਕੇ ਉਨ੍ਹਾਂ ਦਾ ਸੁਆਗਤ ਕੀਤਾ। ਭੰਗੜਾ ਗੋਲਡ ਕੱਪ ਬਾਰੇ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਦੱਸਿਆ ਕਿ ਕਾਲਜ ਦੇ ਪੁਰਾਣੇ ਵਿਦਿਆਰਥੀ ਲੰਬੜ ਲਹੌਰੀਆ ਅਤੇ ਉਨ੍ਹਾਂ ਦੇ ਸਹਿਯੋਗੀ ਭੰਗੜਾ ਕਲਾਕਾਰਾਂ ਦੇ ਉੱਦਮ ਸਦਕਾ ਕਾਲਜ ਵਿਖੇ ਇਹ ਭੰਗੜਾ ਗੋਲਡ ਕੱਪ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਗੋਲਡ ਕੱਪ ਵਿਚ ਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ, ਕਾਲਜਾਂ ਅਤੇ ਕਲੱਬਾਂ ਤੋਂ 8 ਭੰਗੜਾ ਟੀਮਾਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਜੇਤੂ ਟੀਮ ਨੂੰ 1,00,000 ਰੁਪਏ ਅਤੇ ਰਨਰਜ਼ ਅੱਪ ਟੀਮ ਨੂੰ 50,000 ਰੁਪਏ ਦਾ ਨਕਦ ਇਨਾਮ ਦਿੱਤੇ ਜਾਣਗੇ। ਡੀਨ ਕਲਚਰਲ ਅਫੇਅਰਜ਼ ਡਾ. ਪਲਵਿੰਦਰ ਸਿੰਘ ਨੇ ਦੱਸਿਆ ਕਿ ਸਾਡੀ ਕਾਲਜ ਦੀ ਭੰਗੜਾ ਟੀਮ ਨੇ ਇਨ੍ਹਾਂ ਮੁਕਾਬਲਿਆਂ ਵਿਚ ਮੇਜ਼ਬਾਨ ਹੋਣ ਕਰਕੇ ਭਾਗ ਨਹੀਂ ਲਿਆ । ਉਨ੍ਹਾਂ ਕਿਹਾ ਕਿ ਇਹ ਗੋਲਡ ਕੱਪ ਹਰ ਸਾਲ ਕਰਵਾਇਆ ਜਾਵੇਗਾ। ਇਸ ਮੌਕੇ ਪ੍ਰੋ. ਜਸਰੀਨ ਕੌਰ, ਵਾਈਸ ਪ੍ਰਿੰਸੀਪਲ, ਪ੍ਰੋ. ਨਵਦੀਪ ਕੌਰ ਕਾਲਜ ਰਜਿਸਟਰਾਰ, ਪ੍ਰੋ. ਸੁਮਨ ਚੋਪੜਾ, ਪ੍ਰੋ. ਜਸਵਿੰਦਰ ਕੌਰ, ਪ੍ਰੋ. ਦਿਨਕਰ ਸ਼ਰਮਾ, ਪ੍ਰੋ. ਮਨੀਸ਼ ਗੋਇਲ, ਪ੍ਰੋ. ਹਰਜਿੰਦਰ ਸਿੰਘ, ਪ੍ਰੋ. ਅਜੀਤਪਾਲ ਸਿੰਘ, ਪ੍ਰੋ. ਸਤਪਾਲ ਸਿੰਘ, ਹੋਰ ਸਟਾਫ ਮੈਂਬਰ ਸਾਹਿਬਾਨ ਅਤੇ ਵਿਦਿਆਰਥੀ ਹਾਜ਼ਰ ਸਨ।

## ਸਾਲਾਨਾ ਫੁੱਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸਮਾਪਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਇਤਿਹਾਸਕ ਪਿੰਡ ਭੁੰਗਰਨੀ ਵਿਖੇ ਅਮਰ ਕੌਰ ਚਰਨ ਕੌਰ ਵੈਲਫੇਅਰ ਸੁਸਾਇਟੀ ਰਜਿ ਭੁੰਗਰਨੀ ਹੁਸ਼ਿਆਰਪੁਰ ਵੱਲੋਂ ਨਸ਼ਾ ਮੁਕਤ ਸਮਾਜ ਸਿਰਜਣ ਲਈ ਵਿਸ਼ੇਸ਼ ਉਪਰਾਲੇ ਤਹਿਤ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਸਾਲਾਨਾ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਇਸ ਮੌਕੇ ਪ੍ਰਬੰਧਕ ਜਥੇਦਾਰ ਸੁਰਜੀਤ ਸਿੰਘ ਮਸੂਤਾ, ਜਗਤਾਰ ਸਿੰਘ ਭੁੰਗਰਨੀ ਮ੍ਰੀਤ ਨੇ ਦੱਸਿਆ ਕਿ ਮੁੱਖ ਮਹਿਮਾਨ ਜਸਵੀਰ ਸਿੰਘ ਮਿਨਹਾਸ, ਜਥੇਦਾਰ ਸਰਪੰਚ ਮਨਜੀਤ ਸਿੰਘ ਰਾਜਪੁਰ ਭਾਈਆਂ ਤੇ ਹੋਰ ਪੱਤਵੰਤੇ ਸੱਜਣਾ ਵੱਲੋਂ ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨ ਕੀਤਾ ਗਿਆ। ਟੂਰਨਾਮੈਂਟ 'ਚ ਪੰਜਾਬ ਦੀਆਂ 16 ਟੀਮਾਂ ਨੇ ਹਿੱਸਾ ਲਿਆ। ਫਾਈਨਲ ਮੈਚ ਪਾਸਟਾਂ ਅਤੇ ਭੁੰਗਰਨੀ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਿੰਡ ਭੁੰਗਰਨੀ ਦੀ ਟੀਮ ਜੇਤੂ ਰਹੀ। ਫਾਈਨਲ ਵਾਲੇ ਦਿਨ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਲੜਕੀਆਂ ਦਾ ਸੋਅ ਮੈਚ ਕਰਵਾਇਆ ਗਿਆ, ਜਿਸ 'ਚ ਪੰਜਾਬ ਦੀ ਟੀਮ ਜੇਤੂ ਰਹੀ। ਟੂਰਨਾਮੈਂਟ 'ਚ ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਜਥੇਦਾਰ ਸਰਪੰਚ ਮਨਜੀਤ ਸਿੰਘ ਰਾਜਪੁਰ ਭਾਈਆਂ, ਡੀ ਐਸ ਪੀ ਪਰਵਿੰਦਰ ਸਿੰਘ ਹੁਸ਼ਿਆਰਪੁਰ ਡੀ, ਜਗਜੀਤ ਸਿੰਘ ਐਸ ਐਚ ਓ ਮੇਹਟੀਆਣਾ, ਡਾਕਟਰ ਲਖਵੀਰ ਸਿੰਘ ਸਿਹਤ ਵਿਭਾਗ ਅਫਸਰ ਹੁਸ਼ਿਆਰਪੁਰ ਅਤੇ ਸੁਸਾਇਟੀ ਦੇ ਮੈਂਬਰ ਵੱਲੋਂ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਆਪਣੇ ਕਰ ਕਮਲਾਂ ਨਾਲ ਇਨਾਮਾਂ ਦੀ ਵੰਡ ਕੀਤੀ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਜਸਵੀਰ ਸਿੰਘ ਮਿਨਹਾਸ, ਜਥੇਦਾਰ ਸੁਰਜੀਤ ਸਿੰਘ ਮਸੂਤਾ ਖਜਾਨਚੀ, ਜਗਤਾਰ ਸਿੰਘ ਮ੍ਰੀਤ ਪ੍ਰਧਾਨ, ਜਥੇਦਾਰ ਬਲਵੀਰ ਸਿੰਘ ਫੁਗਲਾਣਾ, ਸਤਨਾਮ ਸਿੰਘ ਪਰਹਾਰ, ਪਰਮਿੰਦਰ ਸਿੰਘ ਪੋਸੀ, ਦਵਿੰਦਰ ਸਿੰਘ ਅਮਰੀਕਾ, ਅਮਰਜੀਤ ਸਿੰਘ ਇਟਲੀ, ਬਲਵਿੰਦਰ ਸਿੰਘ ਜਸਵਾਲ ਭਾਮ, ਗੁਰਦਿਆਲ ਸਿੰਘ ਡੋਡ ਜਲਵੇੜਾ, ਜਰਨੈਲ ਸਿੰਘ ਬਾਂਕਾ ਪ੍ਰਧਾਨ ਬੀ ਕੇ ਯੂ ਮਾਹਿਲਪੁਰ, ਸੁੱਖਾ ਮੋਗੋਪੱਟੀ, ਮਨਜੀਤ ਸਿੰਘ ਸੋਨੂੰ, ਗੁਰਪ੍ਰੀਤ ਸਿੰਘ ਹੁਸ਼ਿਆਰਪੁਰ, ਜੱਗਾ ਰਾਜਪੁਰ ਭਾਈਆਂ, ਬਲਵੀਰ ਸਿੰਘ ਤੰਬੜ, ਪਰਮਿੰਦਰ ਸਿੰਘ ਰਾਣਾ, ਮਹਿੰਦਰ ਸਿੰਘ ਸਾਬਕਾ ਸਰਪੰਚ ਮੁੱਖਲਿਆਣਾ, ਸੁਰਜੀਤ ਸਿੰਘ ਪਰਹਾਰ, ਨੰਬਰਦਾਰ ਰਾਜ ਕੁਮਾਰ, ਧਰਮਿੰਦਰ ਸਿੰਘ ਪਰਹਾਰ, ਜਰਨੈਲ ਸਿੰਘ ਬਨਵੈਤ, ਸਤਨਾਮ ਸਿੰਘ ਸਿੰਦੂ, ਕਮਲਜੀਤ ਸਿੰਘ, ਗੁਰਜੀ.ਤ ਸਿੰਘ, ਕੁਲਦੀਪ ਸਿੰਘ ਕੋਚ, ਭੁਪਿੰਦਰ ਸਿੰਘ, ਦਵਿੰਦਰ ਸਿੰਘ ਖਾਲਸਾ, ਧਰਮਿੰਦਰ ਸਿੰਘ ਧਿੰਦਾ, ਮਨਜੀਤ ਸਿੰਘ ਸੋਨੂੰ, ਅਵਤਾਰ ਸਿੰਘ ਤਾਰੀ, ਮਿੰਨੀ ਲੋਈ, ਮਨਿੰਦਰ ਸਿੰਘ ਸਹਿਗਲ ਤੋਂ ਇਲਾਵਾ ਵੱਡੀ ਗਿਣਤੀ 'ਚ ਖੇਡ ਪ੍ਰੇਮੀ ਹਾਜ਼ਰ ਸਨ।

## ਸਿੱਧੂ ਜਠੇਰੇ ਸੇਵਾ ਵੈੱਲਫੇਅਰ ਸੁਸਾਇਟੀ ਨੇ ਕੀਤੀ ਮੇਲੇ ਸੰਬੰਧੀ ਮੀਟਿੰਗ




**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਿੱਧੂ ਜਠੇਰੇ ਸੇਵਾ ਵੈਲਫੇਅਰ ਕਮੇਟੀ ਵਲੋਂ ਸਿੱਧੂ ਜਠੇਰਿਆਂ ਤੇ ਪਿੰਡ ਭੀਣ ਵਿਖੇ ਆਉਣ ਵਾਲੇ ਮੇਲੇ ਸੰਬੰਧੀ ਮੀਟਿੰਗ ਕੀਤੀ। ਦਰਬਾਰ ਦੇ ਸੇਵਾਦਾਰ ਸਤਨਾਮ ਸਿੰਘ ਕਮਲ ਸਿੱਧੂ ਨੇ ਦੱਸਿਆ ਕਿ ਸਾਡੀ ਨਵੀਂ ਕਮੇਟੀ 2020 ਤੋਂ ਬਣੀ ਹੋਈ ਹੈ। ਸਾਡੀ ਨਵੀਂ ਕਮੇਟੀ ਨੇ ਸਿੱਧੂ ਜਠੇਰੇ 'ਚ ਸਮੂਹ ਸੰਗਤ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਜਠੇਰਿਆਂ ਦਾ ਕਾਫੀ ਕੰਮ ਕਰਵਾ ਚੁੱਕੀ ਹੈ। ਜਿਸ ਵਿੱਚ ਇੱਕ ਬੜੀ ਰਸੋਈ, ਨਿਸ਼ਾਨ ਸਾਹਿਬ, ਚਿਰਾਗ, ਬਰਤਨ ਧੋਣ ਵਾਲੀਆਂ ਹੌਦੀਆਂ ਤੇ ਇਸ ਤੋਂ ਇਲਾਵਾ ਮੈਡੀਕਲ ਚੈੱਕਅਪ ਕੈਂਪ, ਅੱਖਾਂ ਦਾ ਕੈਂਪ ਵੀ ਲਗਾ ਚੁੱਕੇ ਹਾਂ। ਪਰ ਕੁਝ ਸ਼ਰਾਰਤੀ ਵਿਅਕਤੀ ਨਵੀਂ ਕਮੇਟੀ ਦੇ ਮੈਂਬਰਾਂ ਨੂੰ ਕੋਟ ਕਚਹਿਰੀ ਦੇ ਚੱਕਰਾਂ ਵਿੱਚ ਘੁਮਾਈ ਜਾਂਦੇ ਹਨ। ਤਾਂ ਕਿ ਸਿੱਧੂ ਜਠੇਰਿਆਂ ਦੇ ਭਲਾਈ ਦੇ ਹੋ ਰਹੇ ਕੰਮਾਂ ਨੂੰ ਰੋਕਿਆ ਜਾ ਸਕੇ। ਇਸ ਮੌਕੇ ਸਿੱਧੂ ਜਠੇਰੇ ਸੇਵਾ ਵੈਲਫੇਅਰ ਕਮੇਟੀ ਦੇ ਸੇਵਾਦਾਰ ਸਤਨਾਮ ਸਿੰਘ ਕਮਲ ਨੇ ਵਿਸਾਖੀ ਦੇ ਮੇਲੇ ਅਤੇ ਮਈ 'ਚ ਵੱਡੇ ਮੇਲੇ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਕਿ ਸਮੂਹ ਸੰਗਤ ਦੇ ਸਹਿਯੋਗ ਦੇ ਨਾਲ ਇਸ ਮੇਲੇ ਵਿੱਚ ਵੀ ਮੈਡੀਕਲ ਕੈਂਪ ਲਗਾਇਆ ਜਾਵੇਗਾ। ਇਸ ਮੌਕੇ ਅਵਤਾਰ ਸਿੰਘ ਸਿੱਧੂ, ਜਗਤਾਰ ਸਿੰਘ ਸਿੱਧੂ, ਪਰਗਣ ਸਿੰਘ, ਮਦਨ ਲਾਲ, ਦਰਸ਼ਨ ਕੁਮਾਰ, ਕਸ਼ਮੀਰ ਸਿੰਘ ਸਿੱਧੂ ਆਟੋ ਸਰਵਿਸ, ਨਰਿੰਦਰ ਕੁਮਾਰ, ਰਛਪਾਲ ਸਿੰਘ ਪਾਲਾ, ਰਣਜੀਤ ਸਿੱਧੂ, ਸੋਨੂੰ ਭਾਮ, ਬਾਬਾ ਕੁਲਵੀਰ, ਬਾਬਾ ਬਲਦੇਵ ਸੈਣੀ ਤੇ ਸਮੂਹ ਸੰਗਤਾਂ ਹਾਜ਼ਰ ਰਹੇ।

## ਪ ਸ ਸ ਫ (ਵਿਗਿਆਨਿਕ) ਦੀ ਸੂਬਾ ਪੱਧਰੀ ਮੀਟਿੰਗ 'ਚ 16 ਦੀ ਕੌਮੀ ਹੜਤਾਲ ਲਈ ਰਣਨੀਤੀ ਉਲੀਕੀ



**ਮਹਿਤਪੁਰ (ਰਾਜਾ)** ਪੰਜਾਬ ਦੇ ਮੁਲਾਜ਼ਮਾਂ ਦੀ ਪ੍ਰਤੀਨਿਧੀ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ (ਵਿਗਆਨਿਕ) ਦੀ ਸੂਬਾ ਪੱਧਰੀ ਵਰਚੁਅਲ ਮੀਟਿੰਗ ਜਥੇਬੰਦੀ ਦੇ ਸੂਬਾ ਪ੍ਰਧਾਨ ਗਗਨਦੀਪ ਸਿੰਘ ਭੁੱਲਰ ਬਠਿੰਡਾ ਦੀ ਪ੍ਰਧਾਨਗੀ 'ਚ ਹੋਈ। ਮੀਟਿੰਗ ਦੀ ਕਾਰਵਾਈ ਸੂਬਾ ਜਨਰਲ ਸਕੱਤਰ ਐਨ ਡੀ ਤਿਵਾੜੀ ਮੋਹਾਲੀ ਨੇ ਚਲਾਈ। ਮੀਟਿੰਗ 'ਚ ਜਥੇਬੰਦੀ ਦੇ ਸਾਰੇ ਸੂਬਾ ਕਮੇਟੀ ਅਹੁਦੇਦਾਰ ਸ਼ਾਮਲ ਹੋਏ। ਮੀਟਿੰਗ ਦੇ ਵੇਰਵੇ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾ ਪ੍ਰੈਸ ਸਕੱਤਰ ਕੰਵਲਜੀਤ ਸੰਗੋਵਾਲ ਵੱਲੋਂ ਦੱਸਿਆ ਗਿਆ ਕਿ ਸਭ ਤੋਂ ਪਹਿਲਾਂ 28 ਤੋਂ 30 ਦਸੰਬਰ 2023 ਤੱਕ ਕੋਲਕਤਾ ਵਿਖੇ ਹੋਈ ਆਲ ਇੰਡੀਆ ਸਟੇਟ ਗੌਰਮਿੰਟ ਇੰਮਪਲਾਈਜ ਫੈਡਰੇਸਨ ਦੀ ਕੌਮੀ ਕੌਂਸਲ ਦੀ ਰਿਪੋਰਟਿੰਗ ਸੂਬਾ ਪ੍ਰਧਾਨ ਗਗਨਦੀਪ ਸਿੰਘ ਭੁੱਲਰ ਵੱਲੋਂ ਕੀਤੀ ਗਈ। ਇਸ ਕੌਮੀ ਕੌਂਸਲ 'ਚ 16 ਫਰਵਰੀ 2024 ਦੀ ਕੌਮੀ ਹੜਤਾਲ ਦਾ ਐਲਾਨ ਕੀਤਾ ਗਿਆ ਹੈ। ਇਹ ਹੜਤਾਲ ਦੇਸ਼ ਦੇ ਸਮੂਹ ਮਜ਼ਦੂਰ ਅਤੇ ਮੁਲਾਜ਼ਮਾਂ ਵੱਲੋਂ ਕੀਤੀ ਜਾਵੇਗੀ। ਸੂਬਾ ਵਿੱਤ ਸਕੱਤਰ ਸਾਥੀ ਗੁਲਜਾਰ ਖਾਂ ਨੇ ਪ ਸ ਸ ਫ (ਵਿਗਿਆਨਿਕ) ਵੱਲੋਂ ਜਾਰੀ 2024 ਦੇ ਕਲੰਡਰ ਸੰਬੰਧੀ ਜਾਣਕਾਰੀ ਦਿੱਤੀ ਗਈ। ਇਸ ਮੀਟਿੰਗ 'ਚ ਭੁਪਿੰਦਰ ਪਾਲ ਕੌਰ ਬਠਿੰਡਾ, ਬਿੱਕਰ ਸਿੰਘ ਮਾਖਾ, ਸੁਖਵਿੰਦਰ ਸਿੰਘ ਦੋਦਾ, ਸੁਰਿੰਦਰ ਕੰਬੋਜ, ਚਰਨਜੀਤ ਸਿੱਧੂ, ਗੁਰਦੀਪ ਸਿੰਘ, ਪਰਗਟ ਸਿੰਘ ਜੰਬਰ, ਕੰਵਲਜੀਤ ਸਿੰਘ ਅੰਮ੍ਰਿਤਸਰ, ਕਰਮਦੀਨ, ਜਸਵਿੰਦਰ ਸਿੰਘ ਤਰਨਤਾਰਨ, ਸੋਮ ਸਿੰਘ, ਗੁਰਮੀਤ ਸਿੰਘ ਖਾਲਸਾ, ਲਖਵਿੰਦਰ ਲਾਡੀ, ਹਿੰਮਤ ਸਿੰਘ ਦਾਦੂਵਾਲ, ਪਰਮਲ ਧਨੌਲਾ, ਜਤਿੰਦਰ ਸਿੰਘ ਸੋਨੀ, ਗੁਰਜੀਤ ਸਿੰਘ ਮੋਹਾਲੀ, ਸੁੱਚਾ ਸਿੰਘ ਰੋਪੜ, ਜਗਤਾਰ ਸਿੰਘ ਖਮਾਣੋਂ, ਲਾਲ ਚੰਦ ਨਵਾਂਸਹਿਰ, ਗੁਰਪ੍ਰੀਤ ਸਿੰਘ ਮੁਕਤਸਰ, ਅਮਨ ਕੁਮਾਰ ਆਦਿ ਸ਼ਾਮਲ ਹੋਏ।

## ਉੱਘੇ ਸ਼ਾਇਰ ਰਾਏ ਚੰਦ ਰਾਏ ਦੀ ਬਰਸੀ 'ਤੇ ਕਵੀ ਦਰਬਾਰ



**ਅਲਾਵਲਪੁਰ (ਮਦਨ ਬੰਗੜ )**- ਉਰਦੂ ਪੰਜਾਬੀ ਦੇ ਉੱਘੇ ਅਦੀਬ ਫੱਕਰ ਸ਼ਾਇਰ ਜਨਾਬ ਰਾਏ ਚੰਦ ਰਾਏ ਦੀ ਸਦੀਵੀ ਯਾਦ ਨੂੰ ਤਾਜ਼ਾ ਰੱਖਣ ਹਿੱਤ ਉਨ੍ਹਾਂ ਦੀ ਸਾਲਾਨਾ ਬਰਸੀ ਸਬੰਧੀ ਵਿਸ਼ੇਸ਼ ਸਮਾਗਮ ਤੇ ਕਵੀ ਦਰਬਾਰ ਹਜ਼ਰਤ ਬਾਬਾ ਮਾਘੂ ਸ਼ਾਹ ਦੇ ਦਰਬਾਰ 'ਤੇ ਪਿੰਡ ਰੰਧਾਵਾ ਮਸੰਦਾਂ ਵਿਖੇ ਆਯੋਜਿਤ ਕਰਵਾਇਆ ਗਿਆ। ਇਹ ਸਮਾਗਮ ਗੱਦੀਨਸ਼ੀਨ ਸਾਈਂ ਕੁੰਦਰ ਲਾਲ ਦੀ ਸਰਪ੍ਰਸਤੀ ਹੇਠ ਪ੍ਰਬੰਧਕੀ ਟੀਮ, ਵਿਨੋਦ ਸ਼ੈਲੀ( ਸਰਪ੍ਰਤ), ਰਜਿੰਦਰ ਸ਼ੈਲੀ, ਸੁਰੇਸ਼ ਸ਼ੈਲੀ, ਅਸ਼ੋਕ ਸ਼ੈਲੀ, ਰੌਸ਼ਨ ਸ਼ੈਲੀ, ਪ੍ਰਿ. ਸੁਰਿੰਦਰ ਪਾਲ, ਰੂਪ ਲਾਲ ਜੱਲਾ ਸਿੰਘ, ਚਮਨ ਲਾਲ ਜੱਲਾ ਸਿੰਘ, ਮੋਹਣ ਲਾਲ ਦੇ ਉਦਮ ਸਦਕਾ ਦਰਬਾਰ ਬਾਬਾ ਮਾਘੂ ਸ਼ਾਹ ਦੇ ਅਸਥਾਨ 'ਤੇ ਹਰ ਸਾਲ ਕਰਵਾਇਆ ਜਾਂਦਾ ਹ। ਕਵੀ ਦਰਬਾਰ ਦਾ ਆਗਾਜ਼ ਪ੍ਰਸਿੱਧ ਕਵੀ ਲਾਲੀ ਕਰਤਾਰਪੁਰੀ, ਦਲਜੀਤ ਮਹਿਮੀ, ਆਸੀ ਈਸਪੁਰੀ, ਮਦਨ ਬੰਗੜ, ਵੇਦ ਪ੍ਰਕਾਸ਼, ਕਿਰਨਦੀਪ ਸਿਕੰਦਰਪੁਰ ਵਲੋਂ ਆਪਣੀਆਂ ਦਮਦਾਰ ਰਚਨਾਵਾਂ ਦੁਆਰਾ ਇਕੱਤਰ ਸੰਗਤਾਂ ਨੂੰ ਬੰਨ੍ਹ ਕੇ ਬਿਠਾ ਦਿੱਤਾ। ਇਸ ਮੌਕੇ ਵੇਦ ਪ੍ਰਕਾਸ਼ ਨੇ ਆਖਿਆ ਕਿ ਜਨਾਬ ਰਾਏ ਚੰਦ ਰਾਏ ਬਹੁਤ ਹੀ ਉੱਘੇ ਸ਼ਾਇਰ, ਅਧਿਆਪਕ ਤੇ ਬਹੁਤ ਹੀ ਸੁਲਝੇ ਹੋਏ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ। ਮੰਚ ਸੰਚਾਲਨ ਪ੍ਰਸਿੱਧ ਕਵੀ ਆਸੀ ਈਸਪੁਰੀ ਨੇ ਬਾਖੂਬੀ ਨਿਭਾਇਆ। ਪ੍ਰਬੰਧਕੀ ਟੀਮ ਵਲੋਂ ਆਏ ਕਵੀਆਂ ਨੂੰ ਸਨਮਾਨਤ ਵੀ ਕੀਤਾ ਗਿਆ।

## ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼ ਵਿਖੇ ਵਾਈਨਜ਼ ਬਾਰੇ ਵਰਕਸ਼ਾਪ



**ਜਲੰਧਰ (ਸ਼ੈਲੀ ਐਲਬਰਟ)**:- ਸਕੂਲ ਆਫ਼ ਹੋਟਲ ਮੈਨੇਜਮੈਂਟ, ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਲੋਹਾਰਾਂ ਨੇ ਵਾਈਨ ਸਟੱਡੀਜ਼ ਵਿੱਚ ਪ੍ਰਮਾਣਿਤ ਗ੍ਰੈਜੂਏਟ ਵਿਸ਼ਾਲ ਸ਼ਰਮਾ ਦੀ ਵਿਸ਼ੇਸ਼ਤਾ ਨਾਲ ਭਰਪੂਰ ਹੋਸਪਿਟੈਲਿਟੀ ਐਕਸਪਰਟ ਟਾਕ 2.0 ਦੀ ਮੇਜ਼ਬਾਨੀ ਕੀਤੀ । ਸ਼ਰਮਾ ਨੇ ਵਾਈਨਜ਼ ਅਤੇ ਉਨ੍ਹਾਂ ਦਾ ਉਤਪਾਦਨ ਵਿਸ਼ੇ 'ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਗਲੋਬਲ ਵਾਈਨ ਦੀਆਂ ਕਿਸਮਾਂ ਅਤੇ ਉਤਪਾਦਨ ਤਕਨੀਕਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਪਰਸਪਰ ਕ੍ਰਿਆਵਾਂ ਨੇ ਨਾ ਸਿਰਫ਼ ਉਨ੍ਹਾਂ ਦੇ ਵਿੱਦਿਅਕ ਤਜ਼ਰਬੇ ਨੂੰ ਭਰਪੂਰ ਬਣਾਇਆ ਸੱਗੋਂ ਇੱਕ ਤਜਰਬੇਕਾਰ ਪੇਸ਼ੇਵਰ ਤੋਂ ਇੱਕ ਵਿਲੱਖਣ ਦ੍ਰਿਸ਼ਟੀਕੋਣ ਵੀ ਪੇਸ਼ ਕੀਤਾ।ਇੱਕ ਗਿਆਨ ਭਰਪੂਰ ਯਾਤਰਾ ਵਿੱਚ ਸਮੇਤ ਮੈਨੇਜਮੈਂਟ ਵਿਭਾਗ ਦੇ ਵਿਦਿਆਰਥੀਆਂ ਨੂੰ ਮਾਰਕਫੈਡ, ਜੰਡੂਸਿੰਘਾ, ਜਲੰਧਰ ਦੇ ਸੰਚਾਲਨ ਦੀ ਪੜਚੋਲ ਕਰਨ ਦਾ ਮੌਕਾ ਮਿਲਿਆ। ਯਾਤਰਾ ਦਾ ਫੋਕਸ ਸਾਗ ਦੀ ਪ੍ਰੋਸੈਸਿੰਗ 'ਤੇ ਸੀ, ਜੋ ਕਿ ਪਰੰਪਰਕ ਇੱਕ ਭਾਰਤੀ ਹਰਾ ਹੈ। ਵਿਦਿਆਰਥੀਆਂ ਨੇ ਪ੍ਰੋਡਕਸ਼ਨ ਹੈੱਡ ਵਿਵੇਕ ਕੁਮਾਰ ਨਾਗਪਾਲ ਨਾਲ ਮੁਲਾਕਾਤ ਕੀਤੀ, ਜਿੱਥੇ ਉਨ੍ਹਾਂ ਨੂੰ ਸਾਗ ਦੀ ਪ੍ਰੋਸੈਸਿੰਗ, ਪੈਕੇਜਿੰਗ, ਸਟੋਰਿੰਗ ਅਤੇ ਮਾਰਕੀਟਿੰਗ ਦੀਆਂ ਪੇਚੀਦਗੀਆਂ ਨੂੰ ਸਮਝਣ ਦਾ ਮੌਕਾ ਮਿਲਿਆ। ਏਪੀ ਮੀਨਲ ਵਰਮਾ ਅਤੇ ਏਪੀ ਅੰਕੁਸ਼ ਸ਼ਰਮਾ ਦੁਆਰਾ ਤਾਲਮੇਲ ਕੀਤੇ ਗਏ ਦੌਰੇ ਵਿੱਚ ਉਤਪਾਦਨ ਸਹੂਲਤ ਦਾ ਇੱਕ ਵਿਆਪਕ ਦੌਰਾ ਸ਼ਾਮਲ ਸੀ। ਵਿਦਿਆਰਥੀਆਂ ਨੇ ਸਰਗਰਮੀ ਨਾਲ ਭਾਗ ਲਿਆ, ਸਵਾਲ ਪੁੱਛੇ ਅਤੇ ਸਾਗ ਉਤਪਾਦਨ ਪ੍ਰਕਿਰਿਆ ਬਾਰੇ ਕੀਮਤੀ ਸਮਝ ਪ੍ਰਾਪਤ ਕੀਤੀ।

## ਮਨਵੀਰ ਨੇ ਦੁਬਈ ਕਰਾਟੇ ਚੈਂਪੀਅਨਸ਼ਿਪ 'ਚ ਸੋਨੇ ਦਾ ਤਮਗਾ ਜਿੱਤਿਆ



**ਕਪੂਰਥਲਾ, (ਹਨੀ)** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਦੇ ਵਿਦਿਆਰਥੀ ਪੜ੍ਹਾਈ ਦੇ ਨਾਲ ਨਾਲ ਸਹਿਵਿਦਿਅਕ ਮੁਕਾਬਲਿਆਂ ਅਤੇ ਖੇਡਾਂ 'ਚ ਵੀ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਬੀਤੇ ਦਿਨੀਂ ਦੁਬਈ ਵਿਖੇ ਸੋਰੀਨ ਕੇ ਏ ਆਈ ਕੱਪ 2024 ਕਰਾਟੇ ਚੈਂਪੀਅਨਸ਼ਿਪ ਦਾ ਆਯੋਜਨ ਕੀਤਾ ਗਿਆ, ਜਿਸ 'ਚ ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਦੇ ਛੇਵੀਂ ਜਮਾਤ ਦੇ ਵਿਦਿਆਰਥੀ ਮਨਵੀਰ ਸਿੰਘ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਸੋਨੇ ਦਾ ਤਮਗਾ ਜਿੱਤ ਕੇ ਮਾਪਿਆਂ ਅਤੇ ਅਦਾਰੇ ਦਾ ਨਾਂਅ ਰੌਸ਼ਨ ਕੀਤਾ। ਜਿਕਰਯੋਗ ਹੈ ਕਿ ਕਰਾਟੇ ਚੈਂਪੀਅਨਸ਼ਿਪ ਸੀਹਾਨ ਮੁਹੰਮਦ ਫੇਜ਼ ਦੁਆਰਾ ਆਯੋਜਿਤ ਕੀਤੀ ਗਈ ਅਤੇ ਜਤਿੰਦਰ ਕੁਮਾਰ ਮੈਂਟੋਰ 'ਕੋਬਰਾ ਕਰਾਟੇ ਅਕੈਡਮੀ' ਨੇ ਵਿਦਿਆਰਥੀਆਂ ਨੂੰ ਮੁਕਾਬਲੇ ਲਈ ਤਿਆਰ ਕੀਤਾ, ਜਿਸ ਦੇ ਮੁੱਖ ਮੈਂਟੋਰ ਰਣਜੀਵ ਕੁਮਾਰ ਨਾਗਪਾਲ ਹਨ। ਵਿਦਿਆਰਥੀ ਦੇ ਇਸ ਉਤਸ਼ਾਹ ਨੂੰ ਦੇਖਦਿਆਂ ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਡਾ. ਪਵਲਜੀਤ ਕੌਰ ਨੇ ਜੇਤੂ ਵਿਦਿਆਰਥੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਬੱਚੇ ਕਿਤਾਬੀ ਗਿਆਨ ਦੇ ਨਾਲ ਨਾਲ ਖੇਡਾਂ 'ਚ ਭਾਗ ਲੈ ਕੇ ਵਿਦੇਸ਼ਾਂ 'ਚ ਵੀ ਸਕੂਲ ਦਾ ਨਾਂਅ ਰੌਸ਼ਨ ਕਰ ਰਹੇ ਹਨ। ਉਨ੍ਹਾਂ ਨੇ ਵਿਦਿਆਰਥੀ ਮਨਵੀਰ ਸਿੰਘ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਕਰਨਾਟਕਾ 'ਚ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਸਨਮਾਨ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਸ੍ਰੀ ਨਾਨਕ ਝੀਰਾ ਸਾਹਿਬ ਫਾਊਂਡੇਸ਼ਨ ਬਿਦਰ ਕਰਨਾਟਕਾ ਵੱਲੋਂ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਸਨਮਾਨਤ ਕੀਤਾ ਗਿਆ। ਗੁਰੂ ਨਾਨਕ ਇੰਜੀਨੀਅਰ ਕਾਲਜ ਬਿਦਰ ਵਿਖੇ ਹੋਏ ਇਸ ਸਨਮਾਨ ਸਮਾਗਮ ਵਿੱਚ ਦੇਸ਼ ਵਿੱਚ ਚੋਟੀ ਦੀਆਂ 10 ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ। ਕਰਨਾਟਕ ਵਿਚ ਸਿੱਖਿਆ ਤੇ ਸਮਾਜਕ ਕਾਰਜਾਂ ਨੂੰ ਸਮਰਪਤ ਰਹੇ ਸਰਦਾਰ ਜੋਗਾ ਸਿੰਘ ਦੀ ਯਾਦ ਵਿੱਚ ਕਲਿਆਣ ਕਰਨਾਟਕ ਐਵਾਰਡ ਦਿੱਤੇ ਜਾਂਦੇ ਹਨ। ਇਸ ਸਮਾਗਮ ਵਿੱਚ ਕੇਂਦਰੀ ਰਾਜ ਮੰਤਰੀ ਭਗਵਾਨਾਥ ਖੂਬਾ, ਕਰਨਾਟਕ ਦੇ ਵਾਤਾਵਰਣ ਮੰਤਰੀ ਈਸ਼ਵਰ ਖੰਡੂਰੀ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਰਹੀਮ ਖਾਨ ਉਚੇਚੇ ਤੌਰ 'ਤੇ ਹਾਜ਼ਰ ਹੋਏ। ਫਾਊਂਡੇਸ਼ਨ ਦੇ ਪ੍ਰਧਾਨ ਬਲਬੀਰ ਸਿੰਘ ਨੇ ਦੱਸਿਆ ਕਿ 1980 ਵਿੱਚ ਉਨ੍ਹਾਂ ਦੇ ਪਿਤਾ ਜੋਗਾ ਸਿੰਘ ਨੇ ਗੁਰੂ ਨਾਨਕ ਇੰਜੀਨੀਅਰ ਕਾਲਜ ਦੀ ਸ਼ੁਰੂਆਤ ਕਰਵਾਈ ਸੀ ਜਦੋਂ ਦੇਸ਼ ਵਿੱਚ ਸਿਰਫ ਗਿਣਤੀ ਦੇ ਇੰਜੀਨੀਅਰ ਕਾਲਜ ਸਨ। ਇਸ ਕਾਲਜ ਨੇ ਦੇਸ਼ ਨੂੰ ਬਹੁਤ ਹੀ ਨਾਮੀ ਇੰਜੀਨੀਅਰ ਦਿੱਤੇ ਹਨ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸਨਮਾਨ ਹਾਸਲ ਕਰਨ ਉਪਰੰਤ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕਾਰਨ ਸੁਲਤਾਨਪੁਰ ਲੋਧੀ ਅਤੇ ਬਿਦਰ ਦੀ ਆਪਸੀ ਇਤਿਹਾਸਕ ਸਾਂਝ ਵੀ ਹੈ। ਉਨ੍ਹਾ ਕਿਹਾ ਕਿ ਸੁਲਤਾਨਪੁਰ ਲੋਧੀ ਵਿੱਚ ਬਾਬੇ ਨਾਨਕ ਨੇ ਆਪਣੇ ਜੀਵਨ ਦਾ ਵੱਡਾ ਹਿੱਸਾ ਬਤੀਤ ਕਰਕੇ ਜਿਥੇ ਗੁਰਬਾਣੀ ਦਾ ਉਚਾਰਨ ਕੀਤਾ ਸੀ, ਉਥੇ ਬਿਦਰ ਵਿੱਚ ਠੰਢੇ ਜਲ ਦੀ ਲੋੜ ਪੂਰੀ ਕਰਕੇ ਇਥੋਂ ਦੇ ਲੋਕਾਂ ਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ ਸੀ।ਇਹ ਸਨਮਾਨ ਲੈਣ ਵਾਲਿਆਂ ਵਿਚ ਹਜ਼ੂਰ ਸਾਹਿਬ ਵਾਲੇ ਬਾਬਾ ਬਲਵਿੰਦਰ ਸਿੰਘ, ਮਹਾਰਾਸ਼ਟਰ ਦੇ ਸਾਬਕਾ ਡੀ.ਜੀ.ਪੀ ਪਰਵਿੰਦਰ ਸਿੰਘ ਪਚਰੀਸਾ ਅਤੇ ਅਮਰੀਕਾ ਤੋਂ ਆਏ ਪ੍ਰਵਾਸੀ ਪੰਜਾਬੀ ਵੀ ਸ਼ਾਮਲ ਸਨ।

## ਜਸਪ੍ਰੀਤ ਕੌਰ ਦਾ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਮੌਕੇ ਸਨਮਾਨ



**ਗੁਰਾਇਆ (ਬਿੰਦਰ ਸੁਮਨ)** ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ ਜੋ ਕਿ ਪਿਛਲੇ 22 ਸਾਲਾਂ ਤੋਂ ਬੱਚਿਆਂ (ਲੜਕੇ/ਲੜਕੀਆਂ) ਅਤੇ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਲਈ ਕੰਮ ਕਰ ਰਹੀ ਹੈ।ਕਈ ਖੇਡਾਂ ਜਿਵੇਂ ਫੁੱਟਬਾਲ, ਕਬੱਡੀ, ਕ੍ਰਿਕੇਟ, ਕੁਸ਼ਤੀ, ਬੈਡਮਿੰਟਨ, ਐਥਲੇਟਿਕਸ ਰਾਹੀ ਬੱਚਿਆਂ ਅਤੇ ਨੌਜਵਾਨਾਂ ਨੂੰ ਸਪੋਰਟਸ ਫਾਰ ਐਕਸੀਲੈਂਸੀ ਪ੍ਰੋਗਰਾਮ ਨਾਲ ਜੋੜ ਰਹੀ ਹੈ। ਉੱਥੇ ਹੀ ਯੂਥ ਫੁੱਟਬਾਲ ਕਲੱਬ ਦਾ ਇੱਕ ਅਨਿੱਖੜਵਾਂ ਪ੍ਰੋਗਰਾਮ 'ਸਪੋਰਟਸ ਫਾਰ ਡਿਵੈਲਪਮੈਂਟ' ਜੋ ਕਿ ਜਿਲ੍ਹਾ ਜਲੰਧਰ ਦੇ 30 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ 'ਚ 3,000 ਬੱਚਿਆਂ (ਲੜਕੇ/ਲੜਕੀਆਂ) ਨਾਲ ਚਲਾਇਆ ਜਾ ਰਿਹਾ ਹੈ।

ਇਸ ਪ੍ਰੋਗਰਾਮ ਨੂੰ ਪਿਛਲੇ ਇੱਕ ਦਹਾਕੇ ਤੋਂ ਜਸਪ੍ਰੀਤ ਕੌਰ ਬਤੌਰ ਪ੍ਰਾਜੈਕਟ ਮੈਨੇਜਰ ਸਫਲਤਾਪੂਰਵਕ ਚਲਾ ਰਹੀ ਹੈ। ਇਸ ਪ੍ਰੋਗਰਾਮ ਦੁਆਰਾ ਵਣਜਾਰਾ ਕਮਿਊਨਿਟੀ (ਗੱਡੀਆਂ ਵਾਲੇ), ਲੜਕੀਆਂ, ਔਰਤਾਂ ਜੋ ਸਮਾਜਿਕ-ਆਰਥਿਕ ਪੱਖੋਂ ਪੱਛੜੇ ਵਰਗ 'ਚੋ ਹਨ ਉਹਨਾਂ ਦੇ ਸ਼ਸ਼ਕਤੀਕਰਨ ਲਈ ਤੱਤਪਰ ਹੈ ਹੁਣ ਤੱਕ ਇਸ ਪ੍ਰੋਗਰਾਮ ਰਾਹੀ ਤਕਰੀਬਨ 11,000 ਤੋਂ ਵੱਧ ਲੜਕੀਆਂ ਅਤੇ ਔਰਤਾਂ ਦੇ ਸ਼ਸ਼ਕਤੀਕਰਨ ਹੋ ਗਿਆ ਹੈ। ਇਸ ਵਾਰ ਜਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹ 26 ਜਨਵਰੀ 2024 ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ, ਜਲੰਧਰ ਵਿਖੇ ਮਨਾਇਆ ਗਿਆ। ਜਿਸ 'ਚ ਸਮਾਰੋਹ ਦੇ ਮੁੱਖ ਮਹਿਮਾਨ ਮਾਣਯੋਗ ਹਰਪਾਲ ਸਿੰਘ ਚੀਮਾ ਜੀ ਵਿੱਤ ਮੰਤਰੀ, ਪੰਜਾਬ ਵੱਲੋਂ ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ ਦੀ ਜਸਪ੍ਰੀਤ ਕੌਰ ਦਾ ਉਸ ਦੁਆਰਾ ਜਲੰਧਰ ਜਿਲ੍ਹੇ ਵਿੱਚ ਕੀਤੇ ਗਏ ਸ਼ਲਾਘਾਯੋਗ ਕੰਮਾਂ ਕਰਕੇ ਸਨਮਾਨ ਕੀਤਾ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਗੁਰਮੰਗਲ ਦਾਸ ਵੱਲੋਂ ਜਸਪ੍ਰੀਤ ਕੌਰ ਅਤੇ ਸਮੁੱਚੀ ਟੀਮ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਗਈ।

## ਐੱਲ ਪੀ ਯੂ ਨੇ 75ਵਾਂ ਗਣਤੰਤਰ ਦਿਵਸ ਮਨਾਇਆ




**ਜਲੰਧਰ ( ਸ਼ੈਲੀ ਐਲਬਰਟ)**:- ਸੰਸਦ (ਰਾਜ ਸਭਾ) ਅਤੇ ਐਲ.ਪੀ.ਯੂ. ਦੇ ਸੰਸਥਾਪਕ ਚਾਂਸਲਰ ਡਾ: ਅਸ਼ੋਕ ਕੁਮਾਰ ਮਿੱਤਲ ਨੇ ਦੇਸ਼ ਦੇ 75ਵੇਂ ਗਣਤੰਤਰ ਦਿਵਸ ਮੌਕੇ ਵਿਸ਼ਾਲ ਜਸ਼ਨਾਂ ਦੀ ਸ਼ੁਰੂਆਤ ਕਰਨ ਲਈ ਕੈਂਪਸ ਵਿਖੇ ਤਿਰੰਗਾ ਲਹਿਰਾਇਆ। ਇਸ ਵਿੱਚ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੇ ਦੇਸ਼ ਭਗਤੀ ਅਤੇ ਕੌਮੀਅਤ ਦੇ ਜਜ਼ਬੇ ਨਾਲ ਭਾਗ ਲਿਆ। ਐਨ ਸੀ ਸੀ ਕੈਡੇਟਸ ਅਤੇ ਐਨ ਐਸ ਐਸ ਵਲੰਟੀਅਰਾਂ ਦੇ ਸਮੂਹਾਂ ਨੇ ਸ਼ਾਨ ਨਾਲ ਪਰੇਡ ਕੀਤੀ ਅਤੇ ਤਿਰੰਗੇ ਅਤੇ ਮੁੱਖ ਮਹਿਮਾਨ ਮਾਣਯੋਗ ਡਾ. ਮਿੱਤਲ ਨੂੰ ਸਲਾਮੀ ਦਿੱਤੀ। ਡਵੀਜ਼ਨ ਆਫ਼ ਸਟੂਡੈਂਟਸ ਵੈਲਫੇਅਰ ਵਿੰਗ ਵੱਲੋਂ ਪੇਸ਼ ਕੀਤੇ ਦੇਸ਼ ਭਗਤੀ ਦੇ ਸੱਭਿਆਚਾਰਕ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਡਾ. ਮਿੱਤਲ ਨੇ ਸਭ ਨੂੰ ਮਹਾਨ ਰਾਸ਼ਟਰੀ ਦਿਵਸ ਦੀ ਵਧਾਈ ਦਿੱਤੀ । ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਐੱਨ.ਸੀ.ਸੀ. ਦੇ ਤਿੰਨ ਵਿਦਿਆਰਥੀਆਂ ਨਵਨੀਤ ਸਿੰਘ, ਅਮਨ ਸ਼ਰਮਾ ਅਤੇ ਅਭਿਸ਼ੇਕ ਸ਼ਰਮਾ ਨੇ ਵੀ ਨਵੀਂ ਦਿੱਲੀ ਦੇ ਕਾਰਤਵਯ ਪੱਥ ਵਿਖੇ ਰਾਸ਼ਟਰੀ ਗਣਤੰਤਰ ਦਿਵਸ ਸਮਾਰੋਹ-2024 ਵਿੱਚ ਹਿੱਸਾ ਲਿਆ। ਉਨ੍ਹਾਂ ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਵੱਕਾਰੀ ਪ੍ਰਸ਼ੰਸਾ ਪੱਤਰ ਵੀ ਦਿੱਤੇ ਜਾਣਗੇ।

## ਦੇਸੀ ਪਿਸਤੌਲ 315 ਬੋਰ ਤੇ ਜ਼ਿੰਦਾ ਰੌਂਦਾਂ ਸਮੇਤ ਕਾਬੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸੁਰੇਂਦਰ ਲਾਂਬਾ ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ 'ਤੇ ਸ਼ਿਕੰਜਾ ਕੱਸਦੇ ਹੋਏ ਸਰਬਜੀਤ ਸਿੰਘ ਬਾਹੀਆ ਪੁਲਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਅਤੇ ਪਰਮਿੰਦਰ ਸਿੰਘ ਉਪ ਪੁਲਸ ਕਪਤਾਨ ਤਫਤੀਸ਼ ਦੀ ਨਿਗਰਾਨੀ ਹੇਠ ਇੰਸਪੈਕਟਰ ਬਲਵਿੰਦਰ ਪਾਲ ਇੰਚਾਰਜ ਸੀ.ਆਈ.ਏ ਸਟਾਫ ਹੁਸ਼ਿਆਰਪੁਰ ਦੇ ਅਧੀਨ ਵਿਸ਼ੇਸ਼ ਟੀਮ ਵੱਲੋਂ 1 ਕਥਿਤ ਦੋਸ਼ੀ ਨੂੰ ਕਾਬੂ ਕਰਕੇ ਉਸ ਪਾਸੋਂ 1 ਦੇਸੀ ਪਿਸਤੌਲ 315 ਬੋਰ ਸਮੇਤ 1 ਰੌਂਦ ਜ਼ਿੰਦਾ 315 ਬੋਰ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਸੀਨੀਅਰ ਪੁਲਸ ਕਪਤਾਨ ਨੇ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਸੀ.ਆਈ.ਏ ਸਟਾਫ ਵਿੱਚ ਤਾਇਨਾਤ ਐਸ.ਆਈ ਨਵਜੋਤ ਸਿੰਘ ਦੀ ਟੀਮ ਵਲੋਂ ਨਿਊ ਦਸਮੇਸ਼ ਨਗਰ ਥਾਣਾ ਮਾਡਲ ਟਾਊਨ ਤੋਂ ਰਮੇਸ਼ ਕੁਮਾਰ ਪੁੱਤਰ ਫੂਲ ਚੰਦ ਮੁਖਿਆ ਵਾਸੀ ਮਕਾਨ ਨੰਬਰ 25, ਗੁਰੂ ਗੋਬਿੰਦ ਸਿੰਘ ਨਗਰ ਹਾਲ ਵਾਸੀ ਗਲੀ ਨੰਬਰ 1, ਨਿਊ ਦਸਮੇਸ਼ ਨਗਰ ਥਾਣਾ ਮਾਡਲ ਟਾਊਨ ਪੱਕਾ ਪਤਾ ਪਿੰਡ ਬਰਦੋਨੀ ਥਾਣਾ ਬਿਥਾਨ ਜ਼ਿਲਾ ਸਮਸਤੀਪੁਰ ਸਟੇਟ ਬਿਹਾਰ ਨੂੰ ਕਾਬੂ ਕਰਕੇ ਉਸ ਪਾਸੋਂ 1 ਦੇਸੀ ਪਿਸਤੌਲ 315 ਬੋਰ ਸਮੇਤ 1 ਰੌਂਦ ਜ਼ਿੰਦਾ 315 ਬਰਾਮਦ ਕਰਕੇ ਕਥਿਤ ਦੋਸ਼ੀ ਖਿਲਾਫ 25-54-59 ਅਸਲਾ ਐਕਟ ਤਹਿਤ ਥਾਣਾ ਮਾਡਲ ਟਾਊਨ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਉਕਤ ਪਾਸੋਂ ਅਗਲੇਰੀ ਪੁੱਛਗਿੱਛ ਕੀਤੀ ਜਾ ਰਹੀ ਹੈ।

## ਭਾਰਤੀਯ ਸਰਵ ਸਮਾਜ ਮਹਾਂਸੰਘ ਦੀ ਪੰਜਾਬ ਇਕਾਈ ਨੇ ਲੋੜਵੰਦਾਂ ਨੂੰ ਵੰਡਿਆ ਸਮਾਨ



**ਸ਼ਾਹਕੋਟ (ਗਿਆਨ ਸੈਦਪੁਰੀ)**- ਭਾਰਤੀਯ ਸਰਵ ਸਮਾਜ ਮਹਾਂਸੰਘ ਦੀ ਪੰਜਾਬ ਇਕਾਈ ਵੱਲੋਂ ਸੂਬਾ ਪ੍ਰਧਾਨ ਦਵਿੰਦਰ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸ਼ਾਹਕੋਟ ਵਿਖੇ ਇੱਕ ਸਮਾਗਮ ਕੀਤਾ ਗਿਆ ਜਿਸ ਵਿੱਚ ਮਹਾਂਸੰਘ ਵੱਲੋਂ ਲੋੜਵੰਦ ਵਿਅਕਤੀਆਂ ਨੂੰ ਜੈਕਟਾਂ, ਕੋਟੀਆਂ, ਸੂਟ, ਜੁਰਾਬਾਂ, ਟੋਪੀਆਂ ਤੇ ਬੂਟ ਵੰਡੇ ਗਏ। ਸਮਾਗਮ ਵਿੱਚ ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਗੁਲਜ਼ਾਰ ਸਿੰਘ ਥਿੰਦ, ਨਗਰ ਪੰਚਾਇਤ ਸ਼ਾਹਕੋਟ ਦੇ ਐੱਮ.ਸੀ. ਪਵਨ ਅਗਰਵਾਲ, ਸਮਾਜ ਸੇਵਕ ਕਸ਼ਮੀਰ ਸਿੰਘ ਸਲੈਚਾਂ, ਡਾ. ਅਜਮੇਰ ਸਿੰਘ ਰੂਪਰਾ, ਡਾਕਟਰ ਨਗਿੰਦਰ ਸਿੰਘ ਬਾਂਸਲ ਤੇ ਮੰਗਤ ਰਾਮ ਜਿੰਦਲ ਨੇ ਵਿਸ਼ੇਸ਼ ਰੂਪ 'ਚ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਮਹਾਂਸੰਘ ਦੇ ਸੂਬਾ ਪ੍ਰਧਾਨ ਆਹਲੂਵਾਲੀਆ ਨੇ ਕਿਹਾ ਕਿ ਮਹਾਂਸੰਘ ਪੰਜਾਬ ਦੇ ਹੋਰਨਾਂ ਸ਼ਹਿਰਾਂ ਵਿੱਚ ਵੀ ਸਮੇਂ ਸਮੇਂ 'ਤੇ ਸਮਾਗਮ ਕਰਵਾ ਕੇ ਅਜਿਹੇ ਸਮਾਜ ਸੇਵਾ ਦੇ ਕੰਮ ਕਰਦੀ ਰਹੇਗੀ। ਉਨ੍ਹਾਂ ਦੱਸਿਆ ਕਿ ਅੱਜ ਦੇ ਸਮਾਗਮ ਦੌਰਾਨ ਕਰੀਬ 300 ਜੈਕਟਾਂ, ਸੂਟਾਂ ਅਤੇ ਬੂਟਾਂ ਦੇ ਸੈੱਟ ਵੰਡੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਕਾਰਜ ਲਈ ਉਕਤ ਸ਼ਖ਼ਸ਼ੀਅਤਾਂ ਵਲੋਂ ਵੀ ਅਹਿਮ ਯੋਗਦਾਨ ਪਾਇਆ ਗਿਆ ਹੈ।

## ਧਾਰਾ 295-ਏ ਦੀ ਆੜ ਹੇਠ ਵਿਚਾਰਾਂ ਦੇ ਪ੍ਰਗਟਾਵੇ ਦੀ ਜ਼ੁਬਾਨਬੰਦੀ ਕਰਨ ਦੀ ਕੇਂਦਰੀ ਸਭਾ ਵੱਲੋਂ ਨਿਖੇਧੀ

**ਅਮ੍ਰਿਤਸਰ , (ਜਸਬੀਰ ਸਿੰਘ ਪੱਟੀ)** ਦੇਸ਼ ਅੰਦਰ ਫ਼ਿਰਕੂ ਸਾਜ਼ਿਸ਼ ਤਹਿਤ ਲੇਖਕਾਂ, ਬੁੱਧੀਜੀਵੀਆਂ ਅਤੇ ਪੱਤਰਕਾਰਾਂ 'ਤੇ ਵਿਚਾਰ ਪ੍ਰਗਟਾਵੇ ਦੇ ਬੁਨਿਆਦੀ ਅਧਿਕਾਰ ਦਾ ਗਲਾ ਘੁੱਟਣ ਵਾਲੀ ਧਾਰਾ 295-1 ਦੀ ਦੁਰਵਰਤੋਂ ਕਰਦਿਆਂ ਖੌਫ਼ ਪੈਦਾ ਕਰਨ ਲਈ ਕੇਸ ਦਰਜ ਕਰਨ ਦੀ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵੱਲੋਂ ਸਖ਼ਤ ਨਿਖੇਧੀ ਕੀਤੀ ਗਈ।ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਅਤੇ ਦਫਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਇੱਥੋਂ ਜਾਰੀ ਬਿਆਨ 'ਚ ਪਿਛਲੇ ਦਿਨੀਂ ਤਰਕਸ਼ੀਲ ਕਾਰਕੁੰਨ ਧਨੌਲਾ, ਸੁਰਜੀਤ ਦੌਧਰ ਅਤੇ ਪੰਜਾਬੀ ਲੇਖਕ ਭੁਪਿੰਦਰ ਫੌਜੀ ਉਪਰ ਦਰਜ ਹੋਏ ਤਾਜ਼ਾ ਕੇਸਾਂ ਦੀ ਮਿਸਾਲ ਦਿੰਦਿਆਂ ਕਿਹਾ ਕਿ ਧਾਰਾ 295-ਏ ਫ਼ਿਰਕੂ ਤਾਕਤਾਂ ਦੇ ਹੱਥ 'ਚ ਦਿੱਤਾ ਹੋਇਆ ਲੋਕ ਦੋਖੀ ਹਥਿਆਰ ਹੈ।ਇਸ ਨੂੰ ਫ਼ਿਰਕਾਪ੍ਰਸਤੀ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਅਤੇ ਸਮਾਜ ਅੰਦਰਲੇ ਅੰਧ ਵਿਸ਼ਵਾਸ਼ਾਂ ਨੂੰ ਰੱਦ ਕਰ ਕੇ ਵਿਗਿਆਨਕ ਵਿਚਾਰਾਂ ਦੀ ਜਾਗ ਲਾਉਣ ਵਾਲੇ ਹਿੱਸਿਆਂ ਖ਼ਿਲਾਫ਼ ਵਰਤਿਆ ਜਾਂਦਾ ਰਿਹਾ ਹੈ।ਜਦੋਂਕਿ ਕਿ ਇਹ ਧਾਰਾ ਫ਼ਿਰਕਾਪ੍ਰਸਤੀ ਫੈਲਾਉਣ ਵਾਲਿਆਂ ਖ਼ਿਲਾਫ਼ ਕਦੇ ਵੀ ਨਹੀਂ ਵਰਤੀ ਗਈ।ਉਹਨਾਂ ਇਹ ਵੀ ਕਿਹਾ ਕਿ ਜਿਹੜੀ ਧਾਰਾ ਹੀ ਗ਼ੈਰ ਜਮਹੂਰੀ ਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦਾ ਗਲਾ ਘੁਟਦੀ ਹੈ ਉਸ ਅਧੀਨ ਦਰਜ ਕੇਸ ਨੂੰ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਠਹਿਰਾਇਆ ਜਾ ਸਕਦਾ ਹੈ।ਕੇਂਦਰੀ ਸਭਾ ਦੇ ਅਹੁਦੇਦਾਰਾਂ ਸੁਰਿੰਦਰਪ੍ਰੀਤ ਘਣੀਆਂ, ਸ਼ੈਲਿੰਦਰਜੀਤ ਰਾਜਨ, ਮਨਜੀਤ ਇੰਦਰਾ, ਭੁਪਿੰਦਰ ਕੌਰ ਪ੍ਰੀਤ, ਬਲਵਿੰਦਰ ਸੰਧੂ, ਦਲਜੀਤ ਸਿੰਘ ਸਾਹੀ, ਮੂਲ ਚੰਦ ਸ਼ਰਮਾ, ਰਜਿੰਦਰ ਰਾਜਨ, ਮਖਣ ਕੁਹਾੜ ਅਤੇ ਡਾ ਕਰਮਜੀਤ ਸਿੰਘ ਨੇ ਕਿਹਾ ਕਿ ਫ਼ਿਰਕਾਪ੍ਰਸਤ ਤਾਕਤਾਂ ਵੱਲੋਂ ਜੋ ਮਾਹੌਲ ਸਿਰਜਿਆ ਜਾ ਰਿਹਾ ਹੈ, ਉਸਦਾ ਵਿਰੋਧ ਜਤਾਉਂਦਿਆਂ ਇਸ ਧਾਰਾ ਅਧੀਨ ਦਰਜ ਕੇਸਾਂ ਨੂੰ ਅਤੇ ਇਸ ਧਾਰਾ ਨੂੰ ਰੱਦ ਕਰਵਾਉਣ ਲਈ ਲੇਖਕ ਜਥੇਬੰਦੀਆਂ ਸੰਘਰਸ਼ ਵਿੱਢਣਗੀਆਂ।ਕੇਂਦਰੀ ਸਭਾ ਦੇ ਕਾਰਜਕਾਰਨੀ ਮੈਂਬਰਾਂ ਗੁਰਭੇਜ ਸਿੰਘ ਗੁਰਾਇਆ, ਡਾ. ਉਮਿੰਦਰ ਜੌਹਲ, ਡਾ. ਸ਼ਿੰਦਰਪਾਲ ਸਿੰਘ, ਡਾ. ਪਰਮਜੀਤ ਸਿੰਘ ਬਾਠ, ਮਨਜੀਤ ਸਿੰਘ ਵਸੀ, ਹਰਪਾਲ ਨਾਗਰਾ, ਗੁਰਪ੍ਰੀਤ ਸਿੰਘ ਰੰਗੀਲਪੁਰ, ਗੁਰਮੀਤ ਬਾਜਵਾ, ਦੀਪਕ ਸ਼ਰਮਾ ਚਨਾਰਥਲ, ਬਲਵਿੰਦਰ ਸੰਧੂ, ਅਮਰਜੀਤ ਸਿੰਘ ਜੀਤ, ਗੁਰਬਿੰਦਰ ਸਿੰਘ ਮਾਣਕ, ਡਾ. ਹਰਪ੍ਰੀਤ ਸਿੰਘ ਰਾਣਾ, ਯਤਿੰਦਰ ਕੌਰ ਮਾਹਲ, ਜਸਵੰਤ ਰਾਏ, ਜਸਵੀਰ ਰਾਣਾ,ਮਨਜਿੰਦਰ ਧਨੋਆ, ਗੁਰਮੀਤ ਸਿੰਘ ਸਰਾਂ, ਰਿਸ਼ੀ ਹਿਰਦੇ ਪਾਲ, ਸੁਰਿੰਦਰਜੀਤ ਚੌਹਾਨ, ਡਾ. ਦੇਵਿੰਦਰ ਸੈਫੀ, ਗੁਰਸੇਵਕ ਸਿੰਘ ਢਿੱਲੋਂ, ਸੰਪੂਰਨ ਟੱਲੇਵਾਲੀਆ, ਤੇਜਾ ਸਿੰਘ ਤਿਲਕ, ਸੁਰਿੰਦਰ ਸਿੰਘ ਖੀਵਾ, ਮਦਨ ਵੀਰਾ, ਵਿਸ਼ਾਲ, ਅਨਿਲ ਫਤਿਹਗੜ੍ਹ ਜੱਟਾਂ, ਐਸ. ਨਸੀਮ ਆਦਿ ਨੇ ਵੀ ਕਿਹਾ ਕਿ ਧਾਰਾ 295-ਏ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਮੁਢਲੇ ਹੱਕ ਦਾ ਗਲ਼ ਘੁੱਟਦੀ ਹੈ।ਕੇਂਦਰੀ ਪੰਜਾਬੀ ਲੇਖਕ ਸਭਾ ਨੇ ਤੁਰੰਤ ਇਸ ਧਾਰਾ ਨੂੰ ਰੱਦ ਕਰਨ ਦੀ ਮੰਗ ਕੀਤੀ।

## ਪੁਲਸ ਨੇ ਕੀਤਾ ਭਗੌੜਾ ਕਾਬੂ



**ਮਾਹਿਲਪੁਰ (ਸਫਰੀ)** - ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਸੁਰਿੰਦਰ ਲਾਂਬਾ ਵਲੋਂ ਨਸ਼ੇ ਦੇ ਤਸਕਰਾਂ ਅਤੇ ਭਗੌੜੇ ਦੋਸ਼ੀਆਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ, ਜੋ ਇਸ ਮੁਹਿੰਮ ਤਹਿਤ ਦਲਜੀਤ ਸਿੰਘ ਖੱਖ ਉਪ ਕਪਤਾਨ ਪੁਲਸ ਸਬ ਡਵੀਜ਼ਨ ਗੜ੍ਹਸ਼ੰਕਰ ਅਤੇ ਸਬ ਇੰਸਪੈਕਟਰ ਰਮਨ ਕੁਮਾਰ ਮੁੱਖ ਅਫਸਰ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੀ ਅਗਵਾਈ ਹੇਠ 25 ਜਨਵਰੀ 2024 ਨੂੰ ਏ ਐਸ ਆਈ ਗੁਰਨੇਕ ਸਿੰਘ 686/ ਹੁਸ਼ਿ: ਸਮੇਤ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਮੁਕਦਮਾ ਨੰਬਰ 87 ਮਿਤੀ 28-04-2022 ਅ/ਧ 21/ 22/29 - 61- 85 ਐਨ ਡੀ ਪੀ ਐਸ ਐਕਟ ਥਾਣਾ ਮਾਹਿਲ 'ਚ 14 ਅਕਤੂਬਰ 2023 ਨੂੰ ਮਾਨਯੋਗ ਅਦਾਲਤ ਸੰਦੀਪ ਸਿੰਘ ਜੋਸਨ ਏ ਐਸ ਜੇ/ ਐਚ ਪੀ ਆਰ ਵਲੋਂ ਭਗੌੜੇ ਕਰਾਰ ਕੀਤੇ ਗਏ ਦੋਸ਼ੀ ਗੁਰਿੰਦਰ ਸਿੰਘ ਉਰਫ ਗਿੰਦੀ ਮਾਸਟਰ ਪੁੱਤਰ ਧਰਮਵੀਰ ਸਿੰਘ ਵਾਸੀ ਢਾਡਾ ਕਲਾਂ ਥਾਣਾ ਪੇਸ਼ ਅਦਾਲਤ ਕਰਕੇ ਬੰਦ ਕੇਂਦਰੀ ਜੇਲ੍ਹ ਹੁਸ਼ਿਆਰਪੁਰ ਕਰਵਾਇਆ ਗਿਆ ।

## ਅਦਾਲਤ ਨੇ ਵਿਸ਼ਾਲ ਪਰੇਜਾ ਨੂੰ ਕੀਤਾ ਬਰੀ

**ਜਲੰਧਰ (ਸੌਰਭ ਖੰਨਾ)**-ਸ਼ਿਕਾਇਤਕਰਤਾ ਦਵਿੰਦਰ ਸਿੰਘ ਨੇ ਸਾਲ 2015 'ਚ ਵਿਸਾਲ ਪਰੇਜਾ ਖਿਲਾਫ ਮਾਮਲਾ ਦਰਜ ਕਰਵਾਇਆ ਸੀ ਅਤੇ ਦੋਸ਼ ਲਗਾਇਆ ਸੀ ਕਿ ਦੋਸ਼ੀ ਵਿਸ਼ਾਲ ਪਰੇਜਾ ਨੇ ਮੈਨੂੰ ਅਤੇ ਮੇਰੀ ਬੇਟੀ ਨੂੰ ਫੋਨ 'ਤੇ ਧਮਕੀਆਂ ਦਿੱਤੀਆਂ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਕੀਲ ਅਰੁਣ ਗਾਂਧੀ ਨੇ ਦੱਸਿਆ ਕਿ ਦਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਅਦਾਲਤ 'ਚ ਜਾਅਲੀ ਸੀ.ਡੀ. ਪੇਸ਼ ਕੀਤੀ ਗਈ ਸੀ। ਜੇ ਐਮ ਆਈ ਸੀ ਰਵਤੇਸ਼ ਇੰਦਰਜੀਤ ਸਿੰਘ ਦੀ ਅਦਾਲਤ ਵਿੱਚ ਵਕੀਲ ਅਰੁਣ ਗਾਂਧੀ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮੁਲਜ਼ਮ ਵਿਸ਼ਾਲ ਪਰੇਜਾ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ। ਵਿਸ਼ਾਲ ਪਰੇਜਾ ਖਿਲਾਫ ਸਾਲ 2015 ਵਿੱਚ ਜਲੰਧਰ ਦੇ ਥਾਣਾ ਨੰਬਰ ਇੱਕ ਵਿੱਚ ਧਾਰਾ 506 ਅਤੇ 509 ਆਈ ਪੀ ਸੀ ਤਹਿਤ ਐਫ ਆਈ ਆਰ ਨੰਬਰ 171 ਦਰਜ ਕੀਤੀ ਗਈ ਸੀ ਪਰ ਹੁਣ ਅਦਾਲਤ ਨੇ ਉਸ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ।

## ਇਟਲੀ 'ਚ ਨੌਜਵਾਨ ਦੀ ਮੌਤ

**ਫਿਲੌਰ (ਨਿਰਮਲ)**- ਫਿਲੌਰ ਦਾ ਨੌਜਵਾਨ ਬਲਦੇਵ ਰਾਜ (38) ਫਿਲੌਰ ਤੋਂ 15 ਸਾਲ ਪਹਿਲਾਂ ਇਟਲੀ ਗਿਆ ਸੀ। ਪਿਛਲੇ ਦਿਨੀਂ ਉਸ ਦੀ ਸਾਈਲੈਂਸ ਅਟੈਕ ਨਾਲ ਮੌਤ ਹੋ ਗਈ। ਉਹ ਆਪਣੇ ਪਿੱਛੇ ਮਾਤਾ ਗੁਰਦੇਵ ਕੌਰ, ਪਤਨੀ ਮਨਪ੍ਰੀਤ ਕੌਰ, ਬੱਚੇ ਏਕਮ ਹੀਰ ਅਤੇ ਫਤਿਹ ਹੀਰ ਨੂੰ ਛੱਡ ਗਿਆ। ਉਸ ਦੀ ਅੱਜ ਅੰਤਿਮ ਅਰਦਾਸ ਲਈ ਉਸ ਦੇ ਘਰ ਅਕਲਪੁਰ ਰੋਡ ਫਿਲੌਰ ਵਿਖੇ ਪਾਠ ਦੇ ਭੋਗ ਪਾਏ ਗਏ। ਰਿਸ਼ਤੇਦਾਰ, ਸੱਜਣਾਂ ਮਿੱਤਰਾਂ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸ਼ਹਿਰ ਨਿਵਾਸੀ ਸ਼ਾਮਲ ਹੋਏ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ।

## ਆਪ ਨੇ ਜਰਨੈਲ ਨੰਗਲ ਨੂੰ ਸੂਬਾ ਜਨਰਲ ਸਕੱਤਰ ਕੀਤਾ ਨਿਯੁਕਤ

**ਫਗਵਾੜਾ (ਕਮਲ ਰਾਏ. ਜਸਵਿੰਦਰ ਢੱਡਾ)** ਆਮ ਆਦਮੀ ਪਾਰਟੀ ਪੰਜਾਬ ਨੇ ਆਪਣੇ ਸੂਬਾ ਸੰਗਠਨ ਵਿੱਚ ਵਿਸਥਾਰ ਕਰਦਿਆਂ ਲੋਕਾਂ ਦੀ ਆਵਾਜ਼ ਅਤੇ ਨਿਧੜਕ ਆਗੂ ਜਰਨੈਲ ਨੰਗਲ (ਫਗਵਾੜਾ) ਨੂੰ ਆਮ ਆਦਮੀ ਪਾਰਟੀ ਐੱਸ .ਸੀ. ਵਿੰਗ ਪੰਜਾਬ ਦਾ ਸੂਬਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਜਰਨੈਲ ਨੰਗਲ ਨੇ ਪਾਰਟੀ ਵਲੋਂ ਦਿੱਤੀ ਗਈ ਇਸ ਜ਼ਿੰਮੇਵਾਰੀ ਲਈ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ, ਡਾ. ਸੰਦੀਪ ਪਾਠਕ ਅਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਵਲੋਂ ਦਿੱਤੀ ਗਈ ਇਸ ਜ਼ਿੰਮੇਵਾਰੀ ਨੂੰ ਉਹ ਪਾਰਟੀ ਦੀ ਮਜ਼ਬੂਤੀ ਲਈ ਪੂਰੀ ਤਨਦੇਹੀ ਨਾਲ ਨਿਭਾਉਣਗੇ।

## ਪੰਜਾਬ ਦੀਆਂ ਝਾਕੀਆਂ ਫਿਲੌਰ ਤੇ ਨਕੋਦਰ ਪਹੁੰਚਣ 'ਤੇ ਲੋਕਾਂ ਨੇ ਕੀਤਾ ਸਵਾਗਤ

**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ ਦੇ ਵਿਧਾਨ ਸਭਾ ਹਲਕਾ ਫਿਲੌਰ ਤੇ ਨਕੋਦਰ ਵਿੱਚ ਦਿੱਲੀ



ਪਰੇਡ ਵਿੱਚੋਂ ਕੇਂਦਰੀ ਸਰਕਾਰ ਵੱਲੋਂ ਮਨਾਏ ਗਏ ਗਣਤੰਤਰ ਦਿਹਾੜੇ 'ਤੇ ਜਿਹੜੀਆਂ ਪੰਜਾਬ ਦੀਆਂ ਝਾਕੀਆਂ ਰਿਜੈਕਟ ਕੀਤੀਆਂ ਸਨ ਉਨ੍ਹਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋ ਕੀਤੇ ਵਾਅਦੇ ਮੁਤਾਬਕ ਹੁਣ ਪੰਜਾਬ ਦੇ ਹਰ ਵਿਧਾਨ ਸਭਾ ਹਲਕਿਆਂ ਵਿੱਚ ਦਿਖਾਇਆ ਜਾਵੇਗਾ। ਜਿਸ ਦੀ ਲੜੀ ਤਹਿਤ ਇਹ ਝਾਕੀਆਂ ਜਲੰਧਰ ਦੇ ਫਿਲੌਰ ਤੇ ਨਕੋਦਰ ਵਿਧਾਨ ਸਭਾ ਹਲਕਿਆਂ ਵਿੱਚ ਪਹੁੰਚੀਆਂ ਜਿੱਥੇ ਲੋਕਾਂ ਨੇ ਇਨ੍ਹਾਂ ਦੇ ਭਰਵਾਂ ਸਵਾਗਤ ਕੀਤਾ। ਇਥੇ ਇਲਾਕੇ ਦੇ ਲੋਕਾਂ ਨੇ ਇਨ੍ਹਾਂ ਦਾ ਸ਼ਾਨਦਾਰ ਸਵਗਤ ਕਰਦਿਆ ਕਿਹਾ ਕਿ ਕੇਂਦਰ ਦੀ ਮਨੂੰਵਾਦੀ ਸਰਕਾਰ ਨੂੰ ਦੇਸ਼ ਭਗਤਾਂ, ਦੇਸ਼ ਦੇ ਸ਼ਹੀਦਾਂ, ਪੰਜਾਬ ਦੀ ਤਰੱਕੀ ਦੀਆਂ ਝਾਕੀਆਂ ਜਾਣਬੁੱਝ ਕੇ 26 ਜਨਵਰੀ ਨੂੰ ਦਿੱਲੀ ਵਿੱਚ ਹੋਈ ਗਣਤੰਤਰ ਦਿਹਾੜੇ ਦੇ ਨੈਸ਼ਨਲ ਪਰੇਡ ਵਿੱਚ ਸ਼ਾਮਲ ਨਹੀਂ ਕੀਤੀਆਂ ਗਈਆਂ ਜਿਸ ਨੂੰ ਪੰਜਾਬ ਦੇ ਲੋਕ ਕਦੇ ਹੀ ਬਰਦਾਸ਼ਤ ਨਹੀ ਕਰਨਗੇ। ਉਹ ਮਨੂੰਵਾਦੀ ਵਿਚਾਰਧਾਰਾ ਵਾਲੀ ਸਰਕਾਰ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਹਰਾ ਕੇ ਇਨ੍ਹਾਂ ਪੰਜਾਬ ਦੀਆਂ ਝਾਕੀਆਂ ਦੀ ਬੇਕਦਰੀ ਕਰਨ ਵਾਲੀ ਬੀ ਜੇ ਪੀ ਦੀ ਸਰਕਾਰ ਨੂੰ ਸਬਕ ਸਿਖਾਉਣਗੇ।

## ਵਿਦਿਆਰਥੀਆਂ ਨੂੰ ਮੁਫਤ ਕਿਤਾਬਾਂ ਵੰਡੀਆਂ

**ਫਗਵਾੜਾ (ਜਸਵਿੰਦਰ ਢੱਡਾ)** ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ, ਫਗਵਾੜਾ ਵਿਖੇ ਕਾਮਰਸ ਅਤੇ ਬਿਜਨੈੱਸ ਮੈਨੇਜਮੈਂਟ ਵਿਭਾਗ ਵਲੋਂ 'ਮੁਫਤ ਕਿਤਾਬ ਵੰਡ ਸਮਾਰੋਹ' ਕਰਵਾਇਆ ਗਿਆ। ਸਮਾਗਮ ਦੌਰਾਨ ਕਾਮਰਸ ਵਿਭਾਗ ਵੱਲੋਂ 125 ਦੇ ਕਰੀਬ ਵਿਦਿਆਰਥੀਆਂ ਨੂੰ ਲਗਭਗ ਤਿੰਨ ਲੱਖ ਰੁਪਏ ਮੁੱਲ ਦੀਆਂ ਮੁਫਤ ਕਿਤਾਬਾਂ ਵੰਡੀਆਂ ਗਈਆਂ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਤਿੰਦਰਪਾਲ ਸਿੰਘ ਪਲਾਹੀ ਨੇ ਵਪਾਰੀਕਰਨ ਦੇ ਇਸ ਯੁੱਗ ਵਿਚ ਕਾਲਜ ਦੇ ਕਾਮਰਸ ਵਿਭਾਗ ਵੱਲੋਂ ਚਲਾਈ ਜਾ ਰਹੀ ਇਸ ਮੁਹਿੰਮ ਦੀ ਸ਼ਲਾਘਾ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਗੁਰਦੇਵ ਸਿੰਘ ਰੰਧਾਵਾ ਨੇ ਕਿਹਾ ਕਿ ਇੰਨ੍ਹਾਂ ਕਿਤਾਬਾਂ ਦੀ ਸਦਵਰਤੋਂ ਕਰਨ ਅਤੇ ਕਾਲਜ ਅਤੇ ਵਿਭਾਗੀ ਲਾਇਬ੍ਰੇਰੀ ਦਾ ਵੱਧ ਤੋਂ ਵੱਧ ਲਾਭ ਉਠਾਉਣ ਜਿਸ 'ਚ ਅਣਗਿਣਤ ਕਿਤਾਬਾਂ ਜੋ ਕਿ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਹਨ ਤੇ ਖੋਜ ਜਰਨਲ ਵਿਦਿਆਰਥੀਆਂ ਦੇ ਪੜ੍ਹਨ ਵਾਸਤੇ ਮੌਜੂਦ ਹਨ। ਇਸ ਮੌਕੇ ਡਾ. ਮਨਪ੍ਰੀਤ ਕੌਰ, ਪ੍ਰੋ. ਆਸ਼ੂਤੋਸ਼, ਪ੍ਰੋ. ਕਾਜਲ ,ਪ੍ਰੋ. ਕਾਮਿਨੀ, ਪ੍ਰੋ. ਗੁਰਲੀਨ ਕੌਰ, ਪ੍ਰੋ. ਮੋਹਿਤ ਹਾਜ਼ਰ ਸਨ।

## ਰੋਸ ਮਾਰਚ ਦੀ ਲਾਮਬੰਦੀ ਲਈ ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਮੀਟਿੰਗਾਂ



**ਚੰਡੀਗੜ੍ਹ, ( ਗੁਰਜੀਤ ਬਿੱਲਾ)**- ਚੰਡੀਗੜ੍ਹ ਪੰਜਾਬੀ ਮੰਚ ਵੱਲੋਂ 21 ਫ਼ਰਵਰੀ ਨੂੰ ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਚੰਡੀਗੜ੍ਹ ਵਿੱਚ ਕੱਢੇ ਜਾਣ ਵਾਲ ਰੋਸ ਮਾਰਚ ਵਾਸਤੇ ਲੋਕਾਂ ਨੂੰ ਲਾਮਬੰਦ ਕਰਨ ਲਈ ਪਿੰਡ ਧਨਾਸ ਅਤੇ ਬੁੜੈਲ ਵਿੱਚ ਮੀਟਿੰਗਾਂ ਕੀਤੀਆਂ ਗਈਆਂ। ਪਿੰਡ ਧਨਾਸ ਵਿਖੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਿੰਦਰ ਸਿੰਘ ਸੰਧੂ ਨੇ ਮੀਟਿੰਗ ਕਰਨ ਲਈ ਪਹੁੰਚੇ ਮੰਚ ਦੇ ਸਾਰੇ ਅਹੁਦੇਦਾਰਾਂ ਦਾ ਸਵਾਗਤ ਕੀਤਾ ਅਤੇ ਪੰਜਾਬੀ ਮਾਂ ਬੋਲੀ ਨੂੰ ਬਚਾਉਣ ਲਈ ਮੰਚ ਵੱਲੋਂ ਕੀਤੇ ਜਾ ਰਹੇ ਯਤਨਾਂ ਵਿੱਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਪਿੰਡ ਧਨਾਸ ਦੇ ਸਾਬਕਾ ਸਰਪੰਚ ਹਰਭਜਨ ਸਿੰਘ, ਸੋਹਣ ਸਿੰਘ, ਕਰਮ ਸਿੰਘ, ਦਲਵਿੰਦਰ ਸਿੰਘ, ਹਰਪ੍ਰੀਤ ਸਿੰਘ, ਦਿਲਬਾਗ ਸਿੰਘ, ਜ਼ਿੰਦ ਕੌਰ ਸੰਧੂ, ਹਰਸੀਰਤ ਕੌਰ ਸੰਧੂ, ਮੰਚ ਦੇ ਪ੍ਰਧਾਨ ਸੁਖਜੀਤ ਸਿੰਘ ਹੱਲੋਮਾਜਰਾ, ਬਾਬਾ ਸਾਧੂ ਸਿੰਘ ਸਾਰੰਗਪੁਰ, ਗੁਰਦਿਆਲ ਸਿੰਘ ਖੁੱਡਾ ਅਲੀਸ਼ੇਰ ਆਦਿ ਵੀ ਹਾਜ਼ਰ ਸਨ। ਇਸੇ ਪ੍ਰਕਾਰ ਪਿੰਡ ਬੁੜੈਲ ਵਿਖੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਭਜਨ ਸਿੰਘ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਪੇਂਡੂ ਸੰਘਰਸ਼ ਕਮੇਟੀ ਬੁੜੈਲ ਦੇ ਪ੍ਰਧਾਨ ਰਣਜੀਤ ਸਿੰਘ ਅਤੇ ਗਿਆਨੀ ਖ਼ੁਸ਼ਹਾਲ ਸਿੰਘ ਨੇ ਵੀ ਮੰਚ ਦੇ ਅਹੁਦੇਦਾਰਾਂ ਨੂੰ ਰੋਸ ਮਾਰਚ ਵਿੱਚ ਵਿੱਚ ਸ਼ਮੂਲੀਅਤ ਕਰਵਾਉਣ ਦਾ ਭਰੋਸਾ ਦਿੱਤਾ। ਮੀਟਿੰਗਾਂ ਬਾਰੇ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਸੁਖਜੀਤ ਸਿੰਘ ਹੱਲੋਮਾਜਰਾ, ਜਨਰਲ ਸਕੱਤਰ ਕਾਮਰੇਡ ਦੇਵੀ ਦਿਆਲ ਸ਼ਰਮਾ, ਕਿਸਾਨ ਆਗੂ ਸ਼ਰਨਜੀਤ ਸਿੰਘ ਬੈਦਵਾਣ ਰਾਏਪੁਰ ਕਲਾਂ, ਗਿਆਨੀ ਖ਼ੁਸ਼ਹਾਲ ਸਿੰਘ, ਤਰਕਸ਼ੀਲ ਸੋਸਾਇਟੀ ਚੰਡੀਗੜ੍ਹ ਤੋਂ ਜੋਗਾ ਸਿੰਘ ਨੇ ਦੱਸਿਆ ਕਿ ਪਿੰਡ ਧਨਾਸ ਅਤੇ ਬੁੜੈਲ ਵਿਖੇ ਪੰਜਾਬੀ ਹਿਤੈਸ਼ੀਆਂ ਨੂੰ ਰੋਸ ਮਾਰਚ ਵਾਸਤੇ ਲਾਮਬੰਦ ਕੀਤਾ ਗਿਆ ਅਤੇ ਅਪੀਲ ਕੀਤੀ ਗਈ ਕਿ ਵੱਧ ਤੋਂ ਵੱਧ ਲੋਕਾਂ ਨੂੰ ਮਾਰਚ ਵਿੱਚ ਸ਼ਾਮਲ ਕਰਵਾਇਆ ਜਾਵੇ ਤਾਂ ਜੋ ਯੂ.ਟੀ. ਚੰਡੀਗੜ੍ਹ ਪ੍ਰਸ਼ਾਸਨ ਦੇ ਕੰਨਾਂ ਤੱਕ ਮਾਂ ਬੋਲੀ ਪੰਜਾਬੀ ਦੇ ਮਾਣ ਸਨਮਾਨ ਦੀ ਅਵਾਜ਼ ਪਹੁੰਚਾਈ ਜਾ ਸਕੇ ਅਤੇ ਇੱਥੇ ਪੰਜਾਬੀ ਭਾਸ਼ਾ ਨੂੰ ਪਹਿਲੀ ਅਤੇ ਪ੍ਰਸ਼ਾਸਕੀ ਭਾਸ਼ਾ ਦਾ ਦਰਜਾ ਦਿਵਾਉਣ ਦੀ ਮੰਗ ਜ਼ੋਰਦਾਰ ਢੰਗ ਨਾਲ ਰੱਖੀ ਜਾ ਸਕੇ। ਉਨ੍ਹਾਂ ਦੱਸਿਆ ਕਿ 21 ਫ਼ਰਵਰੀ ਨੂੰ ਸੈਕਟਰ 34 ਸਥਿਤ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਇਕੱਤਰ ਹੋ ਕੇ ਵੱਡੀ ਗਿਣਤੀ ਪੰਜਾਬੀ ਹਿਤੈਸ਼ੀ ਆਪੋ ਆਪਣੀਆਂ ਕਾਰਾਂ ਅਤੇ ਸਕੂਟਰਾਂ/ਮੋਟਰਸਾਈਕਲਾਂ ਉਤੇ ਰੋਸ ਮਾਰਚ ਕੱਢਣਗੇ ਜੋ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਅਤੇ ਪਿੰਡਾਂ ਵਿੱਚੋਂ ਦੀ ਹੁੰਦਾ ਹੋਇਆ ਪਿੰਡ ਖੁੱਡਾ ਅਲੀਸ਼ੇਰ ਦੇ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਸਮਾਪਤ ਹੋਵੇਗਾ।

## ਝਾਕੀਆਂ ਰਾਹੀਂ ਪੰਜਾਬ ਦੇ ਯੋਧਿਆਂ ਦੇ ਇਤਿਹਾਸ ਤੇ ਸੱਭਿਆਚਾਰ ਨੂੰ ਪ੍ਰਦਰਸ਼ਤ ਕੀਤਾ



**ਖਰੜ (ਹਰਨਾਮ ਸਿੰਘ ਡੱਲਾ)**-ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਮਹਾਨ ਯੋਧਿਆਂ, ਮਾਈ ਭਾਗੋ - ਮਹਿਲਾ ਸਸ਼ਕਤੀਕਰਨ ਅਤੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੀਆਂ ਝਾਕੀਆਂ ਨੇ ਅੱਜ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੀਆਂ ਸੜਕਾਂ 'ਤੇ ਆ ਕੇ ਲੋਕਾਂ 'ਤੇ ਡੂੰਘੀ ਛਾਪ ਛੱਡੀ। ਕੁਰਾਲੀ ਵਿੱਚ ਦਾਖਲ ਹੋਣ 'ਤੇ ਜੋਧਾ ਸਿੰਘ ਮਾਨ (ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਦੇ ਪਿਤਾ) ਦੀ ਅਗਵਾਈ ਵਿੱਚ ਸਥਾਨਕ ਲੋਕਾਂ ਵੱਲੋਂ ਝਾਕੀਆਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ ਬੇਮਿਸਾਲ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਕੌਮੀ ਗਣਤੰਤਰ ਦਿਵਸ ਲਈ ਤਿਆਰ ਕੀਤੀਆਂ ਝਾਕੀਆਂ, ਜਿਨ੍ਹਾਂ ਨੂੰ ਉੱਥੇ ਪ੍ਰਦਰਸ਼ਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ, ਨੂੰ ਪੰਜਾਬ ਦੇ ਲੋਕਾਂ ਨੂੰ ਦਿਖਾਉਣ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਨ੍ਹਾਂ ਝਾਕੀਆਂ ਨੇ ਪੰਜਾਬ ਦੇ ਮਹਾਨ ਯੋਧਿਆਂ; ਸ਼ਹੀਦ ਕਰਤਾਰ ਸਿੰਘ ਸਰਾਭਾ, ਡਾ: ਦੀਵਾਨ ਸਿੰਘ ਕਾਲੇਪਾਣੀ, ਮਦਨ ਲਾਲ ਢੀਂਗਰਾ, ਲਾਲਾ ਹਰਦਿਆਲ, ਸਰਦਾਰ ਅਜੀਤ ਸਿੰਘ (ਪਗੜੀ ਸੰਭਾਲ ਜੱਟਾ), ਬਾਬਾ ਖੜਗ ਸਿੰਘ, ਜਲ੍ਹਿਆਂ ਵਾਲੇ ਬਾਗ ਦੀ ਗਾਥਾ, ਮਹਾਨ ਨਾਰੀ ਯੋਧਾ ਮਾਈ ਭਾਗੋ ਜਿਨ੍ਹਾਂ ਨੇ 40 ਮੁਕਤਿਆਂ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਦੁਬਾਰਾ ਜੁੜਨ ਦੀ ਪ੍ਰੇਰਨਾ ਦਿੱਤੀ ਅਤੇ ਪੰਜਾਬੀ ਸੱਭਿਆਚਾਰ ਜਿਵੇਂ ਫੁਲਕਾਰੀ ਆਦਿ ਨੂੰ ਦਰਸਾਇਆ ਗਿਆ। ਅੱਜ ਇਹ ਝਾਕੀਆਂ ਦਾ ਸਫਰ ਕੁਰਾਲੀ ਤੋਂ ਖਰੜ ਤੱਕ ਸ਼ੁਰੂ ਹੋ ਕੇ ਭਲਕੇ ਅਗਲੀ ਮੰਜ਼ਲ ਲਈ ਰਵਾਨਾ ਹੋਣ ਲਈ ਚੱਪੜਚਿੜੀ ਖੁਰਦ ਵਿਖੇ ਜਾ ਕੇ ਰੁਕਿਆ। ਖਰੜ ਵਿਖੇ ਤਹਿਸੀਲਦਾਰ ਜਸਵਿੰਦਰ ਸਿੰਘ ਵੱਲੋਂ ਝਾਕੀਆਂ ਦਾ ਸਵਾਗਤ ਕੀਤਾ ਗਿਆ। ਝਾਕੀਆਂ ਨੇ ਲੋਕਾਂ ਨੂੰ ਆਕਰਸ਼ਤ ਕੀਤਾ ਅਤੇ ਉਨ੍ਹਾਂ ਦੇਖਣ ਦੇ ਨਾਲ-ਨਾਲ ਉਨ੍ਹਾਂ ਨਾਲ ਸੈਲਫੀ ਵੀ ਲਈਆਂ।

## ਸੰਤ ਬਾਬਾ ਨਿਧਾਨ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**-ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਪਿੰਡ ਨਡਾਲੋਂ ਵਿਖੇ ਸੰਤ ਬਾਬਾ ਨਰਿੰਦਰ ਸਿੰਘ-ਸੰਤ ਬਾਬਾ ਬਲਵਿੰਦਰ ਸਿੰਘ ਹਜ਼ੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਅਤੇ ਜਥੇਦਾਰ ਬਾਬਾ ਗੁਰਮੀਤ ਸਿੰਘ ਕਾਰ ਸੇਵਾ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਦੇਖ ਰੇਖ ਹੇਠ ਸੰਤ ਬਾਬਾ ਨਿਧਾਨ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਮਨਾਏ ਜਾ ਰਹੇ 35 ਰੋਜ਼ਾ ਧਾਰਮਿਕ ਜੋੜ ਮੇਲੇ ਦੇ 28ਵੇਂ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਸੰਤ ਬਾਬਾ ਨਰਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲੇ, ਜਥੇਦਾਰ ਬਾਬਾ ਗੁਰਮੀਤ ਸਿੰਘ, ਬਾਬਾ ਹਰਜਿੰਦਰ ਸਿੰਘ ਸਪਰੋੜ, ਬਾਬਾ ਕਸ਼ਮੀਰ ਸਿੰਘ ਦੁਸਾਂਝ, ਬਾਬਾ ਦਲੀਪ ਸਿੰਘ, ਬਾਬਾ ਬਿੱਟੂ, ਬਾਬਾ ਬਾਜ਼ ਸਿੰਘ, ਬਾਬਾ ਦਲੇਰ ਸਿੰਘ, ਬਾਬਾ ਜਸਪਾਲ ਸਿੰਘ ਨੈਕੀ ਵਾਲੇ, ਭਾਈ ਗੁਰਪਾਲ ਸਿੰਘ, ਭਾਈ ਗੁਰਨਾਮ ਸਿੰਘ, ਜਥੇਦਾਰ ਇਕਬਾਲ ਸਿੰਘ ਖੇੜਾ, ਸਾਬਕਾ ਸਰਪੰਚ ਜਸਵੀਰ ਸਿੰਘ ਭੱਟੀ, ਬਾਬਾ ਜਰਨੈਲ ਸਿੰਘ ਨਡਾਲੋਂ, ਭਾਈ ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਭਾਈ ਬਲਜਿੰਦਰ ਸਿੰਘ ਪੰਜੋੜ ਆਦਿ ਦੀ ਹਾਜ਼ਰੀ 'ਚ ਭਾਈ ਅਕਾਸ਼ਦੀਪ ਸਿੰਘ ਬਾਸਰਕੇ ਨੇ ਜੈਕਾਰਿਆਂ ਦੀ ਗੂੰਜ ਵਿੱਚ ਜਥੇਦਾਰ ਬਾਬਾ ਗੁਰਮੀਤ ਸਿੰਘ ਵੱਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਰੰਗ-ਬਿਰੰਗੇ ਫੁੱਲਾਂ ਤੇ ਹਾਰਾਂ ਨਾਲ ਸਜਾਈ ਸੁੰਦਰ ਪਾਲਕੀ ਸਾਹਿਬ 'ਚ ਸੁਸ਼ੋਭਿਤ ਕੀਤਾ ਗਿਆ। ਇਸ ਮੌਕੇ ਰਾਗੀ ਭਾਈ ਰਣਜੋਧ ਸਿੰਘ, ਭਾਈ ਸੁਖਦੇਵ ਸਿੰਘ, ਬਾਬਾ ਬੀਰਜਤਿੰਦਰ ਸਿੰਘ ਮਲਕਪੁਰ ਅਤੇ ਢਾਡੀ ਭਾਈ ਦੀਦਾਰ ਸਿੰਘ ਸੰਗਤਪੁਰ ਤੇ ਢਾਡੀ ਗੁਰਮੇਲ ਸਿੰਘ ਬਘਾਣਾ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਤੇ ਢਾਡੀ ਵਾਰਾਂ ਰਾਹੀਂ ਨਿਹਾਲ ਕਰ ਰਹੇ ਸਨ। ਉੱਥੇ ਗਤਕਾ ਪਾਰਟੀਆਂ ਦੇ ਗਤਕੇ ਦੇ ਜੌਹਰ ਤੇ ਨਿਹੰਗ ਸਿੰਘਾਂ ਦੇ ਘੋੜਿਆਂ ਦੇ ਕਰਤੱਬ ਦੇਖਣ ਵਾਲੇ ਸਨ। ਇਸ ਮੌਕੇ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਲਖਵਿੰਦਰ ਸਿੰਘ ਵਿੰਦਾ, ਧਰਮਿੰਦਰ ਸਿੰਘ ਸੋਨੂੰ, ਲਖਵੀਰ ਸਿੰਘ ਰਾਣਾ ਡਾਨਸੀਵਾਲ, ਸੁਖਦੇਵ ਸਿੰਘ ਨਰੂੜ, ਕਿਰਪਾਲ ਸਿੰਘ ਅਜਨੋਹਾ, ਮਨਜੀਤ ਸਿੰਘ ਠੱਕਰਵਾਲ, ਅਮਰਜੀਤ ਸਿੰਘ ਪੰਜੋੜ, ਗੁਰਕੀਰਤ ਸਿੰਘ, ਪ੍ਰਿੰਸਪਾਲ ਸਿੰਘ, ਬੰਟੂ ਅਮਰੀਕਾ, ਦਲਵੀਰ ਸਿੰਘ ਭੱਟੀ ਮਨਪ੍ਰੀਤ ਸਿੰਘ ਧਰਦਿਉ, ਬੂਟਾ ਸਿੰਘ ਕੋਟਫਤੂਹੀ, ਸਰਵਿੰਦਰ ਸਿੰਘ ਠੀਡਾ, ਪ੍ਰਭਦੀਪ ਸਿੰਘ ਪੰਜੋੜ, ਮਾ. ਰਸ਼ਪਾਲ ਸਿੰਘ ਜਲਵੇਹੜਾ, ਪਰਮਜੀਤ ਸਿੰਘ ਪੰਜੋੜ, ਪ੍ਰਿੰਸੀਪਲ ਸਤਪਾਲ ਸਿੰਘ ਨਡਾਲੋਂ, ਸਾਬਕਾ ਸਰਪੰਚ ਮਹਿੰਦਰ ਸਿੰਘ ਮੁਖਲਿਆਣਾ, ਸੁਰਜੀਤ ਸਿੰਘ ਮਸੂਤਾ ਭੂੰਗਰਨੀ, ਕੁਲਵਿੰਦਰ ਸਿੰਘ ਪੰਡੋਰੀ, ਤਰਸੇਮ ਸਿੰਘ ਬਘਾਣਾ, ਪ੍ਰਧਾਨ ਜਸਵੰਤ ਸਿੰਘ ਮੁਖਲਿਆਣਾ ਆਦਿ ਹਾਜ਼ਰ ਸਨ।

## ਮੁੱਖ ਮੰਤਰੀ ਨੇ ਇਲੈਕਟ੍ਰਿਕ ਸਿਟੀ ਬੱਸ ਸੇਵਾ ਦੀ ਕੀਤੀ ਸ਼ੁਰੂਆਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਇਤਿਹਾਸਕ ਨਗਰੀ ਪਾਣੀਪਤ ਦੇ ਨਾਲ ਅੱਜ ਉਸ ਸਮੇਂ ਇਕ ਹੋਰ ਸੁਖਦ ਅਧਿਆਏ ਜੁੜ ਗਿਆ, ਜਦੋਂ ਮੁੱਖ ਮੰਤਰੀ ਮਨੋਹਰ ਲਾਲ ਨੇ ਪਾਣੀਪਤ ਦੇ ਨਵੇਂ ਬੱਸ ਅੱਡੇ ਸਿਵਾਹ ਤੋਂ ਇਲੈਕਟ੍ਰਿਕ ਸਿਟੀ ਬੱਸ ਸੇਵਾ ਦੀ ਸ਼ੁਰੂਆਤ ਕੀਤੀ। ਇਸ ਪਹਿਲ ਦਾ ਉਦੇਸ਼ ਨਾ ਸਿਰਫ ਸੂਬੇ ਦੇ ਲੋਕਾਂ ਨੂੰ ਸਰਲ ਟ੍ਰਾਂਸਪੋਰਟ ਸਹੂਲਤ ਦਾ ਲਾਭ ਪਹੁੰਚਾਉਣਾ ਹੈ, ਸਗੋਂ ਵਾਤਾਵਰਣ ਪ੍ਰਦੂਸ਼ਣ ਨੂੰ ਵੀ ਘੱਟ ਕਰਨਾ ਹੈ। ਇਸ ਮੌਕੇ ਮੁੱਖ ਮੰਤਰੀ ਨੇ ਪਾਣੀਪਤ ਵਿਚ ਪਹਿਲੇ ਸੱਤ ਦਿਨ ਇਲੈਕਟ੍ਰਿਕ ਸਿਟੀ ਬੱਸ ਸੇਵਾ ਮੁਫਤ ਕਰਨ ਦਾ ਐਲਾਨ ਕੀਤਾ, ਤਾਂ ਜੋ ਲੋਕ ਆਪਣੀ ਕਾਰ ਤੇ ਨਿੱਜੀ ਵਾਹਨ ਨੂੰ ਛੱਡ ਕੇ ਪਬਲਿਕ ਟ੍ਰਾਂਸਪੋਰਟ 'ਤੇ ਯਾਤਰਾ ਕਰ ਸਕਣ। ਸਿਟੀ ਬੱਸ ਸੇਵਾ ਦਾ ਰੂਟ ਵੀ ਸ਼ਹਿਰ ਦੇ ਲੋਕਾਂ ਦੀ ਮੰਗ 'ਤੇ ਜ਼ਰੂਰਤ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਜਾਵੇਗਾ। ਪਾਣੀਪਤ ਵਿਚ ਫਿਲਹਾਲ ਤਿੰਨ ਇਲੈਕਟ੍ਰਿਕ ਸਿਟੀ ਬੱਸ ਚਾਲੂ ਕੀਤੀ ਗਈ ਹੈ। ਜਲਦੀ ਹੀ ਪੰਜ ਹੋਰ ਬੱਸਾਂ ਨੂੰ ਵੀ ਬੇੜੇ ਵਿਚ ਸ਼ਾਮਲ ਕੀਤਾ ਜਾਵੇਗਾ। ਸਿਟੀ ਬੱਸ ਸੇਵਾ ਯਾਤਰੀ ਵਿਰਾਇਆ 10 ਤੋਂ 50 ਰੁਪਏ ਦੇ ਵਿਚ ਹੋਵੇਗਾ ਅਤੇ ਰੂਟ 28 ਤੋਂ 30 ਕਿਲੋਮੀਟਰ ਦਾ ਹੋਵੇਗਾ। ਸ਼ਹਿਰ ਦੇ ਲਗਦੇ ਪਿੰਡਾਂ ਵਿਚ ਸਿਟੀ ਬੱਸ ਸੇਵਾ ਦਾ ਪੜਾਅਵਾਰ ਢੰਗ ਨਾਲ ਵਿਸਤਾਰ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਪਾਣੀਪਤ ਦੇ ਲੋਕਾਂ ਨੂੰ ਸਿਟੀ ਬੱਸ ਸੇਵਾ ਸ਼ੁਰੂ ਹੋਣ 'ਤੇ ਸ਼ੁਭਕਾਮਨਾ ਦਿੱਤੀ ਅਤੇ ਖੁਦ ਵੀ ਸਿਟੀ ਬੱਸ ਤੋਂ ਯਾਤਰਾ ਕੀਤੀ। ਮੁੱਖ ਮੰਤਰੀ ਮਨੋਹਰ ਲਾਲ ਨੇ ਦਸਿਆ ਕਿ ਪਾਣੀਪਤ ਅਤੇ ਜਗਾਧਰੀ ਵਿਚ ਇਲੈਕਟ੍ਰਿਕ ਸਿਟੀ ਬੱਸ ਦੇ ਲਾਂਚ ਦੇ ਬਾਅਦ ਪੰਕੂਲਾ, ਅੰਬਾਲਾ, ਸੋਨੀਪਤ, ਰਿਵਾੜੀ, ਕਰਨਾਲ, ਰੋਹਤਕ ਅਤੇ ਹਿਸਾਰ ਸਮੇਤ ਸੱਤ ਸ਼ਹਿਰਾਂ ਵਿਚ ਸਰਕਾਰ ਵੱਲੋਂ ਜੂਨ, 2024 ਤੱਕ ਇਲੈਕਟ੍ਰਿਕ ਸਿਟੀ ਬੱਸ ਸੇਵਾ ਸ਼ੁਰੂ ਕਰਨ ਦਾ ਟੀਚਾ ਰੱਖਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਇੰਟਰ ਸਟੇਟ ਬੱਸ ਅੱਡੇ ਤੋਂ ਆਪਣੇ ਡੇਸਟੀਨੇਸ਼ਨ ਤੱਕ ਹੋਰ ਸੂਬਿਆਂ ਦੇ ਯਾਤਰੀਆਂ ਦੀ ਹਰਿਆਣਾ ਟ੍ਰਾਂਸਪੋਰਟ ਦੀ ਬੱਸਾਂ ਵਿਚ ਯਾਤਰਾ ਕਰਨਾ ਪਹਿਲੀ ਪਸੰਦ ਹੈ। ਰੋਜ਼ਾਨਾ 11 ਲੱਖ ਕਿਲੋਮੀਟਰ 11 ਲੱਖ ਲੋਕ ਹਰਿਆਣਾ ਟ੍ਰਾਂਸਪੋਰਟ ਦੀਆਂ ਬੱਸਾਂ ਵਿਚ ਯਾਤਰਾ ਕਰਦੇ ਹਨ। ਰੋਡਵੇਜ਼ ਦੇ ਬੇੜੇ ਵਿਚ 4651 ਬੱਸਾਂ ਸਮੇਤ 562 ਬੱਸਾਂ ਕਿਲੋਮੀਟਰ ਸਕੀਮ ਅਤੇ ਲਗਭਗ 1300 ਪਰਮਿਟ ਵਾਲੀਆਂ ਬੱਸਾਂ ਰੂਟ 'ਤੇ ਦੌੜ ਰਹੀਆਂ ਹਨ। ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਮੈਟਰੋ ਦੀ ਤਰਜ਼ 'ਤੇ ਦਿੱਲੀ ਦੇ ਸਰਾਏ ਕਾਲੇ ਖਾਂ ਤੋਂ ਪਾਣੀਪਤ ਤਕ ਰੈਪਿਡ ਰੇਲ ਟ੍ਰਾਂਸਪੋਰਟ ਸਿਸਟਮ ਸ਼ੁਰੂ ਹੋਵੇਗਾ, ਜਿਸ ਦਾ ਕਰਨਾਲ ਤੱਕ ਵਿਸਤਾਰ ਕਰਨ ਦਾ ਯਤਨ ਕੀਤਾ ਜਾਵੇਗਾ। ਇਸੀ ਤਰ੍ਹਾ ਕੁੰਡਲੀ-ਮਾਨੇਸਰ ਐਕਸਪ੍ਰੈਸ-ਵੇ ਦੇ ਨਾਲ-ਨਾਲ ਹਰਿਆਣਾ ਓਰਬਿਟ ਰੇਲ ਸੇਵਾ ਵੀ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਤੋਂ ਕੁੰਡਲੀ ਤੋਂ ਪਾਣੀਪਤ ਤੱਕ ਵਧਾਇਆ ਜਾਵੇਗਾ। ਇਸ ਤੋਂ ਲੋਕਾਂ ਨੂੰ ਆਵਾਜਾਈ ਦੀ ਬਿਹਤਰ ਸਹੂਲਤ ਮਿਲੇਗੀ। ਹੁਣ ਹਰਿਆਣਾ ਦਾ ਸਪਨਾ ਹਵਾਈ ਅੱਡਾ ਹਿਸਾਰ ਵਿਚ ਹੋਵੇਗਾ। ਇਸ ਨੂੰ ਦਿੱਲੀ ਤੋਂ ਫਾਸਟ ਟ੍ਰੈਕ ਐਕਸਪ੍ਰੈਸ -ਵੇ ਨਾਲ ਜੋੜਿਆ ਜਾਵੇਗਾ।

## ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਮੀਟਿੰਗ

### 29 ਤੱਕ ਮੁਕੰਮਲ ਕੀਤੇ ਜਾਣਗੇ ਵਿਧਾਇਕਾਂ ਦੇ ਘਰਾਂ ਅੱਗੇ ਧਰਨੇ : ਸਾਂਝਾ ਫਰੰਟ

**ਜਲੰਧਰ** : ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਪ੍ਰਤੀਨਿਧ "ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ" ਦੀ ਮੀਟਿੰਗ ਫਰੰਟ ਦੇ ਕਨਵੀਨਰ ਸਾਥੀ ਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ਼ ਭਵਨ ਵਿਖੇ ਹੋਈ । ਮੀਟਿੰਗ ਦੇ ਫੈਸਲੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਸਾਂਝਾ ਫਰੰਟ ਦੇ ਸਮੂਹ ਕਨਵੀਨਰਜ਼, ਕੋ-ਕਨਵੀਨਰਜ਼ ਅਤੇ ਮੈਂਬਰਜ਼ ਸਾਥੀ ਭਜਨ ਸਿੰਘ ਗਿੱਲ, ਸਤੀਸ਼ ਰਾਣਾ, ਜਰਮਨਜੀਤ ਸਿੰਘ, ਰਣਜੀਤ ਸਿੰਘ ਰਾਣਵਾ, ਗਗਨਦੀਪ ਸਿੰਘ ਭੁੱਲਰ, ਰਤਨ ਸਿੰਘ ਮਜਾਰੀ, ਸੁਵਿੰਦਰ ਪਾਲ ਸਿੰਘ ਮੋਲੋਵਾਲੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਸੁਖਦੇਵ ਸਿੰਘ ਸੈਣੀ, ਬਾਜ ਸਿੰਘ ਖਹਿਰਾ, ਕਰਮ ਸਿੰਘ ਧਨੋਆ, ਐਨ.ਕੇ.ਕਲਸੀ, ਰਾਧੇ ਸ਼ਾਮ, ਗੁਰਮੇਲ ਸਿੰਘ ਮੈਲਡੇ, ਜਸਵੀਰ ਸਿੰਘ ਤਲਵਾੜਾ, ਬੋਬਿੰਦਰ ਸਿੰਘ, ਸੁਖਵਿੰਦਰ ਸਿੰਘ ਲਵਲੀ ਅਤੇ ਦਿਗਵਿਜੇ ਪਾਲ ਸ਼ਰਮਾ ਨੇ ਆਖਿਆ ਕਿ ਕੇਂਦਰ ਸਰਕਾਰ ਦੀਆਂ ਮਜ਼ਦੂਰ - ਮੁਲਾਜ਼ਮ ਮਾਰੂ ਨੀਤੀਆਂ ਖਿਲਾਫ ਕੇਂਦਰੀ ਟਰੇਡ ਯੂਨੀਅਨਾਂ , ਮੁਲਾਜ਼ਮ ਫੈਡਰੇਸ਼ਨਾਂ ਅਤੇ ਐਸੋਸੀਏਸ਼ਨਾਂ ਵਲੋਂ 16 ਫਰਵਰੀ ਨੂੰ ਜੋ ਦੇਸ਼ ਵਿਆਪੀ ਹੜਤਾਲ ਹੋ ਰਹੀ ਹੈ ਜਿਸ ਨੂੰ ਕਾਮਯਾਬ ਕਰਨ ਲਈ ਸੰਯੁਕਤ ਕਿਸਾਨ ਮੋਰਚੇ ਵਲੋਂ ਪੇਂਡੂ ਬੰਦ ਦਾ ਸੱਦਾ ਵੀ ਦਿੱਤਾ ਗਿਆ ਹੈ । ਇਸ ਦੇਸ਼ ਵਿਆਪੀ ਹੜਤਾਲ ਵਿੱਚ ਪੰਜਾਬ ਦੇ ਸਮੁੱਚੇ ਸਰਕਾਰੀ, ਅਰਧ ਸਰਕਾਰੀ, ਕੱਚੇ , ਮਾਣ ਭੱਤਾ /ਇਨਸੈਂਟਿਵ ਤੇ ਕੇਂਦਰੀ ਸਕੀਮਾਂ 'ਤੇ ਕੰਮ ਕਰਦੇ ਮੁਲਾਜ਼ਮ ਤੇ ਅਧਿਆਪਕ ਕੇਂਦਰ ਤੇ ਸੂਬਾ ਸਰਕਾਰ ਖਿਲਾਫ ਮੁਕੰਮਲ ਰੂਪ ਵਿੱਚ ਅਪਣੇ ਦਫਤਰਾਂ / ਸਕੂਲਾਂ ਵਿੱਚ ਹੜਤਾਲ ਕਰਨ ਉਪਰੰਤ " ਪੰਜਾਬ ਤੇ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ" ਦੇ ਬੈਨਰ ਥੱਲੇ ਆਪਣਾ ਇਕੱਠ ਕਰਕੇ ਤਹਿਸੀਲ ਤੇ ਜ਼ਿਲ੍ਹਾ ਕੇਂਦਰਾਂ ਉਤੇ ਹੋਣ ਵਾਲੇ ਜਨਤਕ ਇਕੱਠਾਂ / ਚੱਕਾ ਜਾਮ ਵਿੱਚ ਸ਼ਾਮਲ ਹੋਣਗੇ । ਇਸ ਹੜਤਾਲ ਦੀ ਤਿਆਰੀ ਲਈ ਹਰ ਸਕੂਲ / ਦਫਤਰ ਦੇ ਮੁਲਾਜ਼ਮ ਤੇ ਪੈਨਸ਼ਨਰਾਂ ਤੱਕ ਪਹੁੰਚ ਕੀਤੀ ਜਾਵੇਗੀ ਤੇ ਕੇਂਦਰ ਤੇ ਸੂਬਾ ਸਰਕਾਰ ਦੀਆਂ ਨੀਤੀਆਂ ਖਿਲਾਫ ਅਤੇ ਮੁਲਾਜ਼ਮ / ਪੈਨਸ਼ਨਰਾਂ ਦੀਆਂ ਮੰਗਾਂ ਦੇ ਸਬੰਧ ਵਿੱਚ ਹੈਂਡ ਬਿੱਲ ਵੰਡਿਆ ਜਾਵੇਗਾ। ਆਗੂਆਂ ਆਖਿਆ ਕਿ ਹੜਤਾਲ ਦਾ ਨੋਟਿਸ 30 ਜਨਵਰੀ ਨੂੰ ਚੀਫ ਸੈਕਟਰੀ ਪੰਜਾਬ ਨੂੰ ਭੇਜਿਆ ਜਾਵੇਗਾ ਅਤੇ 1- 2 ਫਰਵਰੀ ਨੂੰ ਸਮੁੱਚੇ ਜ਼ਿਲ੍ਹਿਆਂ ਅੰਦਰ ਮੁਲਾਜ਼ਮ ਤੇ ਪੈਨਸ਼ਨਰਜ਼ ਦੇ ਵੱਡੇ ਡੈਪੂਟੇਸ਼ਨਾਂ ਰਾਹੀਂ ਡਿਪਟੀ ਕਮਿਸ਼ਨਰਾਂ ਰਾਹੀਂ ਹੜਤਾਲ ਦੇ ਨੋਟਿਸ ਭੇਜੇ ਜਾਣਗੇ । ਇਹ ਹੜਤਾਲ ਜਿਥੇ ਮਜ਼ਦੂਰ ਮੁੱਦਿਆਂ ਨੂੰ ਲੈ ਕੇ ਕੀਤੀ ਜਾ ਰਹੀ ਹੈ ਉਥੇ ਮੁਲਾਜ਼ਮ ਫੈਡਰੇਸ਼ਨਾਂ ਵਲੋਂ ਇਸ ਗੱਲ ਦੀ ਮੰਗ ਕੀਤੀ ਜਾ ਰਹੀ ਹੈ ਕਿ ਸਮੁੱਚੇ ਦੇਸ਼ ਅੰਦਰ ਪੁਰਾਣੀ ਪੈਨਸ਼ਨ ਬਹਾਲ ਕਰਨ ਹਿਤ ਪੈਨਸ਼ਨ ਫੰਡ ਰੈਗੂਲੇਟਰੀ ਡਿਵੈਲਪਮੈਂਟ ਅਥਾਰਟੀ ਕਾਨੂੰਨ ਖਤਮ ਕੀਤਾ ਜਾਵੇ ਅਤੇ ਇਸ ਅਥਾਰਟੀ ਕੋਲ ਸੂਬਾਈ ਮੁਲਾਜ਼ਮਾਂ ਤੇ ਸਰਕਾਰਾਂ ਦਾ ਪੈਸਾ ਵਾਪਸ ਕੀਤਾ ਜਾਵੇ , ਈ.ਪੀ.ਐਸ. 1995 ਅਧੀਨ ਮੁਲਾਜ਼ਮਾਂ 'ਤੇ ਵੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਹਰ ਤਰਾਂ ਦੇ ਕੱਚੇ, ਆਊਟਸੋਰਸ , ਦਿਹਾੜੀਦਾਰ ਸਮੇਤ ਸਿਹਤ ਤੇ ਸਿੱਖਿਆ ਦੇ ਮੁਲਾਜ਼ਮ ਪੱਕੇ ਕੀਤੇ ਜਾਣ ਅਤੇ ਕੇਂਦਰ / ਰਾਜ ਸਰਕਾਰੀ ਅਤੇ ਜਨਤਕ ਖੇਤਰ ਦੇ ਅਦਾਰਿਆਂ ਅੰਦਰ ਪਈਆਂ ਖਾਲੀ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰੀਆਂ ਜਾਣ, ਮਾਣ ਭੱਤਾ / ਇਨਸੈਂਟਿਵ ਮੁਲਾਜ਼ਮਾਂ ਨੂੰ ਵੀ ਰੈਗੂਲਰ ਕੀਤਾ ਜਾਵੇ ਅਤੇ ਘੱਟੋ ਘੱਟ ਉਜਰਤਾਂ ਦਾ ਕਾਨੂੰਨ ਲਾਗੂ ਕੀਤਾ ਜਾਵੇ, ਜਨਤਕ ਖੇਤਰ ਦੇ ਅਦਾਰਿਆਂ ਦਾ ਨਿਜੀਕਰਨ/ ਨਿਗਮੀਕਨ ਕਰਨਾ ਬੰਦ ਕੀਤਾ ਜਾਵੇ ਅਤੇ ਸਰਕਾਰੀ ਅਦਾਰਿਆਂ ਦੀ ਅਕਾਰ ਘਟਾਈ ਬੰਦ ਕੀਤੀ ਜਾਵੇ , ਕੰਮ ਦਿਹਾੜੀ 8 ਘੰਟੇ ਬਹਾਲ ਰੱਖੀ ਜਾਵੇ ਅਤੇ ਸਮੁੱਚੇ ਟ੍ਰੇਡ ਯੂਨੀਅਨ ਅਧਿਕਾਰ ਸੁਰੱਖਿਅਤ ਕੀਤੇ ਜਾਣ, ਨਵੀਂ ਸਿੱਖਿਆ ਨੀਤੀ 2022 ਵਾਪਸ ਲਈ ਜਾਵੇ, ਹਰ ਪੰਜ ਸਾਲ ਬਾਅਦ ਪੇ- ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ ਅਤੇ ਕੇਂਦਰ ਦਾ 8 ਵਾਂ ਤਨਖਾਹ ਕਮਿਸ਼ਨ ਬਿਠਾਇਆ ਜਾਵੇ, ਕਰੋਨਾ ਸਮੇਂ ਦੌਰਾਨ ਦਾ ਰੋਕਿਆ 18 ਮਹੀਨੇ ਦਾ ਮਹਿੰਗਾਈ ਭੱਤਾ ਜਾਰੀ ਕੀਤਾ ਜਾਵੇ, ਤਰਸਯੋਗ ਅਧਾਰ 'ਤੇ ਨੌਕਰੀਆਂ 'ਤੇ ਲਗਾਈਆਂ ਬੇਲੋੜੀਆਂ ਪਾਬੰਦੀਆਂ/ਸ਼ਰਤਾਂ ਤੁਰੰਤ ਹਟਾਈਆਂ ਜਾਣ । ਆਗੂਆਂ ਆਖਿਆ ਕਿ ਇਸ ਤੋਂ ਇਲਾਵਾ ਇਸ ਹੜਤਾਲ ਦੌਰਾਨ ਪੰਜਾਬ ਸਰਕਾਰ ਨਾਲ ਸਬੰਧਤ ਮੰਗਾਂ ਜਿਵੇਂ ਪੈਨਸ਼ਨਰ ਤੇ 2.59 ਗੁਣਾਂਕ ਲਾਗੂ ਕਰਨ, ਤਨਖਾਹ ਕਮਿਸ਼ਨ ਦੇ ਬਕਾਏ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ, ਤਨਖਾਹ ਕਮਿਸ਼ਨ ਦਾ ਰਹਿੰਦਾ ਹਿੱਸਾ ਲਾਗੂ ਕਰਵਾਉਣ, ਤਨਖਾਹ ਕਮਿਸਨ ਦੀਆਂ ਤਰੁਟੀਆਂ ਦੂਰ ਕਰਨ , ਬੰਦ ਕੀਤੇ ਭੱਤੇ ਬਹਾਲ ਕਰਨ , ਪੁਰਾਣੀ ਪੈਨਸ਼ਨ ਬਹਾਲ ਕਰਨ , ਮਾਣ ਭੱਤਾ / ਇਨਸੈਂਟਿਵ ਦੁੱਗਣਾ ਕਰਨ, ਪ੍ਰੋਵੇਸ਼ਨਲ ਪੀਰੀਅਡ ਇੱਕ ਸਾਲ ਕਰਨ ਅਤੇ ਇਸ ਸਮੇਂ ਦੌਰਾਨ ਪੂਰੀ ਤਨਖਾਹ ਭੱਤਿਆਂ ਸਮੇਤ ਦੇਣ, ਕੇਂਦਰੀ ਤਨਖਾਹ ਸਕੇਲ ਰੱਦ ਕਰਕੇ ਪੰਜਾਬ ਦੇ ਸਕੇਲ ਲਾਗੂ ਕਰਨ ਆਦਿ ਮੰਗਾ ਨੂੰ ਵੀ ਉਜਾਗਰ ਕੀਤਾ ਜਾਵੇਗਾ । ਆਗੂਆਂ ਇਹ ਵੀ ਆਖਿਆ ਕਿ ਸਾਂਝਾ ਫਰੰਟ ਦੇ ਪਹਿਲਾਂ ਚੱਲ ਰਹੇ ਸੰਘਰਸ ਤਹਿਤ ਪੰਜਾਬ ਸਰਕਾਰ ਦੇ 92 ਵਿਧਾਇਕਾ ਦੇ ਘਰਾਂ ਅਗੇ ਲਗਾਏ ਜਾ ਰਹੇ ਧਰਨੇ ਲਗਾਤਾਰ 29 ਫਰਵਰੀ ਤੱਕ ਜਾਰੀ ਰਹਿਣਗੇ । ਇਸ ਮੌਕੇ ਸਾਂਝਾ ਫਰੰਟ ਨੇ ਪੁਰਾਣੀ ਪੈਨਸ਼ਨ ਬਹਾਲੀ ਮੋਰਚਾ ਵਲੋਂ 25 ਫਰਵਰੀ ਨੂੰ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਦਾ ਪੂਰਨ ਸਮਰਥਨ ਕੀਤਾ ਅਤੇ ਉਸ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ । ਇਸ ਮੌਕੇ ਚਰਨ ਸਿੰਘ ਸਰਾਭਾ, ਸੁਖਜੰਟ ਸਿੰਘ, ਤੀਰਥ ਸਿੰਘ ਬਾਸੀ, ਦਲੀਪ ਸਿੰਘ, ਹਰਜੰਟ ਸਿੰਘ ਬੋਡੇ, ਸੁਖਵਿੰਦਰ ਸਿੰਘ ਚਾਹਲ , ਸ਼ਿਵ ਕੁਮਾਰ ਤਿਵਾੜੀ, ਰਜਿੰਦਰ ਕੁਮਾਰ ਬੋਲ੍ਹਆਣਾ, ਸਰਬਜੀਤ ਸਿੰਘ ਦੋਹਦਰ, ਨਿਰਭੈ ਸਿੰਘ , ਬਿੱਕਰ ਸਿੰਘ, ਪ੍ਰਵੀਨ ਕੁਮਾਰੀ, ਗੁਲਜ਼ਾਰ ਖਾਂ , ਸੁਖਵਿੰਦਰ ਸਿੰਘ ਲੀਲ , ਬਲਵੀਰ ਸਿੰਘ, ਚਮਕੌਰ ਸਿੰਘ, ਰਮਨਜੀਤ ਸਿੰਘ ਸੰਧੂ ,ਰਾਜਦੀਪ ਸਿੰਘ ਆਦਿ ਆਗੂ ਹਾਜ਼ਰ ਸਨ ।

## ਭਾਜਪਾ ਨੇ ਮੇਅਰ ਚੋਣ ਨਾ ਕਰਵਾ ਕੇ ਲੋਕਤੰਤਰ ਦੀ ਹੱਤਿਆ ਕੀਤੀ : ਬਰਸਟ

**ਐਸ. ਏ. ਐਸ. ਨਗਰ ( ਮੋਹਾਲੀ / ਚੰਡੀਗੜ੍ਹ) (ਗੁਰਜੀਤ ਬਿੱਲਾ)** - ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਚੰਡੀਗੜ੍ਹ ਨਗਰ ਨਿਗਮ ਦੇ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਨਾ ਕਰਵਾ ਕੇ ਭਾਜਪਾ ਨੇ ਲੋਕਤੰਤਰ ਦੀ ਹੱਤਿਆ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ 18 ਜਨਵਰੀ ਨੂੰ ਹੋਣ ਵਾਲੀ ਚੋਣ ਨੂੰ ਹਾਰ ਦੇ ਡਰ ਤੋਂ ਜਾਣਬੁਝ ਕੇ ਟਾਲਿਆ ਹੈ। ਜੇਕਰ ਉਸ ਦਿਨ ਚੋਣ ਕਰਵਾਉਣ ਵਾਲੇ ਅਧਿਕਾਰੀ ਦੀ ਤਬੀਅਤ ਖਰਾਬ ਹੋ ਗਈ ਸੀ ਤਾਂ ਤੁਰੰਤ ਕਿਸੇ ਹੋਰ ਅਧਿਕਾਰੀ ਦੀ ਅਗਵਾਈ ਹੇਠ ਚੋਣ ਕਰਵਾਈ ਜਾ ਸਕਦੀ ਸੀ। ਬਰਸਟ ਨੇ ਕਿਹਾ ਕਿ ਚੰਡੀਗੜ੍ਹ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਸਾਂਝੇ ਤੌਰ 'ਤੇ ਚੋਣ ਲੜ ਰਹੇ ਹਨ। ਅਜਿਹੇ ਹਾਲਾਤ ਵਿੱਚ ਭਾਜਪਾ ਦਾ ਸੱਤਾ ਵਿੱਚੋਂ ਬਾਹਰ ਹੋਣਾ ਤੈਅ ਹੈ। ਇਸੇ ਕਰਕੇ ਭਾਜਪਾ ਵੱਲੋਂ ਜਾਣਬੁੱਝ ਕੇ ਕੋਈ ਨਾ ਕੋਈ ਬਹਾਨਾ ਬਣਾ ਕੇ ਚੋਣਾਂ ਨੂੰ ਟਾਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਭਾਜਪਾ ਨੇ ਕਾਂਗਰਸ ਦੇ ਮੇਅਰ ਦੇ ਉਮੀਦਵਾਰ ਜਸਬੀਰ ਸਿੰਘ ਬੰਟੀ ਦੇ ਨਾਮਜ਼ਦਗੀ ਪੱਤਰ ਵਾਪਸ ਨਹੀਂ ਲੈਣ ਦਿੱਤੇ ਅਤੇ ਉਸ ਤੋਂ ਬਾਅਦ ਚੋਣਾਂ ਨੂੰ ਹੀ ਟਾਲ ਦਿੱਤਾ ਗਿਆ ਹੈ। ਬਰਸਟ ਨੇ ਕਿਹਾ ਕਿ ਚੰਡੀਗੜ੍ਹ ਮੇਅਰ ਚੋਣ ਲਈ 30 ਜਨਵਰੀ ਨੂੰ ਹੋਣ ਵਾਲੀ ਵੋਟਿੰਗ ਦੌਰਾਨ ਇੰਡੀਆ ਅਲਾਇੰਸ ਦੇ ਉਮੀਦਵਾਰ ਜਿੱਤ ਹਾਸਲ ਕਰਨਗੇ।

## ਮਾਸਟਰ ਰਵਿੰਦਰ ਕੁਮਾਰ ਗਣਤੰਤਰ ਦਿਵਸ ਸਮਾਰੋਹ ਵਿਖੇ ਸਨਮਾਨਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਗਣਤੰਤਰ ਦਿਵਸ ਦੇ ਮੌਕੇ ਪੁਲਸ ਲਾਈਨ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਯੋਜਿਤ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੇਲਵੇ ਮੰਡੀ ਦੇ ਐਸ ਐਸ ਮਾਸਟਰ ਰਵਿੰਦਰ ਕੁਮਾਰ ਨੂੰ ਸਮਾਰੋਹ ਦੇ ਮੁੱਖ ਮਹਿਮਾਨ ਕੋਮਲ ਮਿੱਤਲ ਡਿਪਟੀ ਕਮਿਸਨਰ ਹੁਸ਼ਿਆਰਪੁਰ, ਏ ਡੀ ਸੀ (ਜਨਰਲ) ਰਾਹੁਲ ਚਾਬਾ ਅਤੇ ਹਲਕਾ ਸ਼ਾਮ ਚੁਰਾਸੀ ਦੇ ਵਿਧਾਇਕ ਡਾ. ਰਵਜੋਤ ਸਿੰਘ ਵੱਲੋਂ ਸਿੱਖਿਆ ਵਿਭਾਗ ਵਿੱਚ ਨਿਭਾਈਆਂ ਸ਼ਲਾਘਾਯੋਗ ਸੇਵਾਵਾਂ ਲਈ ਸਨਮਾਨਤ ਕੀਤਾ ਗਿਆ। ਇਸ ਮੌਕੇ ਰਵਿੰਦਰ ਕੁਮਾਰ ਨੂੰ ਵਧਾਈ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਲਲਿਤਾ ਅਰੋੜਾ ਨੇ ਦੱਸਿਆ ਕਿ ਸਾਨੂੰ ਬਹੁਤ ਮਾਣ ਹੈ ਕਿ ਅੱਜ ਸਾਡੇ ਸਕੂਲ ਦੇ ਬਹੁਤ ਮਿਹਨਤੀ ਅਤੇ ਕਾਬਿਲ ਅਧਿਆਪਕ ਰਵਿੰਦਰ ਕੁਮਾਰ ਨੂੰ ਸਿੱਖਿਆ ਵਿਭਾਗ ਵਿੱਚ ਉਨ੍ਹਾਂ ਦੁਆਰਾ ਪੜ੍ਹਾਏ ਵਿਦਿਆਰਥੀਆਂ ਦੇ ਹਰ ਸਾਲ 100 ਪ੍ਰਤੀਸ਼ਤ ਨਤੀਜੇ, ਸਕੂਲ ਵਿੱਚ ਬੱਚਿਆਂ ਦੇ ਦਾਖਲੇ ਵਿੱਚ ਵਾਧਾ ਕਰਨ ਵਿੱਚ ਹਰ ਸਾਲ ਯੋਗਦਾਨ, ਸਕੂਲ ਦੇ ਵਿਕਾਸ ਲਈ ਦਾਨੀ ਸੱਜਣਾਂ ਨਾਲ ਤਾਲਮੇਲ ਕਰਕੇ ਸਕੂਲ ਵਿਕਾਸ ਵਿੱਚ ਯੋਗਦਾਨ, ਸਿੱਖਿਆ ਵਿਭਾਗ ਦੁਆਰਾ ਕਰਵਾਈਆਂ ਜਾਣ ਵਾਲੀਆਂ ਸੱਭਿਆਚਾਰਕ ਗਤੀਵਿਧੀਆਂ ਵਿੱਚ ਯੋਗਦਾਨ, ਸਕੂਲ ਵਿੱਚ ਵਿਦਿਆਰਥੀਆਂ ਨੂੰ ਮੁਢਲੀ ਸਹਾਇਤਾ ਅਤੇ ਰੈਡਕਰਾਸ ਗਤੀਵਿਧੀਆਂ ਵਿਚ ਯੋਗਦਾਨ ਅਤੇ ਸਿੱਖਿਆ ਵਿਭਾਗ ਦੀ ਝਾਕੀ ਦੀ ਹਰ ਸਾਲ ਤਿਆਰੀ ਕਰਵਾਉਣ ਲਈ ਗਣਤੰਤਰ ਦਿਵਸ ਦੇ ਮੌਕੇ ਸਨਮਾਨਤ ਕੀਤਾ ਗਿਆ ਹੈ।

## ਵਿਜੇ ਅਰੋੜਾ ਨੂੰ ਟ੍ਰੈਫਿਕ ਸਲਾਹਕਾਰ ਕਮੇਟੀ ਦਾ ਮੈਂਬਰ ਬਣਾਉਣਾ ਉਨ੍ਹਾ ਦੀਆਂ ਸੇਵਾਵਾਂ ਦਾ ਸਨਮਾਨ : ਅਰੋੜਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਪੰਜਾਬ ਪੁਲਸ ਵੱਲੋਂ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ 15 ਮੈਂਬਰੀ ਸਲਾਹਕਾਰ ਕਮੇਟੀ ਦਾ ਗਠਨ ਕੀਤਾ ਗਿਆ। ਹੁਸ਼ਿਆਰਪੁਰ ਦੇ ਸਮਾਜ ਸੇਵੀ ਲਾਇਨ ਵਿਜੇ ਅਰੋੜਾ ਨੂੰ ਡੀ.ਜੀ.ਪੀ. ਟ੍ਰੈਫਿਕ ਵੱਲੋਂ ਸਲਾਹਕਾਰ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਅਰੋੜਾ ਪਿਛਲੇ ਲੰਬੇ ਸਮੇਂ ਤੋਂ ਲੋਕਾਂ ਨੂੰ ਸੜਕ ਸੁਰੱਖਿਆ ਅਤੇ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕ ਕਰਨ ਵਿੱਚ ਟ੍ਰੈਫਿਕ ਪੁਲਸ ਦਾ ਪੂਰਾ ਸਹਿਯੋਗ ਕਰ ਰਹੇ ਹਨ ਅਤੇ ਇਹ ਉਨ੍ਹਾਂ ਦੀ ਖਾਸ ਪਛਾਣ ਬਣ ਗਈ ਹੈ। ਉਨ੍ਹਾਂ ਨੂੰ ਸਲਾਹਕਾਰ ਕਮੇਟੀ ਦਾ ਮੈਂਬਰ ਬਣਾਉਣ ਦੀ ਖੁਸ਼ੀ ਵਿੱਚ ਰੋਟਰੀ ਆਈ ਬੈਂਕ ਅਤੇ ਕੋਰਨੀਆ ਟਰਾਂਸਪਲਾਂਟੇਸ਼ਨ ਸੁਸਾਇਟੀ ਵੱਲੋਂ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਹੇਠ ਇਕ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ ਟ੍ਰੈਫਿਕ ਇੰਚਾਰਜ ਸੁਰਿੰਦਰ ਸਿੰਘ, ਪੀ.ਸੀ.ਆਰ ਇੰਚਾਰਜ ਸੁਭਾਸ਼ ਭਗਤ ਅਤੇ ਰੋਟਰੀ ਆਈ ਬੈਂਕ ਦੇ ਚੇਅਰਮੈਨ ਜੇ.ਬੀ. ਬਹਿਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਸੰਜੀਵ ਅਰੋੜਾ ਨੇ ਕਿਹਾ ਕਿ ਵਿਜੇ ਅਰੋੜਾ ਦਾ ਸੜਕ ਸੁਰੱਖਿਆ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦਾ ਜਨੂੰਨ ਉਨ੍ਹਾਂ ਨੂੰ ਅੱਜ ਇਸ ਮੁਕਾਮ 'ਤੇ ਲੈ ਕੇ ਆਇਆ ਹੈ। ਉਨ੍ਹਾਂ ਕਿਹਾ ਕਿ ਵਿਜੇ ਅਰੋੜਾ 2008 ਤੋਂ ਲਗਾਤਾਰ ਟ੍ਰੈਫਿਕ ਪੁਲਿਸ ਦੇ ਨਾਲ ਮਿਲ ਕੇ ਕੰਮ ਕਰ ਰਹੇ ਹਨ ਅਤੇ ਕੜਾਕੇ ਦੀ ਠੰਢ ਦੇ ਮੌਸਮ ਦੌਰਾਨ ਵਾਹਨਾਂ ਅਤੇ ਹਾਦਸਿਆਂ ਸੰਭਾਵੀ ਖੇਤਰਾਂ ਵਿੱਚ ਰਿਫਲੈਕਟਰ ਲਗਾਉਣ ਵਿੱਚ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਵਿਜੇ ਅਰੋੜਾ ਉਨ੍ਹਾਂ ਦੀ ਸੁਸਾਇਟੀ ਦੇ ਮੀਤ ਪ੍ਰਧਾਨ ਵੀ ਹਨ ਅਤੇ ਉਨ੍ਹਾਂ ਨੂੰ ਖੁਸ਼ੀ ਹੈ ਕਿ ਵਿਭਾਗ ਨੇ ਮੈਂਬਰ ਨਾਮਜ਼ਦ ਕਰਕੇ ਉਨ੍ਹਾਂ ਦੀ ਮਿਹਨਤ ਦਾ ਇਨਾਮ ਦਿੱਤਾ ਹੈ। ਸੁਸਾਇਟੀ ਦੇ ਚੇਅਰਮੈਨ ਜੇ.ਬੀ. ਬਹਿਲ ਨੇ ਕਿਹਾ ਕਿ ਵਿਜੇ ਅਰੋੜਾ ਜਿੱਥੇ ਟ੍ਰੈਫਿਕ ਪੁਲਸ ਨਾਲ ਸਹਿਯੋਗ ਕਰ ਰਹੇ ਹਨ, ਉਥੇ ਹੀ ਉਹ ਰੋਟਰੀ ਆਈ ਬੈਂਕ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਦੇ ਕੰਮਾਂ ਵਿੱਚ ਵੀ ਸਰਗਰਮੀ ਨਾਲ ਯੋਗਦਾਨ ਪਾਉਂਦੇ ਹਨ। ਜੋ ਉਨ੍ਹਾਂ ਦੀ ਮਨੁੱਖੀ ਸੇਵਾ ਦੀ ਲਗਨ ਨੂੰ ਦਰਸਾਉਂਦਾ ਹੈ। ਇਸ ਮੌਕੇ ਸੁਰਿੰਦਰ ਸਿੰਘ ਅਤੇ ਸੁਭਾਸ਼ ਭਗਤ ਨੇ ਕਿਹਾ ਕਿ ਵਿਜੇ ਅਰੋੜਾ ਦੇ ਸ਼ਲਾਘਾਯੋਗ ਸਹਿਯੋਗ ਅਤੇ ਵਡਮੁੱਲੇ ਯੋਗਦਾਨ ਸਦਕਾ ਅੱਜ ਹਜ਼ਾਰਾਂ ਲੋਕ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਹੋਏ ਹਨ ਅਤੇ ਹਾਲ ਹੀ ਵਿੱਚ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਵਿਭਾਗ ਵਿੱਚ ਪਾਏ ਯੋਗਦਾਨ ਦੇ ਮੱਦੇਨਜ਼ਰ ਉਨ੍ਹਾਂ ਦੇ ਨਾਮ ਦੀ ਸਿਫਾਰਸ਼ ਕੀਤੀ ਗਈ ਸੀ। ਜਿਸ ਨੂੰ ਮੰਨਦੇ ਹੋਏ ਉੱਚ ਅਧਿਕਾਰੀਆਂ ਨੇ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ। ਇਸ ਸਨਮਾਨ ਲਈ ਸੁਸਾਇਟੀ ਦਾ ਧੰਨਵਾਦ ਕਰਦਿਆਂ ਵਿਜੇ ਅਰੋੜਾ ਨੇ ਕਿਹਾ ਕਿ ਉਹ ਕਿਸੇ ਅਹੁਦੇ ਦੀ ਚਾਹਤ ਨਹੀਂ ਰੱਖਦੇ, ਸਮਾਜ ਤੇ ਮਨੁੱਖੀ ਸੇਵਾ ਨੂੰ ਸਰਵਉੱਚ ਮੰਨਦੇ ਹਨ ਅਤੇ ਆਪਣਾ ਫਰਜ਼ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਕਮੇਟੀ ਦੇ ਚੇਅਰਮੈਨ ਏ.ਡੀ.ਜੀ.ਪੀ. ਟ੍ਰੈਫਿਕ ਹਨ ਅਤੇ ਪੁਲਸ ਕਮਿਸ਼ਨਰ ਅੰਮ੍ਰਿਤਸਰ ਵਾਈਸ ਚੇਅਰਮੈਨ ਹਨ, ਜਿਨ੍ਹਾਂ ਦੀ ਅਗਵਾਈ ਹੇਠ ਇਹ ਕਮੇਟੀ ਟ੍ਰੈਫਿਕ ਨਿਯਮਾਂ ਨੂੰ ਹੋਰ ਵੀ ਗੰਭੀਰਤਾ ਨਾਲ ਲਾਗੂ ਕਰਨ ਵਿੱਚ ਸਫਲ ਹੋਵੇਗੀ। ਇਸ ਮੌਕੇ ਪ੍ਰਿੰ. ਡੀ.ਕੇ. ਸ਼ਰਮਾ, ਮਦਨ ਲਾਲ ਮਹਾਜਨ, ਕੁਲਦੀਪ ਰਾਏ ਗੁਪਤਾ, ਕੁਲਵਿੰਦਰ ਸਿੰਘ ਸਚਦੇਵਾ, ਜਸਵੀਰ ਕੰਵਰ, ਰਜਿੰਦਰ ਮੌਦਗਿਲ ਅਤੇ ਹੋਰ ਪਤਵੰਤੇ ਮੌਜੂਦ ਸਨ।

## ਨਸ਼ਾ ਨਹੀ ਨਰਕ.... 

ਸ.ਫ਼ਾ 4 ਦੀ ਬਾਕੀ

ਇਹ ਠੀਕ ਹੈ ਕਿ ਕੋਈ ਕੱਲਾ-ਕਹਿਰਾ ਵਿਅਕਤੀ ਸਿਰੋਂ ਉੱਚੀ ਉੱਠੀ, ਬੇਲਿਹਾਜ ਕਾਂਗ ਨੂੰ ਠੱਲ੍ਹ ਨਹੀਂ ਪਾ ਸਕਦਾ, ਪਰ ਜੇ ਸਿਰਜੋੜ ਕੇ ਸੋਚੀਏ, ਜੋਟੀ ਬੰਨ੍ਹ ਕੇ ਤੁਰੀਏ, ਹਿੰਮਤ ਨਾਲ ਟਾਕਰਾ ਕਰੀਏ ਤਾਂ ਮਨੁੱਖ ਨੇ ਤੂਫ਼ਾਨਾਂ ਦੇ ਮੂੰਹ ਮੋੜਨ ਦਾ ਇਤਿਹਾਸ ਵੀ ਤਾਂ ਸਿਰਜਿਆ ਹੈ। ਸਭ ਤੋਂ ਪਹਿਲਾਂ ਖੁਦ ਇਸ ਪੂਰੇ ਚੱਕਰਵਿਊ ਨੂੰ ਸਮਝੀਏ, ਚੇਤਨ ਹੋਈਏ। ਫਿਰ ਇਸ ਨੂੰ ਤੋੜ ਕੇ ਸਾਬਤ-ਸਬੂਤੇ ਬਾਹਰ ਆਉਣ 'ਤੇ ਜੁਆਨੀ ਦੀ ਮੁਕਤੀ ਦਾ ਮੰਤਰ ਜਾਣੀਏ। ਡਰੱਗਜ਼ ਦੀ ਇਸ ਹਨੇਰੀ ਨੇ ਲੱਗਭੱਗ 10 ਸਾਲਾਂ ਤੋਂ ਪੰਜਾਬ ਦਾ ਬਹੁਤ ਜ਼ਿਆਦਾ ਨੁਕਸਾਨ ਕਰ ਦਿੱਤਾ। ਨੌਜੁਆਨਾਂ ਦੇ ਆਚਰਣ ਵਿਚ ਵੱਡਾ ਵਿਗਾੜ ਪੈਦਾ ਕਰ ਦਿੱਤਾ, ਪੰਜਾਬੀ ਨੌਜੁਆਨ ਜਿਸ ਦੀਆਂ ਬਹਾਦਰੀ ਦੀਆਂ ਕਦੀ ਲੋਕ ਮਿਸਾਲਾਂ ਦਿੰਦੇ ਸਨ, ਅੱਜ ਅਮਲੀ ਬਣ ਕੇ ਰਹਿ ਗਿਆ। ਬਲਾਤਕਾਰ, ਚੋਰੀਆਂ, ਕਤਲੋਗਾਰਤ, ਲੁੱਟਖੋਹ, ਸੜਕੀ ਹਾਦਸੇ, ਕਾਟੋ ਕਲੇਸ਼, ਮਾਰਧਾੜ, ਪਰਵਾਰਾਂ ਦਾ ਟੁੱਟਣਾ, ਬਜ਼ੁਰਗ ਦੇ ਸਤਿਕਾਰ ਦੀ ਘਾਟ, ਬਿਮਾਰੀਆਂ ਵਿਚ ਅੰਨ੍ਹੇਵਾਹ ਵਾਧਾ, ਕੈਂਸਰ, ਟੀ.ਬੀ., ਛੋਟੀਆਂ-ਵੱਡੀਆਂ ਬੱਚਿਆਂ ਨਾਲ ਕੁਕਰਮਾਂ ਵਿਚ ਅੰਨ੍ਹੇਵਾਹ ਵਾਧੇ ਦੀ ਸ਼ਿਕਾਰ ਧਰਤ ਮਾਤਾ ਪੰਜਾਬ ਦੇ ਰਖਵਾਲਿਆਂ ਦੀ ਜਾਨ ਦਾ ਸਿਆਪਾ ਕਰ ਰਹੀ ਹੈ।ਜਿਹੜੇ ਇਸ ਮਸਲੇ ਦਾ ਕੋਈ ਹੱਲ ਕਰਨ ਦੀ ਬਜਾਏ ਇਸ ਵਹਿੰਦੀ ਹੋਈ ਗੰਗਾ ਵਿਚ ਹੱਥ ਧੋਣ ਦੇ ਆਹਰ ਵਿਚ ਲੱਗੇ ਹੋਏ ਹਨ । ਕੋਈ ਮਹੀਨੇ ਇਕੱਠੇ ਕਰਦਾ ਫਿਰਦਾ ਹੈ, ਕੋਈ ਮਹੀਨੇ ਨਾ ਦੇਣ ਵਾਲੇ ਤੋਂ ਨਿੱਕੀ-ਮੋਟੀਛਾਪੇ ਮਾਰੀ ਕਰਕੇ ਵਸੂਲੀ ਕਰ ਰਿਹਾ ਹੈ। ਕੋਈ ਮਹੀਨਾ ਨਾ ਦੇਣ ਅਤੇ ਨਸ਼ੇ ਨਾ ਵੇਚਣ ਵਾਲੇ ਨੂੰ ਨਸ਼ੇ ਵੇਚਣ ਲਈ ਕਹਿ ਰਿਹਾ ਹੈ। ਕਦੋਂ ਸੁਧਰੇਗਾ ਇਹ ਸਭ ? ਕੌਣ ਸੁਧਾਰੇਗਾ ਇਸ ਨੂੰ ? ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਏ ਤਾਂ ਰਾਖੀ ਦੀ ਉਮੀਦ ਕਿਸ ਤੋਂ ਕੀਤੀ ਜਾ ਸਕਦੀ ਹੈ ? ਥੋੜੀ ਜਿਹੀ ਅੰਤਰਰਾਸ਼ਟਰੀ ਸਥਿਤੀ ਤੇ ਝਾਤ ਮਾਰ ਲਈ ਜਾਵੇ। ਅੰਨ੍ਹੀ ਪੀਹ ਰਹੀ ਹੈ ਕੁੱਤੇ ਚੱਟ ਰਹੇ ਹਨ। ਨਸ਼ਿਆਂ ਦੇ ਟਰੱਕਾਂ ਦੇ ਟਰੱਕ ਬਣਦੇ, ਲਹਿੰਦੇ ਤੇ ਵਿਕਦੇ ਹਨ, ਭਾਵੇਂ ਉਹ ਅਫੀਮ ਭੁੱਕੀ ਹੋਵੇ ਜਾਂ ਨਸ਼ੀਲੀਆਂ ਦਵਾਈਆਂ । ਤਕਰੀਬਨ 50 ਕੁ ਸਾਲ ਪਹਿਲਾਂ ਚੀਨੀਆਂ ਨੂੰ ਅਮਲੀਆਂ ਦਾ ਦੇਸ਼ ਕਿਹਾ ਜਾਂਦਾ ਸੀ, ਪਰ ਅੱਜ ਚੀਨ ਸੁਧਰ ਕੇ ਦੁਨੀਆ ਵਿਚ ਆਪਣੀ ਪਹਿਚਾਣ ਬਣਾਈ ਬੈਠਾ ਹੈ । ਸਿੰਘਾਪੁਰ ਵਿਚ ਕਾਨੂੰਨ ਐਨਾ ਸਖ਼ਤ ਹੈ ਕਿ ਸਰਵਜਨਕ ਜਗ੍ਹਾ 'ਤੇ ਸਿਗਰਟ ਪੀਣ ਵਾਲੇ ਨੂੰ ਭਾਰਤੀ ਕਰੰਸੀ ਅਨੁਸਾਰ ਤਕਰੀਬਨ 25,000 ਰੁਪਏ ਜੁਰਮਾਨਾ ਭਰਨਾ ਪੈਂਦਾ ਹੈ । ਖ਼ਤਰਨਾਕ ਨਸ਼ੀਲੇ ਪਦਾਰਥਾਂ ਜਿਵੇਂ ਸਮੈਕ, ਹੈਰੋਇਨ, ਪੋਸਤ, ਗਾਂਜਾ, ਹਸ਼ੀਸ, ਕੋਕੇਨ ਆਦਿ ਦੇ ਵਪਾਰੀਆਂ ਨੂੰ ਮੌਤ ਤੱਕ ਦੀ ਸਜ਼ਾ ਦਿੱਤੀ ਜਾਂਦੀ ਹੈ। ਜੇਕਰ ਵੀਅਤਨਾਮ ਦੇ ਕਾਨੂੰਨ ਵੱਲ ਨਜ਼ਰ ਮਾਰੀਏ ਤਾਂ ਉਥੇ ਕਾਨੂੰਨ ਨਸ਼ਿਆਂ ਬਾਰੇ ਐਨਾ ਸਖ਼ਤ ਹੈ ਕਿ ਜੇਕਰ ਕਿਸੇ ਪਾਸੋਂ 99 ਗ੍ਰਾਮ ਨਸ਼ੀਲੀ ਚੀਜ਼ ਮਿਲ ਜਾਵੇ ਤਾਂ ਉਮਰ ਕੈਦ ਹੋ ਸਕਦੀ ਹੈ ਅਤੇ ਜੇਕਰ 100 ਗ੍ਰਾਮ ਵਜ਼ਨ ਹੋਵੇ ਤਾਂ ਰੱਖਣ ਵਾਲੇ ਨੂੰ ਗੋਲੀ ਮਾਰ ਦਿੱਤੀ ਜਾਂਦੀ ਜਾਂ ਨਾਲ ਸ਼ਰਾਬ ਤੇ ਹੋਰ ਨਸ਼ੇ ਲੈਣ ਕਾਰਨ ਵੀ ਜਾਨ ਤੋਂ ਹੱਥ ਧੋ ਬੈਠਦੇ ਹਨ । ਮਜ਼ਦੂਰ-ਮਾਵਾਂ ਕੰਮ ਦੌਰਾਨ ਬੱਚੇ ਨੂੰ ਸੁੱਤਾ ਰੱਖਣ ਲਈ ਅਕਸਰ ਥੋੜ੍ਹੀ ਜਿਹੀ ਅਫੀਮ ਦੇ ਦਿੰਦੀਆਂ ਹਨ । ਅਜਿਹੇ ਬੱਚੇ ਵੀ ਕਈ ਵਾਰ ਘਾਤਕ ਹਾਦਸੇ ਦੇ ਸ਼ਿਕਾਰ ਹੋ ਜਾਂਦੇ ਹਨ ।

**ਅਫੀਮ ਅਤੇ ਅਜਿਹੇ ਹਰ ਨਸ਼ਿਆਂ ਬਾਰੇ ਕਾਨੂੰਨ** : - ਅਫੀਮ ਦੀ ਨਜਾਇਜ਼ ਖੇਤੀ ਤੇ ਧੰਦਾ ਰੋਕਣ ਲਈ 1857-58 ਵਿੱਚ ਓਪੀਅਮ ਐਕਟ (Opium Act) ਪਾਸ ਹੋਇਆ । ਫਿਰ ਸੰਨ 1930 ਵਿੱਚ ਡੇਂਜਰਸ ਡਰੱਗਜ਼ ਐਕਟ (Dangerous Drugs Act) ਪਾਸ ਕੀਤਾ ਗਿਆ । ਸਮੇਂ ਨਾਲ ਇਹ ਦੋਵੇਂ ਐਕਟ ਠੁੱਸ ਵਿਧਾਨ ਬਣ ਕੇ ਰਹਿ ਗਏ । ਬਹੁਤ ਘੱਟ ਦੋਸ਼ੀਆਂ ਨੂੰ ਸਜ਼ਾਵਾਂ ਸੁਣਾਈਆਂ ਗਈਆਂ, ਉਹ ਵੀ ਮਾਮੂਲੀ । ਇਨ੍ਹਾਂ ਤਹਿਤ ਵੱਧ ਤੋਂ ਵੱਧ 3 ਸਾਲ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪੱਛਮੀ ਦੇਸ਼ਾਂ ਵਿੱਚ ਨਸ਼ਿਆਂ ਦਾ ਸੇਵਨ ਤੇਜ਼ੀ ਨਾਲ ਵਧਣਾ ਸ਼ੁਰੂ ਹੋਇਆ । 1970 ਤੋਂ ਬਾਅਦ ਤਾਂ ਇਸ ਨੇ ਵਿਸ਼ਵ-ਵਿਆਪੀ ਮਹਾਂਮਾਰੀ ਦਾ ਰੂਪ ਲੈ ਲਿਆ ।ਹਿੱਪੀਆਂ ਵਰਗੇ ਨਸ਼ਾ-ਖੋਰ ਸੰਪ੍ਰਦਾਇ ਉਭਰੇ। ਭਾਰਤ ਵਿੱਚ ਵੀ ਇਹ ਕੋਹੜ ਫੈਲਿਆ ਤੇ ਵਧਦਾ ਹੀ ਜਾ ਰਿਹਾ ਹੈ ।ਭੁੱਕੀ, ਅਫੀਮ, ਚਰਸ, ਗਾਂਜਾ, ਹੈਰੋਇਨ, ਸਮੈਕ ਆਦਿ ਦੀ ਮੰਗ ਵਧਣ ਕਾਰਨ ਇਨ੍ਹਾਂ ਦੀ ਅਵੈਧ (ਨਜਾਇਜ਼) ਪੈਦਾਵਾਰ, ਤਸਕਰੀ ਤੇ ਗੁਪਤ-ਧੰਦਾ ਜ਼ੋਰ ਫੜ ਗਿਆ।ਅੰਤਰ-ਰਾਸ਼ਟਰੀ ਤੇ ਦੇਸ਼ ਵਿਚਲਾ ਮਾਫੀਆ (ਜਿਸ ਵਿੱਚ ਖਤਰਨਾਕ ਅਪਰਾਧੀਆਂ ਦੇ ਗਰੋਹ ਸ਼ਾਮਲ ਹਨ ਅਤੇ ਸਰਕਾਰੇ-ਦਰਬਾਰੇ ਰਸੂਖ ਰੱਖਣ ਵਾਲੇ ਕਈ ਸ਼ਕਤੀਸ਼ਾਲੀ ਲੈਂਡਲਾਰਡ ਅਤੇ ਸਿਆਸੀ ਤੇ ਅਖੌਤੀ ਧਾਰਮਿਕ ਨੇਤਾ ਵੀ ਲਿਪਤ ਹਨ) ਸਰਗਰਮ ਹੋ ਗਿਆ।ਹੁਣ ਕਰੜੇ ਅਵਰੋਧਕ ਕਾਨੂੰਨ ਲਾਗੂ ਕਰਨ ਦੀ ਲੋੜ ਹੈ। ਸੰਨ 1985 ਵਿੱਚ ਭਾਰਤ ਸਰਕਾਰ ਵੱਲੋਂ 'ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸਿਜ਼ ਐਕਟ (Narcotic Drugs and Psychotropic Substances Ac 1985) ਪਾਸ ਹੋਇਆ।ਉਪਰੋਕਤ ਨਸ਼ੀਲੇ ਪਦਾਰਥਾਂ ਦੀ ਅਵੈਧ ਉਪਜ, ਤਸਕਰੀ ਤੇ ਗੁਪਤ-ਧੰਦਾ ਸੰਗੀਨ ਜੁਰਮ ਕਰਾਰ ਦਿੱਤੇ ਗਏ। ਪਹਿਲੀ ਵਾਰ ਜੁਰਮ ਸਾਬਤ ਹੋਣ 'ਤੇ ਘੱਟੋ-ਘੱਟ 10 ਸਾਲ ਕੈਦ ਬਾਮੁਸ਼ੱਕਤ ਤੇ ਇੱਕ ਲੱਖ ਰੁਪਏ ਜੁਰਮਾਨਾ ਅਤੇ ਦੂਜੀ ਵਾਰ 15 ਸਾਲ ਕੈਦ ਬਾਮੁਸ਼ੱਕਤ ਤੇ ਡੇਢ ਲੱਖ ਰੁਪਏ ਜੁਰਮਾਨਾ ਹੈ । ਇਨ੍ਹਾਂ ਮੁਕੱਦਮਿਆਂ ਵਾਸਤੇ ਵਿਸ਼ੇਸ਼ ਅਦਾਲਤਾਂ ਹਨ ਅਤੇ ਜੱਜ ਨੂੰ ਉਪਰੋਕਤ ਸਜ਼ਾਵਾਂ ਵਧਾ ਕੇ ਦੁੱਗਣੀਆਂ ਕਰਨ ਦਾ ਅਧਿਕਾਰ ਵੀ ਹੈ । ਨਾਲ ਹੀ ਇਸ ਧੰਦੇ 'ਚੋਂ ਬਣਾਈ ਜਾਇਦਾਦ ਵੀ ਜ਼ਬਤ ਕਰ ਲਈ ਜਾਂਦੀ ਹੈ । ਸੰਨ 1989 ਵਿੱਚ ਇਸ ਐਕਟ ਵਿੱਚ ਤਰਮੀਮ ਕੀਤੀ ਗਈ। ਇਸ ਦੇ ਤਹਿਤ ਦੂਜੀ ਵਾਰ ਅਪਰਾਧੀ ਸਿੱਧ ਹੋਣ 'ਤੇ ਸਜ਼ਾ-ਏ-ਮੌਤ ਵੀ ਦਿੱਤੀ ਜਾ ਸਕਦੀ ਹੈ, ਬਸ਼ਰਤੇ ਕਿ ਫੜੀ ਗਈ ਅਫੀਮ ਦੀ ਮਾਤਰਾ 10 ਕਿਲੋਗ੍ਰਾਮ ਤੋਂ ਵੱਧ ਅਤੇ ਮਾਰਫੀਨ ਜਾਂ ਹੈਰੋਇਨ ਦੀ ਮਾਤਰਾ ਇੱਕ ਕਿਲੋਗ੍ਰਾਮ ਤੋਂ ਵੱਧ ਹੋਏ। ਇਸ ਐਕਟ ਦੀ ਧਾਰਾ 64-ਏ ਤਹਿਤ ਕਿਸੇ ਕੋਲੋਂ ਖੁਦ ਆਪਣੀ ਵਰਤੋਂ ਲਈ ਮਾਮੂਲੀ ਮਿਕਦਾਰ (5 ਗ੍ਰਾਮ ਅਫੀਮ ਜਾਂ 0.25 ਗ੍ਰਾਮ ਹੈਰੋਇਨ) ਫੜੀ ਜਾਣ 'ਤੇ ਵੀ 6 ਮਹੀਨੇ ਤੋਂ ਇੱਕ ਸਾਲ ਦੀ ਕੈਦ ਜਾਂ ਜੁਰਮਾਨੇ ਦੀ ਸਜਾ ਹੋ ਸਕਦੀ ਹੈ । ਪਰੰਤੂ ਪਹਿਲੀ ਵਾਰ ਇਹ ਸਜਾ ਮਾਫ ਵੀ ਹੋ ਸਕਦੀ ਹੈ, ਜੇਕਰ ਮੁਜ਼ਰਮ ਕਿਸੇ ਮਾਨਤਾ-ਪ੍ਰਾਪਤ ਨਸ਼ਾ-ਮੁਕਤੀ ਹਸਪਤਾਲ ਵਿੱਚ ਇਲਾਜ ਰਾਹੀਂ ਨਸ਼ਾ ਛੱਡਣ ਲਈ ਰਜ਼ਾਮੰਦ ਹੋਏ। ਜੇ ਉਹ ਇਲਾਜ ਅਧਵਾਟੇ ਹੀ ਛੱਡ ਦੇਂਦਾ ਹੈ ਤਾਂ ਉਸ ਨੂੰ ਸਜ਼ਾ ਭੁਗਤਣੀ ਪੈਂਦੀ ਹੈ। ਇਤਨੇ ਸਖਤ ਕਾਨੂੰਨ ਹੋਣ 'ਤੇ ਵੀ ਇਨ੍ਹਾਂ ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਉਪਜ, ਤਸਕਰੀ ਤੇ ਗੁਪਤ-ਧੰਦਾ ਜ਼ੋਰਾਂ 'ਤੇ ਹੈ ।ਇਸ ਦੇ ਕਾਰਨ ਕਿਆਸੇ ਜਾ ਸਕਦੇ ਹਨ ।ਇਥੇ ਵਿਸਤਾਰ ਦੀ ਲੋੜ ਨਹੀਂ । ਇਹ ਐਕਟ ਪਾਸ ਹੋਣ ਤੋਂ ਬਾਅਦ ਬਲੈਕੀਏ ਬੜੇ ਸਾਵਧਾਨ ਹੋ ਗਏ ਹਨ।ਆਪਣੇ ਅਮਲੀ ਗਾਹਕ ਨੂੰ ਕੁਝ ਸਕਿੰਟ ਹੀ ਆਪਣੇ ਕੋਲ ਖਲੋਣ ਦੇਂਦੇ ਹਨ । ਕੋਈ ਸੌਦੇਬਾਜ਼ੀ ਨਹੀਂ ਕਰਦੇ ਅਤੇ ਗਾਹਕ ਦੀ ਚੰਗੀ ਛਿੱਲ ਲਾਹੁੰਦੇ ਹਨ । ਉਸ ਤੋਂ ਨੋਟ ਫੜੇ ਤੇ ਅਫੀਮ, ਭੁੱਕੀ ਜਾਂ ਸਮੈਕ (ਜਿਸ ਵਿੱਚ ਚੋਖੀ ਸੁਆਹ ਰੱਲੀ ਹੁੰਦੀ ਹੈ) ਦੀ ਪੁੜੀ ਹੱਥ ਫੜਾ ਤੁਰੰਤ ਖਿਸਕਣ ਦਾ ਇਸ਼ਾਰਾ ਕਰਦੇ ਹਨ।ਗਾਹਕ ਵੀ ਇਸੇ ਵਿੱਚ ਆਪਣੀ ਖੈਰ ਸਮਝਦਾ ਹੈ । ਇਨ੍ਹਾਂ ਗੱਲਾਂ ਤੋਂ ਤੰਗ ਆ ਕਈ ਅਮਲੀ ਅਫੀਮ, ਭੁੱਕੀ ਦੀ ਥਾਂ ਕੈਮੀਕਲ ਨਸ਼ੇ ਕਰਨ ਲੱਗ ਪਏ ਹਨ। ਜੇਕਰ ਸਰਕਾਰਾਂ ਬੰਦ ਕਰਨਾ ਚਾਹੁੰਣ ਤਾਂ ਬਹੁਤ ਜਲਦ ਬੰਦ ਕੀਤੇ ਜਾ ਸਕਦੇ, ਪਰ ਅਫ਼ਸੋਸ ਨਸ਼ਿਆਂ ਦੇ ਸੁਦਾਗਰਾਂ ਜਿਨ੍ਹਾਂ ਨੂੰ ਸਿਆਸੀ ਆਕਾਵਾਂ ਦੀ ਸਰਪ੍ਰਸਤੀ ਹਾਸਲ ਹੁੰਦੀ ਹੈ, ਉਹ ਸੱਤਾਧਾਰੀ ਪਾਰਟੀ ਵਿੱਚ ਰਲੇਵਾਂ ਕਰਕੇ ਯੋਗ ਥਾਂ ਬਣਾਉਣ ਵਿੱਚ ਸਫ਼ਲ ਹੋ ਜਾਂਦੇ ਹਨ । ਇਸੇ ਤਰ੍ਹਾਂ ਪੁਲਸ ਤੰਤਰ ਵਿੱਚ ਵੀ ਕਾਲੀਆਂ ਭੇਡਾਂ ਹਨ ।ਇਸ ਤੇ ਗ਼ੌਰ ਕਰਨ ਦੀ ਲੋੜ ਹੈ । ਇਸ ਲਈ ਲੋਕ ਲਹਿਰ ਤੋਂ ਬਿਨਾਂ ਨਸ਼ੇ ਨੂੰ ਖਤਮ ਕਰਨ ਦੀ ਸੰਭਾਵਨਾ ਘੱਟ ਹੈ।

*ਸੰਪਰਕ : 98153-06402*

## ਗੁਰੂ ਹਰਿ ਰਾਇ ਸਾਹਿਬ ਦੇ 394ਵੇਂ ਪ੍ਰਕਾਸ਼ ਗੁਰਪੁਰਬ ਮੌਕੇ ਨਗਰ ਕੀਰਤਨ ਸਜਾਏ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)** ਇਤਿਹਾਸਕ ਪਿੰਡ ਭੂੰਗਰਨੀ ਵਿਖੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਤੇ ਸਮੂਹ ਨਗਰ ਨਿਵਾਸੀ, ਸ੍ਰੀ ਗੁਰੂ ਹਰਿ ਰਾਇ ਨੌਜਵਾਨ ਸਭਾ ਭੂੰਗਰਨੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ 394ਵੇਂ ਪ੍ਰਕਾਸ਼ ਗੁਰਪੁਰਬ ਮੌਕੇ ਨਗਰ ਕੀਰਤਨ ਸਜਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਦੱਸਿਆ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਏ ਗਏ। ਨਗਰ ਕੀਰਤਨ ਦੌਰਾਨ ਭਾਈ ਪਰਸੋਤਮ ਸਿੰਘ ਭੂੰਗਰਨੀ, ਭਾਈ ਸੁਖਚੈਨ ਸਿੰਘ ਹੈੱਡ ਗ੍ਰੰਥੀ ਭੂੰਗਰਨੀ, ਅਕਾਲ ਐਕਡਮੀ ਮਾਈਉਪੱਟੀ, ਭਾਈ ਪਰਮਜੀਤ ਸਿੰਘ ਬੰਗਾ ਢਾਡੀ ਜੱਥਾ ਆਦਿ ਨੇ ਗੁਰਬਾਣੀ ਗੁਰਇਤਿਹਾਸ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਨਗਰ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਵੱਖ ਵੱਖ ਮੁਹੱਲਿਆਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਸਮਾਪਤੀ ਹੋਈ।

ਨਗਰ ਕੀਰਤਨ ਦੌਰਾਨ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ, ਬਲਵੀਰ ਸਿੰਘ ਤੰਬੜ, ਰਾਜਵੀਰ ਸਿੰਘ, ਗੁਰਪ੍ਰੀਤ ਸਿੰਘ, ਹਰਿੰਦਰ ਸਿੰਘ, ਬਲਵਿੰਦਰ ਸਿੰਘ, ਜਗਤਾਰ ਸਿੰਘ ਭੂੰਗਰਨੀ ਸਾਬਕਾ ਪੰਚ, ਰਾਮ ਸਿੰਘ, ਸਤਵੰਤ ਸਿੰਘ ਸਾਬਕਾ ਪੰਚ, ਬੀਬੀ ਕੁਲਦੀਪ ਕੌਰ ਮਸੂਤਾ, ਬੀਬੀ ਜਸਵਿੰਦਰ ਕੌਰ, ਬੀਬੀ ਸੰਤੋਸ਼ ਕੁਮਾਰੀ ਸਾਬਕਾ ਚੇਅਰਮੈਨ ਬਲਾਕ ਸੰਮਤੀ, ਮਿੰਨੀ ਲੋਈ ਬੀਬੀ ਸਰਬਜੀਤ ਕੌਰ, ਬੀਬੀ ਜਸਵੀਰ ਕੌਰ, ਤਜਿੰਦਰ ਸਿੰਘ, ਕੁਲਵੰਤ ਸਿੰਘ, ਦਲਜੀਤ ਸਿੰਘ ਦੀਵਾਨਾ, ਡਾਕਟਰ ਜਸਮੀਤ ਕੌਰ ਨਿਊਜੀਲੈਂਡ, ਬਰਜਿੰਦਰ ਸਿੰਘ ਅਮਰੀਕਾ, ਜੋਗਿੰਦਰ ਸਿੰਘ ਦੀਵਾਨਾ ਨਿਊਜੀਲੈਂਡ, ਗੁਰਬਚਨ ਸਿੰਘ ਕਾਕਾ, ਹਰਜਿੰਦਰ ਸਿੰਘ ਕਾਕਾ, ਅਵਤਾਰ ਸਿੰਘ ਤਾਰੀ, ਕੁਲਵੰਤ ਸਿੰਘ, ਦਵਿੰਦਰ ਸਿੰਘ ਅਮਰੀਕਾ ਅਮਰਜੀਤ ਸਿੰਘ ਇਟਲੀ, , ਡਾਕਟਰ ਗੁਰਦੇਵ ਸਿੰਘ ਤਨੂੰਲੀ, ਭੁਪਿੰਦਰ ਸਿੰਘ ਇੰਦਰਜੀਤ ਸਿੰਘ, ਅਮਰੀਕ ਸਿੰਘ, ਗੁਰਜੀਤ ਸਿੰਘ, ਮਨਦੀਪ ਸਿੰਘ, ਰਾਮ ਸਿੰਘ, ਜਗਤਾਰ ਸਿੰਘ ਤਾਰੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਸ਼ਾਹੀ ਸ਼ਾਪਿੰਗ ਸੈਂਟਰ ਵਿਖੇ ਬੀਅਰਡ-ਮੈਨ ਅਕੈਡਮੀ ਤੇ ਸੈਲੂਨ ਦਾ ਕੀਤਾ ਮਹੂਰਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇਥੇ ਸਵੈ-ਰੁਜ਼ਗਾਰ ਨੂੰ ਪ੍ਰੋਤਸਾਹਿਤ ਕਰਨ ਹਿੱਤ ਸ਼ਾਹੀ ਸ਼ਾਪਿੰਗ ਸੈਂਟਰ ਵਿਖੇ "ਬੀਅਰਡ-ਮੈਨ ਅਕੈਡਮੀ ਅਤੇ ਸੈਲੂਨ" ਦਾ ਮਹੂਰਤ ਕੀਤਾ ਗਿਆ। ਇਸ ਮੌਕੇ ਅਲਾਇੰਸ ਕਲੱਬ ਦੇ ਡਿਸਟ੍ਰਿਕਟ ਗਵਰਨਰ ਐਲੀ ਡਾ. ਐਮ. ਜਮੀਲ ਬਾਲੀ, ਡਾ. ਦਲਜੀਤ ਸਿੰਘ ਖੇਲਾ, ਐਲੀ. ਅਸ਼ੋਕ ਪੁਰੀ ਅਤੇ ਮਿਊਂਸਪਲ ਕੌਂਸਲਰ ਲਵਾਬ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਧਾਰਮਿਕ ਰਸਮਾਂ ਉਪਰੰਤ ਅਤੇ ਰੀਬਨ ਕੱਟਣ ਤੋਂ ਪਹਿਲਾਂ ਡਾ. ਐਮ. ਜਮੀਲ ਬਾਲੀ ਨੇ ਦੱਸਿਆ ਕਿ 21ਵੀਂ ਸਦੀ ਦੇ ਸ਼ੁਰੂ ਹੋਣ ਤੋਂ ਬਾਅਦ ਸਵੈ-ਰੁਜ਼ਗਾਰ ਨੂੰ ਪ੍ਰਾਥਮਿਕਤਾ ਦੇਣਾ ਸਮੇਂ ਦੀ ਪਹਿਲੀ ਲੋੜ ਹੈ, ਜਿਸ ਦੀ ਪ੍ਰੋੜ੍ਹਤਾ ਕੌਂਸਲਰ ਨਵਾਬ, ਐਲੀ. ਅਸ਼ੋਕ ਪੁਰੀ ਅਤੇ ਡਾ. ਦਲਜੀਤ ਸਿੰਘ ਖੇਲਾ ਨੇ ਕੀਤੀ। ਇਸ ਮੌਕੇ ਸੱਚਦੇਵ ਸਿੰਘ ਵਰਿਆਮ, ਪ੍ਰੀਤਪਾਲ ਸਿੰਘ, ਅਸ਼ੀਸ਼ ਪੁਰੀ, ਸ਼ਰਨਜੀਤ ਕੌਰ, ਸੰਜੇ ਸ਼ਰਮਾ, ਰਿਸ਼ੂ ਆਦਿਆ ਅਤੇ ਯੂਸਫ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਕੌਂਸਲਰ ਨਵਾਬ ਨੇ ਦੱਸਿਆ ਕਿ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਸਰਕਾਰ ਦੀ ਜ਼ੁੰਮੇਵਾਰੀ ਹੋਣੀ ਚਾਹੀਦੀ ਹੈ। ਵੱਡੇ-ਵੱਡੇ ਵਾਅਦੇ ਕਰਨ ਵਾਲੀ ਸਰਕਾਰ ਵੀ ਫੇਲ੍ਹ ਹੋਈ ਹੈ। ਅਕੈਡਮੀ ਦੇ ਨਿਰਦੇਸ਼ਕ ਜਗਜੋਤ ਸਿੰਘ ਨੇ ਸਵੈ-ਰੁਜ਼ਗਾਰ ਕਰਨ ਆਏ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਕਰਨ ਲਈ ਉਤਸ਼ਾਹਤ ਕੀਤਾ। ਅਕੈਡਮੀ ਦੇ ਉਦਘਾਟਨ ਮੌਕੇ ਡਾ. ਐਮ.ਜਮੀਲ ਬਾਲੀ, ਡਾ. ਦਲਜੀਤ ਸਿੰਘ ਖੇਲਾ, ਕੌਂਸਲਰ ਨਵਾਬ ਅਤੇ ਅਸ਼ੋਕ ਪੁਰੀ ਦਾ ਨਿਰਦੇਸ਼ਕ ਜਗਜੋਤ ਸਿੰਘ ਨੇ ਧੰਨਵਾਦ ਕੀਤਾ।

## ਬਲਜਿੰਦਰ ਸਿੰਘ ਢਿੱਲੋਂ ਵੱਲੋਂ ਪਟਿਆਲਾ ਲੋਕ ਸਭਾ ਹਲਕੇ ਤੋਂ ਸਰਗਰਮੀਆਂ ਤੇਜ਼



ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-2024 ਦੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਹਲਕਾ ਸ਼ੁਤਰਾਣਾ ਦੇ ਸਭ ਤੋਂ ਵੱਡੇ ਕਸਬੇ ਘੱਗਾ ਵਿੱਚ ਕਰਾਏ ਗਏ ਯੰਗ ਸਪੋਰਟਸ ਕਲੱਬ ਕਬੱਡੀ ਟੂਰਨਾਮੈਂਟ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਵੱਡੀ ਗਿਣਤੀ 'ਚ ਆਪਣੀ ਸਮੁੱਚੀ ਟੀਮ ਨੂੰ ਨਾਲ ਲੈ ਕੇ ਸ਼ਿਰਕਤ ਕੀਤੀ ਅਤੇ ਉਨ੍ਹਾਂ ਨੇ ਇਸ ਕਲੱਬ ਦੀ ਟੀਮ ਦਾ ਇਸ ਸ਼ਲਾਘਾਯੋਗ ਉਪਰਾਲੇ ਲਈ ਤਹਿ ਦਿਲੋਂ ਧੰਨਵਾਦ ਕੀਤਾ।ਨੌਜਵਾਨਾਂ ਨੂੰ ਸੁਨੇਹਾ ਦਿੰਦਿਆਂ ਉਨ੍ਹਾਂ ਕਿਹਾ ਕਿ ਜਿੱਥੇ ਆਮ ਆਦਮੀ ਪਾਰਟੀ ਤੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਖੇਡ ਜਗਤ ਵਿੱਚ ਉਲੀਕੇ ਗਏ ਸੁਪਨੇ ਨੂੰ ਜਲਦ ਹੀ ਸਾਕਾਰ ਹੁੰਦਾ ਦੇਖਿਆ ਜਾਏਗਾ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਹਮੇਸ਼ਾ ਹੀ ਪ੍ਰੇਰਿਤ ਕਰਦੇ ਰਹਿਣਗੇ। ਇਸ ਮੌਕੇ ਗੁਰਤੇਜ ਸਿੰਘ ਘੱਗਾ, ਰਜਿੰਦਰ ਸਿੰਘ ਪੰਨੂ, ਜਗਮੋਹਨ ਸਿੰਘ ਮੋਮੀਆ, ਚਰਨਜੀਤ ਸਿੰਘ ਚੰਨੀ ਤੇ ਮਹਿੰਦਰ ਸਿੰਘ ਸਿੱਧੂ ਹਾਜ਼ਰ ਰਹੇ।

## ਨੰਬਰਦਾਰ ਹਰਬੰਸ ਸਿੰਘ ਅੰਗੀਠਾ ਇਕੱਠਾ ਕਰਕੇ ਲਾਏ ਛਾਂਦਾਰ ਬੂਟੇ



ਤਲਵੰਡੀ ਸਾਬੋ/ਮੌੜ ਮੰਡੀ (ਜਗਦੀਪ ਗਿੱਲ)-ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਬਠਿੰਡਾ ਦੇ ਜਥੇਬੰਦਕ ਮੁਖੀ ਬਲਰਾਜ ਮੌੜ ਨੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਦੇ ਹਮਦਰਦ ਤੇ ਸਮਰਥਕ ਬਲਵਿੰਦਰ ਸਿੰਘ ਮੌੜ ਨੇ ਆਪਣੇ ਪਿਤਾ ਹਰਬੰਸ ਸਿੰਘ ਨੰਬਰਦਾਰ ਜੀਆਂ ਦੀ ਮੌਤ ਉਪਰੰਤ ਫੁੱਲ ਚੁਗਣ ਦੀ ਰਸਮ ਨੂੰ ਨਾ ਕਰਦਿਆਂ ਸਾਰੇ ਅੰਗੀਠੇ ਨੂੰ ਇਕੱਠਾ ਕਰਕੇ ਟੋਏ ਵਿੱਚ ਦੱਬ ਕੇ ਉਨ੍ਹਾਂ ਦੀ ਯਾਦ ਵਿੱਚ ਫ਼ਲਦਾਰ ਤੇ ਛਾਂਦਾਰ ਬੂਟੇ ਲਾ ਕੇ ਫੁੱਲ ਚੁਗਣ/ਪਾਉਣ ਦੀ ਰਸਮ ਨੂੰ ਤੋੜਿਆ ਤਾਂ ਜੁ ਵਾਧੂ ਦੇ ਝਮੇਲਿਆਂ ਤੋਂ ਸਮਾਜ ਨੂੰ ਛੁਟਕਾਰਾ ਮਿਲ ਸਕੇ।ਅੱਜ ਜਦ ਡੈਥ ਸਰਟੀਫਿਕੇਟ ਸਾਨੂੰ ਸਾਡੇ ਘਰ ਬੈਠਿਆਂ ਮਿਲ ਜਾਂਦਾ ਹੈ ਤਾਂ ਕੀ ਜ਼ਰੂਰਤ ਹੈ ਕਿ ਅਸੀਂ ਮੱਚ ਚੁੱਕੀਆਂ ਹੱਡੀਆਂ ਦੀ ਪੋਟਲੀ ਚੁੱਕ ਕੇ ਵੱਖ-ਵੱਖ ਤੀਰਥ ਅਸਥਾਨਾਂ ਤੇ ਭੀੜਾਂ ਵਧਾਉਂਦੇ ਫਿਰੀਏ।ਵਰਨਣਯੋਗ ਹੈ ਕਿ ਸਤਿਕਾਰਯੋਗ ਹਰਬੰਸ ਸਿੰਘ ਨੰਬਰਦਾਰ ਜੀਆਂ ਨੇ ਐਮਰਜੈਂਸੀ ਵੇਲੇ ਜੇਲ੍ਹਾਂ ਵੀ ਕੱਟੀਆਂ ਅਤੇ ਇਕ ਅਕਾਲੀ ਆਗੂ ਦੇ ਤੌਰ 'ਤੇ ਆਪਣੇ ਸਾਫ਼ ਸੁਥਰੇ ਰਾਜਨੀਤਕ ਸਫ਼ਰ ਦੇ ਪਾਂਧੀ ਰਹੇ, ਅੱਜ-ਕੱਲ੍ਹ ਉਹ ਰਾਜਨੀਤੀ ਤੋਂ ਨਿਰਲੇਪ ਹੋ ਗਏ ਸਨ।ਉਨ੍ਹਾਂ ਦੇ ਜੀਵਨ ਸਫ਼ਰ ਦਾ ਪੰਧ 75 ਸਾਲ ਦਾ ਹੈ।ਉਹ ਇਨ੍ਹਾਂ ਕਰਮਕਾਂਡੀ ਧਾਰਨਾਵਾਂ ਤੋਂ ਉਪਰ ਉੱਠ ਕੇ ਇਨ੍ਹਾਂ ਨੂੰ ਆਪਣੀ ਮੌਤ ਤੋਂ ਬਾਅਦ ਨਾ ਕਰਨ ਲਈ ਵੀ ਪਰਵਾਰ ਨੂੰ ਦੱਸ ਕੇ ਗਏ ਸਨ।

## ਜਥੇਦਾਰ ਜਗਦੀਪ ਸਿੰਘ ਚੀਮਾ ਤੇ ਮੈਨੇਜਰ ਗੁਰਦੀਪ ਸਿੰਘ ਕੰਗ ਦਾ ਸਨਮਾਨ



ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪਿੰਡ ਰਾਜਗੜ੍ਹ ਛੰਨਾ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਜਥੇਦਾਰ ਜਗਦੀਪ ਸਿੰਘ ਚੀਮਾ, ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਸਨਮਾਨ ਕੀਤਾ ਗਿਆ।ਪਿੰਡ ਰਾਜਗੜ੍ਹ ਛੰਨਾ ਦੇ ਨਿਵਾਸੀ ਪ੍ਰੇਮ ਸਿੰਘ, ਜਗਮੇਲ ਸਿੰਘ ਤੇ ਗੁਲਜ਼ਾਰ ਸਿੰਘ ਆਦਿ ਨੇ ਦੱਸਿਆ ਕਿ ਉਨਾਂ ਦੇ ਪਿੰਡ ਦੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਕਾਰ ਸੇਵਾ ਅਕਾਲ ਪੁਰਖ ਦੀ ਕ੍ਰਿਪਾ ਸਦਕਾ ਸੰਪੂਰਨ ਹੋ ਚੁੱਕੀ ਹੈ ਤੇ ਉਨ੍ਹਾਂ ਦੀ ਕਮੇਟੀ ਵੱਲੋਂ ਇਹ ਫ਼ੈਸਲਾ ਲਿਆ ਗਿਆ ਕਿ ਜਿਨ੍ਹਾਂ ਸਿੰਘਾਂ ਵੱਲੋਂ ਇਨਾਂ ਕਾਰਜਾਂ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਗਿਆ ਹੈ, ਉਨ੍ਹਾਂ ਦਾ ਸਨਮਾਨ ਕੀਤਾ ਜਾਵੇ। ਇਸ ਮੌਕੇ ਪਿੰਡ ਵਾਸੀ ਜਸਪਾਲ ਸਿੰਘ, ਭਜਨ ਸਿੰਘ, ਕੁਲਦੀਪ ਸਿੰਘ, ਜਗਤਾਰ ਸਿੰਘ ਅਤੇ ਸਵਰਨ ਸਿੰਘ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਬੀ.ਸੀ. ਵਿੰਗ ਦੇ ਪ੍ਰਧਾਨ ਮਲਕੀਤ ਸਿੰਘ ਮਠਾੜੂ, ਗੁ. ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੀਤ ਮੈਨੇਜਰ ਨਰਿੰਦਰਜੀਤ ਸਿੰਘ ਅਤੇ ਕੁਲਵਿੰਦਰਜੀਤ ਸਿੰਘ ਚੀਮਾ ਵੀ ਮੌਜੂਦ ਸਨ।

## ਬੈਟਰ ਸਕਿੱਲ ਨੇ ਲਵਾਇਆ ਯੂ ਕੇ ਦਾ ਸਟੱਡੀ ਵੀਜ਼ਾ



ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਇਲਾਕੇ ਦੀ ਨਾਮਵਰ ਇਮੀਗ੍ਰੇਸ਼ਨ ਤੇ ਸਭ ਤੋਂ ਭਰੋਸੇਮੰਦ ਸੰਸਥਾ ਬੈਟਰ ਸਕਿੱਲ ਇਮੀਗ੍ਰੇਸ਼ਨ ਧਰਮਕੋਟ ਦੇ ਡਾਇਰੈਕਟਰ ਸਿਮਰਨਜੀਤ ਸਿੰਘ ਗਿੱਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੋਮਲ ਕੌਰ ਨੇ 2019 ਵਿੱਚ ਆਪਣੀ +2 ਪੂਰੀ ਕੀਤੀ ਸੀ, ਜਿਸ ਤੋਂ ਬਾਅਦ ਕੋਮਲ ਦਾ 5 ਸਾਲਾਂ ਦਾ ਗੈਪ ਸੀ। ਕੋਮਲ ਗੈਪ ਕਾਰਨ ਬਹੁਤ ਚਿੰਤਤ ਸਨ। ਕੋਮਲ ਨੇ ਸਾਨੂੰ ਦੱਸਿਆ ਕਿ ਉਨ੍ਹਾ ਨੇ ਬਹੁਤ ਸਾਰੇ ਏਜੰਟਾਂ ਨਾਲ ਗੱਲਬਾਤ ਕੀਤੀ, ਪਰ ਕੋਈ ਵੀਜ਼ਾ ਲੈ ਕੇ ਦੇਣ ਦੀ ਗਰਾਂਟੀ ਕੋਈ ਵੀ ਨਹੀਂ ਦੇ ਰਿਹਾ ਸੀ। ਫਿਰ ਕਿਸੇ ਨਜ਼ਦੀਕੀ ਰਿਸ਼ਤੇਦਾਰ ਨੇ ਬੈਟਰ ਸਕਿੱਲ ਇਮੀਗ੍ਰੇਸ਼ਨ ਬਾਰੇ ਦੱਸਿਆ ਤੇ ਉਸ ਤੋਂ ਬਾਅਦ ਉਨ੍ਹਾ ਨੇ ਸੋਸ਼ਲ ਮੀਡੀਆ 'ਤੇ ਆਏ ਸਟੱਡੀ ਵੀਜ਼ਾ ਦੇ ਰਿਜ਼ਲਟਾਂ ਨੂੰ ਦੇਖਦਿਆਂ ਬੈੱਟਰ ਸਕਿੱਲ ਇਮੀਗ੍ਰੇਸ਼ਨ ਦੇ ਡਾਇਰੈਕਟਰ ਸਿਮਰਜੀਤ ਸਿੰਘ ਗਿੱਲ ਨਾਲ ਗੱਲਬਾਤ ਕਰਦੇ ਹੋਏ ਚੰਗੀ ਸਲਾਹ ਲਈ ਤੇ 10 ਦਿਨਾਂ ਵਿੱਚ ਆਪਣਾ ਯੂ ਕੇ ਦਾ ਸਟੱਡੀ ਵੀਜ਼ਾ ਹਾਸਲ ਕੀਤਾ। ਅੱਜ ਕੋਮਲ ਕੌਰ ਯੂ ਕੇ ਪਹੁੰਚ ਗਏ ਹਨ। ਬੈਟਰ ਸਕਿਲ ਇਮੀਗ੍ਰੇਸ਼ਨ ਵੱਲੋਂ ਕੋਮਲ ਕੌਰ ਨੂੰ ਆਉਣ ਵਾਲੇ ਭਵਿੱਖ ਲਈ ਸ਼ੁੱਭ ਦੁਆਵਾਂ।

## ਸਿਤਾਰ ਮੁਹੰਮਦ ਮਨਿਓਰਟੀ ਸੈੱਲ ਦੇ ਪ੍ਰਧਾਨ ਨਿਯੁਕਤ



ਰਾਜਪੁਰਾ (ਰਮੇਸ਼ ਕਟਾਰੀਆ)-ਹਲਕਾ ਭਾਜਪਾ ਇੰਚਾਰਜ ਜਗਦੀਸ਼ ਜੱਗਾ ਦੇ ਦਫਤਰ ਵਿਖੇ ਮੀਟਿੰਗ ਦੌਰਾਨ ਸਿਤਾਰ ਮੁਹੰਮਦ ਨੂੰ ਪਟਿਆਲਾ ਜ਼ਿਲ੍ਹਾ ਨੌਰਥ ਤੋਂ ਮਨਿਓਰਟੀ ਸੈੱਲ ਦਾ ਪ੍ਰਧਾਨ ਤੇ ਸਫੀ ਮੁਹੰਮਦ ਨੂੰ ਵਾਈਸ ਪ੍ਰਧਾਨ ਥਾਪਿਆ ਗਿਆ। ਇਨ੍ਹਾਂ ਨਾਲ ਹਰੀ ਸਿੰਘ ਦੇਵਨਗਰ ਰਾਜਪੁਰਾ, ਗੁਰਪਾਲ ਸਿੰਘ ਦੇਵਨਗਰ ਤੇ ਮਨਦੀਪ ਸਿੰਘ ਵਾਰਡ ਨੰਬਰ-1 ਨੇ ਭਾਰਤੀ ਜਨਤਾ ਪਾਰਟੀ ਜੁਆਇਨ ਕੀਤੀ। ਇਸ ਸਮੇਂ ਹਲਕਾ ਇੰਚਾਰਜ ਜਗਦੀਸ਼ ਕੁਮਾਰ ਜੱਗਾ, ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਭੰਗੂ, ਜਨਰਲ ਸੈਕਟਰੀ ਪ੍ਰਦੀਪ ਨੰਦਾ, ਰੁਪਿੰਦਰ ਸਿੰਘ ਰੂਬੀ, ਸਾਬਕਾ ਪ੍ਰਧਾਨ ਅਮਰਜੀਤ ਉਕਸੀ, ਦਲਬੀਰ ਸਿੰਘ ਸਰਪੰਚ ਆਦਿ ਮੌਜੂਦ ਸਨ।

## ਕੁਲਦੀਪ ਗੁਲਾੜੀ ਨੇ ਖਿਡਾਰੀਆਂ ਨੂੰ ਸਪੋਰਟਸ ਕਿੱਟ ਤੇ ਟਰੈਕ ਸੂਟ ਵੰਡੇ



ਮੂਨਕ (ਰਾਜਪਾਲ ਸਿੰਗਲਾ)-ਸਮਾਜ ਸੇਵੀ ਤੇ ਸੀਨੀਅਰ ਭਾਜਪਾ ਆਗੂ ਕੁਲਦੀਪ ਗੁਲਾੜੀ ਵੱਲੋਂ ਪਿੰਡ ਬੁਸ਼ਹਿਰਾ ਵਿੱਚ ਕਬੱਡੀ, ਕ੍ਰਿਕਟ ਵਿੱਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ ਸਪੋਰਟਸ ਕਿੱਟ ਤੇ ਟਰੈਕ ਸੂਟ ਵੰਡੇ ਗਏ। ਇਸ ਦੌਰਾਨ ਉਨ੍ਹਾ ਨੇ ਹਰਿਆਣਾ ਦੀ ਧਰਤੀ ਤੋਂ ਜੇਤੂ ਕ੍ਰਿਕਟ ਟੀਮ ਤੇ ਮਹਾਰਾਸ਼ਟਰ ਦੀ ਧਰਤੀ 'ਤੇ ਕਬੱਡੀ ਖੇਡ ਕੇ ਜਿੱਤ ਕੇ ਪਰਤੀ ਟੀਮ ਦਾ ਹਿੱਸਾ ਰਹੇ ਖਿਡਾਰੀ ਆਲਮ ਦੀਨ ਬੁਸ਼ਹਿਰਾ ਨੂੰ ਸਨਮਾਨਤ ਕੀਤਾ ਅਤੇ ਅੱਗੇ ਵੀ ਖਿਡਾਰੀਆਂ ਨੂੰ ਨਸ਼ੇ ਤੋਂ ਦੂਰ ਰਹਿ ਕੇ ਖੇਡਾਂ ਨਾਲ ਜੁੜੇ ਰਹਿਣ ਲਈ ਕਿਹਾ ਤੇ ਹਰ ਸਹਿਯੋਗ ਦੇਣ ਲਈ ਕਿਹਾ। ਇਸ ਦੌਰਾਨ ਮੌਜੂਦ ਪਿੰਡ ਵਾਸੀਆਂ ਨੇ ਕੁਲਦੀਪ ਸਿੰਘ ਗੁਲਾੜੀ ਦਾ ਧੰਨਵਾਦ ਕੀਤਾ। ਇਸ ਸਮੇਂ ਮਨਦੀਪ ਸ਼ਰਮਾ ਬੁਸ਼ਹਿਰਾ ਵਿਧਾਨ ਸਭਾ ਵਿਸਤਾਰਕ ਬੀਜੇਪੀ, ਡਾਕਟਰ ਸੰਦੀਪ ਸ਼ਰਮਾ, ਜਗਸੀਰ ਸਿੰਘ ਸਾਬਕਾ ਪੈਰਾ ਕਮਾਂਡੋ ਭਾਰਤੀ ਸੈਨਾ, ਬਲਜੀਤ ਖਾਨ, ਮੇਵਾ ਸਿੰਘ ਸਾਬਕਾ ਪੰਚ, ਬਲਜੀਤ ਸਿੰਘ ਪੰਚ ਐੱਸ ਸੀ ਮੋਰਚਾ ਵਾਈਸ ਪ੍ਰਧਾਨ ਜ਼ਿਲ੍ਹਾ ਬੀਜੇਪੀ, ਰਾਮ ਕੁਮਾਰ ਸਿੰਘ ਕਾਰਾ ਸਾਬਕਾ ਪੰਚ, ਰਣਧੀਰ ਸਿੰਘ ਧੀਰਾ, ਅਮਿਤ ਸ਼ਰਮਾ ਵਿਸਤਾਰਕ ਲਹਿਰਾ, ਮਾਸਟਰ ਮੋਨੂੰ, ਸੰਦੀਪ ਬੰਗਾ ਤੇ ਪਿੰਡ ਬੁਸ਼ਹਿਰਾ ਦੇ ਖਿਡਾਰੀ ਮੌਜੂਦ ਸਨ।

## ਸਿਵਲ ਹਸਪਤਾਲ ਨੇ ਸਕੂਲ 'ਚ ਕਰਾਏ ਪੇਂਟਿੰਗ ਮੁਕਾਬਲੇ



ਨਾਭਾ (ਵਰਿੰਦਰ ਵਰਮਾ)-ਸਰਕਾਰੀ ਹਸਪਤਾਲ ਐਸ ਐਮ ਓ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾਕਟਰ ਹੀਨਾ ਸਿੰਗਲਾ ਦੀ ਅਗਵਾਈ ਵਿੱਚ ਆਰੀਆ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਗੇਟ ਵਿਖੇ ਨੈਸ਼ਨਲ ਯੂਥ ਦਿਹਾੜਾ ਮਨਾਇਆ ਗਿਆ। ਇਸ ਮੁਹਿੰਮ ਦੇ ਤਹਿਤ ਪੇਂਟਿੰਗ ਮੁਕਾਬਲੇ ਕਰਾਏ ਗਏ। ਵਿਕਾਸ ਮਿੱਤਲ ਨੇ ਕਿਹਾ ਕਿ ਇਸ ਪੇਂਟਿੰਗ ਮੁਕਾਬਲੇ ਵਿੱਚ 50 ਦੇ ਕਰੀਬ ਸਕੂਲ ਦੇ ਬੱਚਿਆਂ ਨੇ ਭਾਗ ਲਿਆ। ਉਨ੍ਹਾਂ ਕਿਹਾ ਕਿ ਮੁਕਾਬਲੇ ਵਿੱਚ ਤਿੰਨ ਹੋਣਹਾਰ ਬੱਚਿਆਂ, ਜੋ ਵਰੁਣ ਕੁਮਾਰ ਨੇ ਪਹਿਲਾ ਸਥਾਨ, ਖੁਸ਼ਬੂ ਰਾਣੀ ਨੇ ਦੂਜਾ ਸਥਾਨ ਅਤੇ ਨੰਦਨੀ ਰਾਣੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਤਿੰਨੋਂ ਬੱਚਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਵਿਕਾਸ ਮਿੱਤਲ ਨੇ ਬੱਚਿਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਹਰ ਸਿਹਤਮੰਦ ਵਿਅਕਤੀ 18 ਸਾਲ ਤੋਂ ਵੱਧ ਉਮਰ ਤੋਂ ਲੈਅ ਕੇ 65 ਦੀ ਉਮਰ ਤੱਕ ਖ਼ੂਨਦਾਨ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਸਮੇਂ-ਸਮੇਂ ਅਨੁਸਾਰ ਖੂਨਦਾਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਜੁ ਅਸੀਂ ਕਿਸੇ ਦੀ ਜ਼ਿੰਦਗੀ ਬਚਾ ਸਕੀਏ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਇੱਕ ਸਾਲ ਵਿੱਚ ਚਾਰ ਵਾਰ ਖ਼ੂਨਦਾਨ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਨੈਸ਼ਨਲ ਯੂਥ ਦਿਹਾੜਾ 12 ਤੋਂ 30 ਜਨਵਰੀ ਤੱਕ ਖ਼ੂਨਦਾਨ ਕੈਂਪ ਤੇ ਪੇਂਟਿੰਗ ਮੁਕਾਬਲੇ ਕਰਾ ਕੇ ਮਨਾਇਆ ਜਾਂਦਾ ਹੈ। ਇਨ੍ਹਾਂ ਦਿਨਾਂ ਵਿੱਚ ਸੁਆਮੀ ਵਿਵੇਕਾਨੰਦ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਰ ਵਿਅਕਤੀ ਨੂੰ ਸੇਵਾ ਭਾਵਨਾ ਨੂੰ ਮੁੱਖ ਰੱਖਦੇ ਹੋਏ ਸੇਵਾ ਕਰਨੀ ਚਾਹੀਦੀ ਹੈ।

## ਚਾਈਨੀਜ਼ ਗੱਟੂਆਂ ਸਮੇਤ ਚੜ੍ਹਿਆ ਪੁਲਿਸ ਅੜਿੱਕੇ, ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਚਾਈਨੀਜ਼ ਡੋਰ ਦੀ ਬਿਕਰੀ ਰੁਕਣ ਦਾ ਨਾਂਅ ਨਹੀਂ ਲੈ ਰਹੀ।ਆਏ ਦਿਨ ਪੁਲਿਸ ਵਲੋਂ ਕਿਸੇ ਨਾ ਕਿਸੇ ਡੋਰ ਵਿਕਰੇਤਾ ਨੂੰ ਚਾਈਨੀਜ਼ ਡੋਰ ਸਮੇਤ ਫੜੇ ਜਾਣ ਦੀਆ ਖ਼ਬਰਾਂ ਸਾਮਣੇ ਆ ਰਹੀਆਂ ਹਨ।ਇੰਝ ਲਗਦਾ ਹੈ ਜਿਵੇਂ ਇਸ ਕਿਲਰ ਥਰੈਡ ਨੂੰ ਵੇਚਣ ਵਾਲਿਆਂ ਖਿਲਾਫ਼ ਸਰਕਾਰ ਵਲੋਂ ਬਣਾਏ ਗਏ ਕਾਨੂੰਨ ਡੋਰ ਵਿਕਰੇਤਾ ਲਈ ਬੌਣੇ ਸਾਬਤ ਹੋ ਰਹੇ ਹਨ। ਮਨਦੀਪ ਕੁਮਾਰ ਹੈੱਡ ਕਾਂਸਟੇਬਲ ਦੀ ਅਗਵਾਈ ਹੇਠਲੀ ਪੁਲਸ ਪਾਰਟੀ ਵੱਲੋਂ ਰੁਟੀਨ ਗਸ਼ਤ ਵ ਚੈਕਿੰਗ ਦੌਰਾਨ ਜਦ ਅੰਮ੍ਰਿਤਸਰੀ ਗੇਟ ਕੋਲ ਮੌਜੂਦ ਸੀ ਤਾਂ ਕਿਸੇ ਮੁਖਬਰ ਵੱਲੋਂ ਇਤਲਾਹ ਮਿਲੀ ਕਿ ਇੱਕ ਵਿਅਕਤੀ ਸਰਕਾਰ ਵੱਲੋਂ ਪਾਬੰਦੀਸ਼ੁਦਾ ਡੋਰ ਵੇਚਦਾ ਹੈ ਤੇ ਹੁਣੇ ਵੀ ਅਰੁਣ ਜਯੋਤੀ ਸਕੂਲ ਕੋਲ ਡੋਰ ਸਮੇਤ ਖੜਾ ਗਾਹਕ ਦਾ ਇੰਤਜ਼ਾਰ ਕਰ ਰਿਹਾ ਹੈ ਤੇ ਜੇਕਰ ਪੁਲਸ ਉਕਤ ਜਗ੍ਹਾ 'ਤੇ ਜਾ ਕੇ ਰੇਡ ਕਰੇ ਤਾਂ ਉਕਤ ਵਿਅਕਤੀ ਕਾਬੂ ਆ ਸਕਦਾ ਹੈ।

ਸੂਚਨਾ ਦੇ ਆਧਾਰ 'ਤੇ ਛਾਪੇਮਾਰੀ ਕੀਤੀ ਗਈ ਤਾਂ ਪ੍ਰਵੇਸ਼ ਕੁਮਾਰ ਪੁੱਤਰ ਜਗਨ ਨਾਥ ਵਾਸੀ ਨੇੜੇ ਸਟੇਟ ਬੈਂਕ ਆਫ਼ ਇੰਡੀਆ, ਮੋਚੀ ਬਜ਼ਾਰ ਫ਼ਿਰੋਜ਼ਪੁਰ ਨੂੰ ਕਾਬੂ ਕੀਤਾ ਅਤੇ ਤਲਾਸ਼ੀ ਲਈ ਗਈ। ਤਲਾਸ਼ੀ ਦੌਰਾਨ ਉਕਤ ਵਿਅਕਤੀ ਕੋਲੋਂ 10 ਚਾਈਨੀਜ਼ ਗੱਟੂ ਬਰਾਮਦ ਕੀਤੇ ਗਏ, ਹਾਲਾਂਕਿ ਬਦਨਾਮ ਚੀਨੀ ਮਾਂਜਾ, ਜੋ ਇੱਕ ਨਾ ਟੁੱਟਣ ਵਾਲਾ ਨਾਈਲੋਨ ਧਾਗਾ ਹੈ, ਜਿਸ ਨੂੰ ਕਈ ਰਾਜਾਂ ਵਿੱਚ ਪਾਬੰਦੀ ਲਾਈ ਗਈ ਹੈ ਕਿਉਂਕਿ ਇਹ ਅਸਮਾਨੀ ਪ੍ਰਜਾਤੀਆਂ ਅਤੇ ਮਨੁੱਖਾਂ ਨੂੰ ਵੀ ਬਹੁਤ ਨੁਕਸਾਨ ਪੁਚਾਉਂਦਾ ਹੈ।

## ਮਯੰਕ ਫਾਊਂਡੇਸ਼ਨ ਵੱਲੋਂ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਤਹਿਤ ਕਰਾਇਆ ਸੈਮੀਨਾਰ



ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)

ਮਯੰਕ ਫਾਊਂਡੇਸ਼ਨ ਵੱਲੋਂ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਦੌਰਾਨ ਵੱਖ-ਵੱਖ ਗਤੀਵਿਧੀਆਂ ਕਰਾਈਆਂ ਜਾ ਰਹੀਆਂ ਹਨ।ਇਸੇ ਲੜੀ ਤਹਿਤ ਫ਼ਿਰੋਜ਼ਪੁਰ ਵਿਖੇ ਕੰਮ ਕਰਦੇ ਵੱਖ-ਵੱਖ ਕੰਪਨੀਆਂ ਦੇ ਡਲਿਵਰੀ ਰਾਈਡਰਾਂ ਲਈ ਇੱਕ ਸੜਕ ਸੁਰੱਖਿਆ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹੈਲਮੇਟ ਦੀ ਵਰਤੋਂ ਸਬੰਧੀ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ।

ਡਾ. ਅਨਿਰੁਧ ਗੁਪਤਾ ਦੀ ਪ੍ਰਧਾਨਗੀ ਹੇਠ ਕਰਾਏ ਇਸ ਸੈਮੀਨਾਰ ਵਿੱਚ ਦੀਪਕ ਸ਼ਰਮਾ, ਪ੍ਰਿੰਸੀਪਲ ਯਾਚਨਾ ਚਾਵਲਾ, ਹਰਿੰਦਰ ਭੁੱਲਰ ਨੇ ਹਾਜ਼ਰੀਨ ਨਾਲ ਹੈਲਮੇਟ ਦੀ ਲੋੜ ਬਾਰੇ ਵਿਸਥਾਰ ਨਾਲ ਚਰਚਾ ਕੀਤੀ।ਡਾ. ਅਨਿਰੁਧ ਗੁਪਤਾ ਨੇ ਕਿਹਾ ਕਿ ਸੜਕ ਸੁਰੱਖਿਆ ਦੇ ਬੁਨਿਆਦੀ ਨਿਯਮਾਂ ਵਿੱਚ ਅਣਗਹਿਲੀ ਕਾਰਨ ਪਿਛਲੇ ਸਾਲ 66000 ਤੋਂ ਵੱਧ ਲੋਕਾਂ ਦੀ ਮੌਤ ਹੋਈ ਹੈ। ਸੀਟ ਬੈਲਟ ਨਾ ਪਹਿਨਣ ਕਾਰਨ 17,000 ਲੋਕਾਂ ਨੇ ਅਤੇ ਹੈਲਮੇਟ ਨਾ ਪਹਿਨਣ ਕਾਰਨ 50,000 ਤੋਂ ਵੱਧ ਦੋ-ਪਹੀਆ ਵਾਹਨ ਯਾਤਰੀਆਂ ਨੇ ਆਪਣੀ ਜਾਨ ਗੁਆ ਦਿੱਤੀ।ਹਰਿੰਦਰ ਭੁੱਲਰ ਨੇ ਕਿਹਾ ਕਿ ਮਯੰਕ ਫਾਊਂਡੇਸ਼ਨ ਵੱਲੋਂ ਤੁਹਾਨੂੰ ਹੈਲਮੇਟ ਮੁਫ਼ਤ ਦਿੱਤੇ ਜਾਣ ਦਾ ਮਕਸਦ ਇਹ ਹੈ ਕਿ ਤੁਸੀਂ ਸਾਰੇ ਸੁਰੱਖਿਅਤ ਰਹੋ।ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਕਦੇ ਵੀ ਉਸ ਦਰਦ ਤੋਂ ਨਾ ਲੰਘਣਾ ਪਵੇ, ਜਿਸ ਕਾਰਨ ਮਯੰਕ ਫਾਊਂਡੇਸ਼ਨ ਦਾ ਗਠਨ ਹੋਇਆ।ਹੈਲਮੇਟ ਦੀ ਉਪਯੋਗਤਾ ਬਾਰੇ ਦੱਸਦਿਆਂ ਫਾਊਂਡੇਸ਼ਨ ਦੇ ਸੰਸਥਾਪਕ ਦੀਪਕ ਸ਼ਰਮਾ ਨੇ ਦੱਸਿਆ ਕਿ ਹੈਲਮੇਟ ਦੋਪਹੀਆ ਵਾਹਨ ਚਾਲਕਾਂ ਦੀ ਸੁਰੱਖਿਆ ਲਈ ਬਣਾਏ ਗਏ ਹਨ।ਇੱਕ ਸਰਵੇਖਣ ਅਨੁਸਾਰ ਸੜਕ ਹਾਦਸਿਆਂ ਵਿੱਚ ਜ਼ਿਆਦਾਤਰ ਮੌਤਾਂ ਸਿਰ 'ਤੇ ਸੱਟ ਲੱਗਣ ਕਾਰਨ ਹੁੰਦੀਆਂ ਹਨ।ਅਜਿਹੇ 'ਚ ਜੇਕਰ ਡਰਾਈਵਰ ਹੈਲਮੇਟ ਪਹਿਨਦਾ ਹੈ ਤਾਂ ਉਸ ਦੇ ਬਚਣ ਦੀ ਸੰਭਾਵਨਾ ਵੱਧ ਜਾਂਦੀ ਹੈ।ਇਸ ਮੌਕੇ ਡੀ.ਸੀ.ਮਾਡਲ ਸਕੂਲ ਦੇ ਵਾਈਸ ਪ੍ਰਿੰਸੀਪਲ ਮੁਨੀਸ਼ ਬੰਗਾ, ਹੈੱਡਮਿਸਟ੍ਰੈਸ ਰਿਤਿਕਾ ਸੋਨੀ, ਵਿਕਰਮਾਦਿਤ ਸ਼ਰਮਾ, ਡਿਲੀਵਰੀ ਰਾਈਡਰਜ਼ ਐਸੋਸੀਏਸ਼ਨ ਦੇ ਗੁਰਪ੍ਰੀਤ ਸਿੰਘ ਗਾਂਧੀ ਤੇ ਟੀਮ ਮਯੰਕ ਫਾਊਂਡੇਸ਼ਨ ਤੋਂ ਡਾ. ਗ਼ਜ਼ਲ ਪ੍ਰੀਤ ਅਰਨੇਜਾ, ਡਾ. ਰੋਹਿਤ ਗਰਗ, ਰਾਕੇਸ਼ ਕੁਮਾਰ, ਵਿਕਾਸ ਗੁੰਬਰ, ਰਾਜੀਵ ਸੇਤੀਆ, ਅਸ਼ਵਨੀ ਸ਼ਰਮਾ, ਸੰਦੀਪ ਸਹਿਗਲ, ਅਮਿਤ ਸੇਤੀਆ, ਹਰਨਾਮ ਸਿੰਘ ਅਤੇ ਦੀਪਕ ਮੱਥਪਾਲ ਹਾਜ਼ਰ ਸਨ।

## ਸਰਕਾਰ ਮੰਗਾਂ ਦਾ ਹੱਲ ਕੱਢਣ ਦੀ ਬਜਾਏ ਲਾਰੇ-ਲੱਪੇ ਨਾਲ ਸਮਾਂ ਟਪਾਅ ਰਹੀ : ਕੰਪਿਊਟਰ ਅਧਿਆਪਕ ਯੂਨੀਅਨ

### ਮੀਟਿੰਗ ਮੁਲਤਵੀ ਕਰਨ 'ਤੇ ਅਧਿਆਪਕਾਂ 'ਚ ਰੋਸ

ਮਾਨਸਾ (ਆਤਮਾ ਸਿੰਘ ਪਮਾਰ)-ਕੰਪਿਊਟਰ ਅਧਿਆਪਕ ਯੂਨੀਅਨ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਸਤ ਪ੍ਰਤਾਪ ਸਿੰਘ ਭੀਖੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 29 ਜਨਵਰੀ ਨੂੰ ਮਿਲਣ ਦਾ ਵਾਅਦਾ ਕਰਕੇ ਵੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਥੇਬੰਦੀ ਨੂੰ ਨਹੀਂ ਮਿਲ ਸਕੇ। ਭੀਖੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਵਾਰ-ਵਾਰ ਜਨਤਕ ਤੌਰ 'ਤੇ ਐਲਾਨ ਕੀਤਾ ਜਾਂਦਾ ਹੈ ਕਿ ਕੋਈ ਯੂਨੀਅਨ ਧਰਨੇ ਮੁਜ਼ਾਹਰੇ ਨਾ ਕਰੇ ਤੇ ਸਿੱਧਾ ਮਿਲਣ ਦਾ ਸਮਾਂ ਲੈ ਕੇ ਉਨ੍ਹਾਂ ਨੂੰ ਮਿਲੇ ਅਤੇ ਮਿਲ ਕੇ ਉਨ੍ਹਾਂ ਦੀਆਂ ਮੰਗਾਂ ਦਾ ਹੱਲ ਕੱਢਿਆ ਜਾਵੇਗਾ, ਪਰ ਹਕੀਕਤ ਇਸ ਦੇ ਐਨ ਉਲਟ ਹੈ। ਮੁੱਖ ਮੰਤਰੀ ਦਫਤਰ ਵੱਲੋਂ ਕੰਪਿਊਟਰ ਅਧਿਆਪਕਾਂ ਨੂੰ ਲਿਖਤੀ ਮੀਟਿੰਗ ਦੇ ਦਿੱਤੀ ਜਾਂਦੀ ਹੈ ਤੇ ਮੀਟਿੰਗ ਦੇ ਸਮੇਂ ਤੋਂ ਪਹਿਲਾਂ ਹੀ ਮੀਟਿੰਗ ਮੁਲਤਵੀ ਕਰ ਦਿੱਤੀ ਜਾਂਦੀ ਹੈ, ਜਿਸ ਦੇ ਰੋਸ ਵਜੋਂ ਕੰਪਿਊਟਰ ਅਧਿਆਪਕ ਯੂਨੀਅਨ ਨੇ ਸਾਰੇ ਪੰਜਾਬ ਵਿੱਚ ਮੁੱਖ ਮੰਤਰੀ ਭਾਲ ਯਾਤਰਾ ਤਹਿਤ ਰੋਸ ਪ੍ਰਦਰਸ਼ਨ ਕੀਤੇ ਸਨ, ਜਿਸ ਦੇ ਤਹਿਤ 21 ਜਨਵਰੀ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਰੋਸ ਮਾਰਚ ਕੱਢਿਆ ਗਿਆ ਸੀ ਤੇ ਰੋਸ ਮਾਰਚ ਦੌਰਾਨ ਮੁਹਾਲੀ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਦਫਤਰ ਨਾਲ ਸੰਪਰਕ ਕਰਕੇ 29 ਜਨਵਰੀ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਤੈਅ ਕਰਵਾਈ ਗਈ ਸੀ, ਪਰ 28 ਜਨਵਰੀ ਦੀ ਸ਼ਾਮ ਨੂੰ ਫਿਰ ਬਿਨਾਂ ਕਾਰਨ ਦੱਸੇ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਹੈ, ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਸਰਕਾਰ ਮੰਗਾਂ ਦਾ ਹੱਲ ਕੱਢਣ ਦੀ ਬਜਾਏ ਲਾਰੇ-ਲੱਪੇ ਨਾਲ ਸਮਾਂ ਟਪਾਅ ਰਹੀ ਹੈ।

ਇਸ ਸਮੇਂ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ, ਮੀਤ ਪ੍ਰਧਾਨ ਜਗਰਾਜ ਸਿੰਘ, ਲਖਵੀਰ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਮਲਕੀਤ ਸਿੰਘ, ਸ਼ਸ਼ੀ ਕਾਠ ਤੇ ਖਜ਼ਾਨਚੀ ਨਿਤੇਸ਼ ਕੁਮਾਰ ਨੇ ਕਿਹਾ ਕਿ ਜੇ ਸਰਕਾਰ ਸਾਡੀਆਂ ਮੰਗਾਂ ਦਾ ਵਾਜ਼ਿਬ ਹੱਲ ਨਹੀਂ ਕਰਦੀ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

## ਗੁਰੂ ਗੋਬਿੰਦ ਸਿੰਘ ਜੀ ਤੇ ਬਾਬਾ ਮੀਹਾ ਸਿੰਘ ਜੀ ਦੇ ਜਨਮ ਦਿਵਸ ਨੂੰ ਸਮਰਪਤ ਨਗਰ ਕੀਰਤਨ ਸਜਾਇਆ

### ਧਾਰਮਿਕ ਤੇ ਸਮਾਜਿਕ ਖੇਤਰ 'ਚ ਸੰਤ ਡਾਂਗੋ ਵਾਲਿਆਂ ਦਾ ਯੋਗਦਾਨ ਸ਼ਲਾਘਾਯੋਗ : ਗੋਸ਼ਾ



ਲੁਧਿਆਣਾ (ਜਸਦੀਪ ਵਰਤੀਆ)-ਗੁਰਮਤਿ ਪ੍ਰਚਾਰ ਮਿਸ਼ਨ ਦੇ ਸਰਪ੍ਰਸਤ ਬਾਬਾ ਸਰਬਜੋਤ ਸਿੰਘ ਜੀ ਡਾਂਗੋ ਵਾਲਿਆਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਨੂੰ ਸਮਰਪਤ ਤੇ ਬ੍ਰਹਮ ਗਿਆਨੀ ਸੰਤ ਬਾਬਾ ਮੀਹਾਂ ਸਿੰਘ ਜੀ ਸਿਆੜ੍ਹ ਵਾਲਿਆਂ ਦੇ ਜਨਮ ਦਿਵਸ 'ਤੇ ਸਾਲਾਨਾ 25ਵਾਂ ਮਹਾਨ ਸੰਤ ਸਮਾਗਮ ਕਰਵਾਇਆ ਤੇ ਨਗਰ ਕੀਰਤਨ ਸਜਾਇਆ ਗਿਆ। ਦਸ ਦਿਨਾਂ ਤੱਕ ਚੱਲੇ ਇਨਾਂ ਸਮਾਗਮਾਂ ਦੌਰਾਨ ਅਨੇਕਾਂ ਸੰਤਾ ਮਹਾਂਪੁਰਖਾਂ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਆਖਰੀ ਦਿਨ ਪਾਏ ਗਏ ਭੋਗਾਂ ਦੀ ਸਮਾਪਤੀ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਨਗਰ ਕੀਰਤਨ ਦੌਰਾਨ ਵੱਖ-ਵੱਖ ਕੀਰਤਨੀ ਜਥਿਆਂ ਸਮੇਤ ਸਤਨਾਮ ਸਿੰਘ ਚਮਿੰਡਾ ਦੇ ਢਾਡੀ ਜਥੇ ਨੇ ਗੁਰੂ ਸਾਹਿਬਾਨ ਦੇ ਇਤਿਹਾਸ ਨਾਲ ਜੁੜੀਆਂ ਢਾਡੀ ਵਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਨਗਰ ਕੀਰਤਨ ਵਿੱਚ ਸ਼ਾਮਲ ਵੱਖ-ਵੱਖ ਬੈਂਡ ਪਾਰਟੀਆਂ ਗੁਰਬਾਣੀ ਦੀਆਂ ਮਨਮੋਹਕ ਧੁੰਨਾਂ ਦੇ ਨਾਲ ਜਿੱਥੇ ਸੰਗਤਾਂ ਨੂੰ ਮੰਤਰ ਮੁਗਧ ਕਰ ਰਹੀਆਂ ਸਨ, ਉੱਥੇ ਹੀ ਖਾਲਸਾਈ ਬਾਣੇ ਵਿੱਚ ਸਜੇ ਗੱਤਕਾ ਪਾਰਟੀ ਦੇ ਸਿੰਘ ਵੀ ਆਪਣੇ ਜੌਹਰਾਂ ਦੇ ਨਾਲ ਜੋਸ਼ ਭਰ ਰਹੇ ਸਨ। ਨਗਰ ਕੀਰਤਨ ਦੇ ਰਸਤੇ ਵਿੱਚ ਸ਼ਰਧਾਲੂਆਂ ਵੱਲੋਂ ਵੀ ਜਗ੍ਹਾ ਜਗ੍ਹਾ ਲੰਗਰ ਲਗਾ ਕੇ ਸੰਗਤਾਂ ਦੀ ਸੇਵਾ ਕੀਤੀ ਗਈ। ਨਗਰ ਕੀਰਤਨ 'ਚ ਹਾਜ਼ਰੀਆਂ ਭਰਨ ਵਾਲੀਆਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖਸੀਅਤਾਂ ਸਮੇਤ ਹੋਰਨਾਂ ਦਾ ਮੁੱਖ ਸੇਵਾਦਾਰ ਬਾਬਾ ਸਰਬਜੋਤ ਸਿੰਘ ਜੀ ਡਾਂਗੋ ਵਾਲਿਆਂ ਵੱਲੋਂ ਸਨਮਾਨ ਕੀਤਾ ਗਿਆ। ਇਸ ਨਗਰ ਕੀਰਤਨ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਜਪਾ ਆਗੂ ਗੁਰਦੀਪ ਸਿੰਘ ਗੋਸ਼ਾ ਨੂੰ ਵੀ ਬਾਬਾ ਜੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਗੁਰਦੀਪ ਸਿੰਘ ਗੋਸ਼ਾ ਨੇ ਕਿਹਾ ਕਿ ਬਾਬਾ ਸਰਬਜੋਤ ਸਿੰਘ ਜੀ ਡਾਂਗੋ ਵਾਲਿਆਂ ਵੱਲੋਂ ਧਾਰਮਿਕ ਤੇ ਸਮਾਜਿਕ ਖੇਤਰ ਵਿੱਚ ਪਾਇਆ ਜਾਂਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ।

## ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਗੁਰਦੁਆਰਾ ਥੜ੍ਹਾ ਸਾਹਿਬ ਸਮਾਣਾ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਦਲ ਪੰਜਾਬ ਦੇ ਮੁੱਖ ਸੇਵਾਦਾਰ ਜਥੇਦਾਰ ਦਲਜੀਤ ਸਿੰਘ ਪੰਜਰਥ ਦੀ ਦੇਖ ਰੇਖ ਹੇਠ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਦਲਜੀਤ ਸਿੰਘ ਪੰਜਰਥ ਨੇ ਦੱਸਿਆ ਕਿ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪੈਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਖੁੱਲ੍ਹੇ ਪੰਡਾਲ ਵਿੱਚ ਸੁਸ਼ੋਭਿਤ ਕੀਤਾ ਗਿਆ, ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਵਿੱਚ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ ਤੇ ਢਾਡੀ ਸਿੰਘਾਂ ਵੱਲੋਂ ਬਾਬਾ ਦੀਪ ਸਿੰਘ ਦੀਆਂ ਵਾਰਾਂ ਗਾਈਆਂ ਗਈਆਂ ਤੇ ਉਨ੍ਹਾ ਦੇ ਜੀਵਨ 'ਤੇ ਚਾਨਣਾ ਪਾਇਆ। ਜਥੇਦਾਰ ਦਲਜੀਤ ਸਿੰਘ ਪੰਜਰਥ ਨੇ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਨਾਉਣ ਲਈ ਵਿਸ਼ੇਸ਼ ਤੌਰ 'ਤੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਬਾਬਾ ਵਿਸ਼ਵਪ੍ਰਤਾਪ ਸਿੰਘ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਬਾਬਾ ਦੀਪ ਸਿੰਘ ਦਲ ਪੰਜਾਬ ਵੱਲੋਂ ਸ਼ਹਿਰ ਦੇ ਪਤਵੰਤੇ ਸੱਜਣਾਂ, ਪੱਤਰਕਾਰ ਸਾਹਿਬਾਨਾਂ ਤੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਬੁੱਢਾ ਦਲ ਦੇ ਜਥੇਦਾਰ ਬਾਬਾ ਵਿਸ਼ਵ ਪ੍ਰਤਾਪ ਸਿੰਘ, ਬਾਬਾ ਦੀਪ ਸਿੰਘ ਦਲ ਪੰਜਾਬ ਦੇ ਮੁੱਖ ਸੇਵਾਦਾਰ ਜਥੇਦਾਰ ਦਲਜੀਤ ਸਿੰਘ ਪੰਜਰਥ, ਬਾਬਾ ਬਲਬੀਰ ਸਿੰਘ ਗੜ੍ਹੀ ਸਾਹਿਬ, ਭੁਪਿੰਦਰ ਸਿੰਘ ਗਿਨੀ ਮੈਂਬਰ ਐੱਸ ਜੀ ਪੀ ਸੀ ਦਿੱਲੀ, ਬਾਬਾ ਸੁਖਦੇਵ ਸਿੰਘ ਬੁੱਢਾ ਦਲ, ਬਾਬਾ ਸੁਖਦੇਵ ਸਿੰਘ ਨਾਨਕਸਰ ਕਲੇਰਾਂ ਵਾਲੇ, ਰਜਿੰਦਰ ਸਿੰਘ ਜੈਲਦਾਰ, ਗੁਰਦਰਸ਼ਨ ਸਿੰਘ ਗਾਂਧੀ ਨਨਾਣਸੂ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

## ਪੁਲਸ ਨੇ 2 ਨਸ਼ਾ ਤਸਕਰ ਕੀਤੇ ਕਾਬੂ, ਕਰੋੜਾਂ ਦੀ ਹੈਰੋਇਨ ਬਰਾਮਦ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਪੁਲਸ ਨੇ ਹੈਰੋਇਨ ਸਪਲਾਈ ਕਰਨ ਆ ਰਹੇ ਦੋ ਸਮੱਗਲਰਾਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 1 ਕਰੋੜ ਰੁਪਏ ਦੀ 200 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।ਸੀ.ਆਈ.ਏ. ਸਟਾਫ਼ ਦੇ ਏ.ਐਸ.ਆਈ ਗੁਰਚਰਨ ਸਿੰਘ ਅਨੁਸਾਰ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਸਤਨਾਮ ਸਿੰਘ ਸੱਤੂ ਪਿੰਡ ਮਹਿੰਦੀਪੁਰ ਜ਼ਿਲ੍ਹਾ ਤਰਨਤਾਰਨ ਤੇ ਸੁੱਖਾ ਸਿੰਘ ਬਿੱਟੂ ਪਿੰਡ ਸੰਘੇੜਾ ਜ਼ਿਲ੍ਹਾ ਮੋਗਾ ਵੱਡੇ ਪੱਧਰ 'ਤੇ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ।

ਪਤਾ ਲੱਗਾ ਕਿ ਇਹ ਦੋਵੇਂ ਹੈਰੋਇਨ ਸਪਲਾਈ ਕਰਨ ਲਈ ਮੱਲਾਂਵਾਲਾ ਤੋਂ ਬਾਈਕ 'ਤੇ ਫ਼ਿਰੋਜ਼ਪੁਰ ਵੱਲ ਆ ਰਹੇ ਸਨ।ਸੂਚਨਾ ਦੇ ਆਧਾਰ 'ਤੇ ਪਿੰਡ ਸੋਢੇਵਾਲਾ 'ਚ ਨਾਕਾ ਲਾਇਆ ਹੋਇਆ ਸੀ ਤਾਂ ਬਾਈਕ 'ਤੇ ਆ ਰਹੇ ਦੋਵਾਂ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 200 ਗ੍ਰਾਮ ਹੈਰੋਇਨ ਬਰਾਮਦ ਹੋਈ।ਮੁਲਜ਼ਮਾਂ ਖ਼ਿਲਾਫ਼ ਥਾਣਾ ਸਦਰ ਵਿੱਚ ਐਨ.ਡੀ.ਪੀ.ਐਸ. ਐਕਟ ਤਹਿਤ ਪਰਚਾ ਦਰਜ ਕਰਕੇ ਉਨ੍ਹਾਂ ਪਾਸੋਂ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੁ ਨਸ਼ੇ ਦੇ ਇਸ ਨੈੱਟਵਰਕ ਦਾ ਪਰਦਾਫਾਸ਼ ਕੀਤਾ ਜਾ ਸਕੇ।

## ਮੰਗਾਂ ਨਾ ਮੰਨੀਆਂ ਤਾਂ ਕਿਸਾਨ ਦੁੱਗਣੀ ਤਾਕਤ ਨਾਲ ਸੰਘਰਸ਼ ਮੈਦਾਨ 'ਚ ਪਰਤਣਗੇ : ਢੀਂਡਸਾ



ਸਮਰਾਲਾ (ਸੁਰਜੀਤ ਸਿੰਘ)-ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਸੱਦੇ ਨੂੰ ਮੁੱਖ ਰੱਖਦੇ ਹੋਏ 26 ਜਨਵਰੀ ਨੂੰ ਜ਼ਿਲ੍ਹਾ ਲੁਧਿਆਣਾ ਅੰਦਰ ਕਿਸਾਨਾਂ ਵੱਲੋਂ ਕੇਂਦਰ ਸਰਕਾਰ ਨੂੰ ਹਲੂਣਾ ਦੇਣ ਦੇ ਮਕਸਦ ਨਾਲ ਕੀਤੀ ਗਈ ਟਰੈਕਟਰ ਪਰੇਡ ਵਿੱਚ ਕਿਸਾਨਾਂ ਨੇ ਜਿਸ ਉਤਸ਼ਾਹ ਨਾਲ ਭਾਗ ਲਿਆ ਉਸ ਪ੍ਰਤੀ ਧੰਨਵਾਦ ਸ਼ਬਦ ਵੀ ਛੋਟਾ ਪੈ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਜ਼ਿਲ੍ਹਾ ਲੁਧਿਆਣਾ (ਪੂਰਬੀ) ਦੇ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਨੇ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਸਮਰਾਲਾ ਤਹਿਸੀਲ ਅੰਦਰ 26 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੀਤੀ ਟਰੈਕਟਰ ਪ੍ਰੇਡ ਵਿੱਚ ਪੁੱਜੇ ਹਜ਼ਾਰਾਂ ਕਿਸਾਨਾਂ ਦਾ ਉਤਸ਼ਾਹ ਦੇਖਣ ਵਾਲਾ ਸੀ। ਇਸ ਪਰੇਡ ਨੇ ਕੇਂਦਰ ਸਰਕਾਰ ਨੂੰ ਮੁੜ ਸੋਚੀਂ ਪਾ ਦਿੱਤਾ ਹੈ ਕਿ ਸੰਯੁਕਤ ਕਿਸਾਨ ਮੋਰਚਾ ਮੁੜ ਕਾਰਜਸ਼ੀਲ ਹੋ ਗਿਆ ਹੈ। ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਇੱਕ ਵਾਰ ਫਿਰ ਦਿਖਾ ਦਿੱਤਾ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੀ ਤਾਕਤ ਵਿੱਚ ਅਜੇ ਕੋਈ ਕਮੀ ਨਹੀਂ ਆਈ, ਸਗੋਂ ਜੇਕਰ ਭਵਿੱਖ ਵਿੱਚ ਸੰਘਰਸ਼ ਦੀ ਮੁੜ ਲੋੜ ਪਈ ਤਾਂ ਕਿਸਾਨ ਤੇ ਮਜ਼ਦੂਰ ਪਹਿਲਾਂ ਨਾਲੋਂ ਵੀ ਦੁੱਗਣੀ ਤਾਕਤ ਨਾਲ ਉੱਠ ਖੜੇ ਹੋਣਗੇ, ਜਿਸਦਾ ਭਾਰ ਪੰਜਾਬ ਸਰਕਾਰ ਤਾਂ ਕੀ, ਮੋਦੀ ਦੀ ਕੇਂਦਰ ਸਰਕਾਰ ਵੀ ਨਹੀਂ ਝੱਲ ਸਕੇਗੀ। ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਨੂੰ ਠੰਡੇ ਬਸਤੇ ਵਿੱਚ ਪਾ ਕੇ ਇਹ ਭਰਮ ਪਾਲ ਲਿਆ ਸੀ, ਭਾਜਪਾ ਜਿਸ ਤਰ੍ਹਾਂ ਆਪਣੇ ਸਿਆਸੀ ਦਾਅ ਪੇਚ ਖੇਡ ਕੇ ਵੱਖ-ਵੱਖ ਪਾਰਟੀਆਂ ਦੇ ਸਿਆਸੀ ਲੋਕਾਂ ਨੂੰ ਆਪਣੇ ਭਰਮ ਜਾਲ ਵਿੱਚ ਫਸਾ ਕੇ ਕੂਟਨੀਤੀ ਖੇਡ ਸਕਦੀ ਹੈ, ਉਸੇ ਤਰ੍ਹਾਂ ਉਹ ਕਿਸਾਨਾਂ ਨੂੰ ਵੀ ਬੁੱਧੂ ਬਣਾ ਕੇ ਆਪਣੇ ਮਗਰ ਲਾ ਕੇ ਆਪਣੇ ਕੀਤੇ ਵਾਅਦੇ ਤੋਂ ਮੁੱਕਰ ਜਾਵੇਗੀ। ਯੂਨੀਅਨ ਦੇ ਅਹੁਦੇਦਾਰਾਂ ਵੱਲੋਂ ਪਿੰਡ ਪੱਧਰ ਤੱਕ ਆਮ ਲੋਕਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ। 16 ਫਰਵਰੀ ਦਾ ਗ੍ਰਾਮੀਣ ਭਾਰਤ ਬੰਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਿਸਾਨ ਵਿਰੋਧੀ ਚਿਹਰੇ ਨੂੰ ਪੂਰੀ ਦੁਨੀਆ ਵਿੱਚ ਉਜਾਗਰ ਕਰ ਦੇਵੇਗਾ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਰਾਮਪੁਰਾ ਦੀ ਮਹੀਨਾਵਾਰ ਮੀਟਿੰਗ ਪਿੰਡ ਰਾਮਪੁਰਾ ਦੇ ਵੱਡੇ ਗੁਰਦੁਆਰਾ ਸਾਹਿਬ ਵਿਖੇ ਡਾਕਟਰ ਜਗਤਾਰ ਸਿੰਘ ਫੂਲ ਜ਼ਿਲ੍ਹਾ ਪ੍ਰਧਾਨ, ਡਾਕਟਰ ਨਿਰਮਲ ਸਿੰਘ ਚਾਉਕੇ ਬਲਾਕ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਡਾਕਟਰ ਮਲਕੀਤ ਸਿੰਘ ਸੰਧੂ ਖੁਰਦ ਅਤੇ ਬਲਾਕ ਕੈਸ਼ੀਅਰ ਡਾਕਟਰ ਕੌਰ ਸਿੰਘ ਦੀ ਮੌਜੂਦਗੀ ਵਿੱਚ ਸ਼ੁਰੂ ਕੀਤੀ। ਮੀਟਿੰਗ ਵਿੱਚ ਡਾਕਟਰ ਸਾਥੀਆਂ ਨੇ ਵਿਚਾਰ ਸਾਂਝੇ ਕੀਤੇ। ਮੀਟਿੰਗ ਦਾ ਮੁੱਖ ਮੁੱਦਾ ਜਥੇਬੰਦੀ ਦੀ ਮੁੱਖ ਮੰਗ ਉਨ੍ਹਾਂ ਪ੍ਰੈਕਟੀਸ਼ਨਰਾਂ ਬਾਰੇ ਸੀ, ਜਿਹੜੇ ਦਿਹਾਤੀ ਖੇਤਰਾਂ ਵਿੱਚ ਆਪਣੀਆਂ 24 ਘੰਟੇ ਸਸਤੀਆਂ ਮੁੱਢਲੀਆਂ ਸਿਹਤ ਸੇਵਾਵਾਂ ਦੇ ਰਹੇ ਹਨ, ਪਰ ਸਰਕਾਰ ਨੇ ਇਨ੍ਹਾਂ ਨੂੰ ਅਣਗੌਲਿਆ ਕਰ ਰੱਖਿਆ ਹੈਠ ਜਿਸ ਨੂੰ ਲੈ ਕੇ ਜਥੇਬੰਦੀ ਵਿੱਚ ਭਾਰੀ ਰੋਸ ਹੈ। ਮੀਟਿੰਗ ਦੇ ਅਖੀਰ 'ਚ ਬਲਾਕ ਦੇ ਜਨਰਲ ਸਕੱਤਰ ਡਾਕਟਰ ਦੇਵ ਰਾਜ ਵੱਲੋਂ ਮੀਟਿੰਗ ਵਿੱਚ ਹਾਜ਼ਰ ਸਾਰੇ ਹੀ ਸਤਿਕਾਰਯੋਗ ਡਾਕਟਰ ਸਾਥੀਆਂ ਦਾ ਧੰਨਵਾਦ ਕੀਤਾ ਗਿਆ।

## ਗਣਤੰਤਰ ਦਿਵਸ ਮੌਕੇ ਮੋਨੋਐਕਟਿੰਗ ਮੁਕਾਬਲਾ ਕਰਾਇਆ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸਿਲਵਰ ਓਕਸ ਸਕੂਲ ਰਾਮਪੁਰਾ ਰੋਡ, ਬਠਿੰਡਾ ਵੱਲੋਂ ਗਣਤੰਤਰ ਦਿਵਸ ਮਨਾਇਆ ਗਿਆ। ਵਿਦਿਆਰਥੀ ਤਿਰੰਗੇ ਝੰਡੇ ਵਾਲੇ ਰੰਗਾਂ ਦੇ ਪਹਿਰਾਵੇ ਵਿੱਚ ਸਜ ਕੇ ਸਕੂਲ ਪਹੁੰਚੇ। ਇਸ ਦਿਨ ਦੀ ਮਹੱਤਤਾ ਨੂੰ ਦਰਸਾਉਣ ਲਈ ਖਾਸ ਸਭਾ ਦਾ ਅਯੋਜਨ ਕੀਤਾ ਗਿਆ। ਸਭਾ ਦੀ ਸ਼ੁਰੂਆਤ ਇੱਕ ਭਾਸ਼ਣ ਰਾਹੀਂ ਕੀਤੀ ਗਈ, ਜਿਸ ਵਿੱਚ ਵਿਦਿਆਰਥੀਆਂ ਨੂੰ ਤਿੰਨ ਭਾਸ਼ਾਵਾਂ ਅੰਗਰੇਜ਼ੀ, ਪੰਜਾਬੀ, ਹਿੰਦੀ ਰਾਹੀਂ ਭਾਰਤੀ ਸੰਵਿਧਾਨ ਤੇ ਗਣਤੰਤਰ ਦਿਵਸ ਮਨਾਉਣ ਦੇ ਬਹੁਤ ਸਾਰੇ ਪੱਖਾਂ ਬਾਰੇ ਜਾਣਕਾਰੀ ਦਿੱਤੀ ਗਈ, ਜਿਵੇਂ ਸੰਵਿਧਾਨ ਦੀ ਮਹੱਤਤਾ ਸੈਨਿਕਾਂ ਦੀ ਅਣਥੱਕ ਮਿਹਨਤ ਉਨ੍ਹਾਂ ਦੇ ਫ਼ਰਜ਼ਾਂ, ਕਰਤੱਵਾਂ ਤੇ ਇਸ ਦੇ ਨਾਲ ਹੀ ਜਾਣੇ-ਅਣਜਾਣੇ ਸੁਤੰਤਰਤਾ ਸੁਨਾਮੀਆਂ ਬਾਰੇ ਬੱਚਿਆਂ ਨੂੰ ਵਿਸਥਾਰ ਨਾਲ ਦੱਸਿਆ ਗਿਆ। ਇਸ ਤੋਂ ਬਾਅਦ ਜਮਾਤ ਤੀਜੀ ਤੋਂ ਛੇਵੀਂ ਤੱਕ ਦੇ ਵਿਦਿਆਰਥੀਆਂ ਵਿਚਕਾਰ ਮੋਨੋ ਐਕਟਿੰਗ ਮੁਕਾਬਲਾ ਵੀ ਕਰਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਬਹਾਦਰ ਵੀਰਾਂ ਦੇ ਚਰਿਤਰਾਂ ਨੂੰ ਹੂਬਹੂ ਪੇਸ਼ ਕਰਕੇ ਦੇਸ਼ ਲਈ ਪਿਆਰ ਭਾਵਨਾ ਨੂੰ ਪੇਸ਼ ਕੀਤਾ। ਬਾਅਦ ਵਿੱਚ ਸਕੂਲ ਦੇ ਮੁੱਖ ਅਧਿਆਪਕਾ ਸ੍ਰੀਮਤੀ ਛਾਇਆ ਵਿਨੋਚਾ ਵੱਲੋਂ ਵਿਦਿਆਰਥੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੰਦੇ ਹੋਏ ਸੰਵਿਧਾਨ ਤੋਂ ਕੁਝ ਸਿੱਖਦੇ ਹੋਏ ਰੋਜ਼ਾਨਾ ਜ਼ਿੰਦਗੀ ਵਿੱਚ ਆਪਣੇ ਫ਼ਰਜ਼ਾਂ ਨੂੰ ਸਹੀ ਤਰੀਕੇ ਨਾਲ ਪੂਰਿਆ ਕਰਨ ਲਈ ਪ੍ਰੇਰਿਤ ਕੀਤਾ ਅਤੇ ਬਹਾਦਰ ਆਜ਼ਾਦੀ ਘੁਲਾਟੀਆਂ ਤੋਂ ਨਿਡਰਤਾ, ਬਲਿਦਾਨ ਅਤੇ ਦੇਸ਼ ਭਗਤੀ ਲਈ ਪਿਆਰ ਜਿਹੇ ਗੁਣਾਂ ਨੂੰ ਅਪਣਾਉਣ ਦਾ ਸੰਦੇਸ਼ ਦਿੱਤਾ।

## ਵੋਟ ਦੀ ਵਰਤੋਂ ਬਿਨਾਂ ਕਿਸੇ ਲਾਲਚ ਤੇ ਡਰ ਤੋਂ ਕਰੋ : ਲੌਂਗੋਵਾਲ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਕੌਮੀ ਸੇਵਾ ਯੋਜਨਾ ਇਕਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਵੱਲੋਂ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਅਰੁਣ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪ੍ਰਿੰਸੀਪਲ ਨਵਰਾਜ ਕੌਰ ਦੀ ਅਗਵਾਈ ਵਿੱਚ ਵੋਟ ਦੀ ਮਹੱਤਤਾ ਬਾਰੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਵੋਟ ਦੀ ਸੁਚੱਜੀ ਵਰਤੋਂ ਬਾਰੇ ਜਾਗਰੂਕ ਕਰਨਾ ਸੀ।

ਇਸ ਮੌਕੇ ਰਾਜੇਸ਼ ਕੁਮਾਰ ਲੈਕਚਰਾਰ ਹਿਸਟਰੀ ਨੇ ਵਿਦਿਆਰਥੀਆਂ ਨੂੰ ਵੋਟ ਬਣਵਾਉਣ ਤੇ ਇਸਦੀ ਸੁਚੇਤ ਰਹਿ ਕੇ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਇੱਕ ਸਮਾਂ ਅਜਿਹਾ ਸੀ ਜਦੋਂ ਕੁਝ ਗਿਣਵੇਂ-ਚੁਣਵੇਂ ਲੋਕਾਂ ਨੂੰ ਇਹ ਅਧਿਕਾਰ ਪ੍ਰਾਪਤ ਸੀ। ਆਮ ਲੋਕਾਂ ਨੂੰ ਇਹ ਅਧਿਕਾਰ ਬਹੁਤ ਮੁਸ਼ਕਲ ਅਤੇ ਸੰਘਰਸ਼ ਨਾਲ ਮਿਲਿਆ ਹੈ। ਇਸ ਲਈ ਜਦੋਂ ਵੀ 18 ਸਾਲ ਦੀ ਉਮਰ ਹੁੰਦੀ ਹੈ ਤਾਂ ਸਾਨੂੰ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਵੋਟ ਬਣਵਾਉਣੀ ਚਾਹੀਦੀ ਹੈ। ਵਿਦਿਆਰਥੀਆਂ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਪ੍ਰੋਗਰਾਮ ਅਫਸਰ ਪਰਮਿੰਦਰ ਕੁਮਾਰ ਲੌਂਗੋਵਾਲ ਨੇ ਕਿਹਾ ਕਿ ਸਾਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਸਮਝਦਾਰੀ ਨਾਲ ਕਰਨੀ ਚਾਹੀਦੀ ਹੈ। ਸਾਨੂੰ ਆਪਣੇ ਦੇਸ਼ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਬਿਨਾਂ ਕਿਸੇ ਲਾਲਚ, ਡਰ, ਜਾਤ-ਪਾਤ, ਧਰਮ ਤੋਂ ਉਪਰ ਉੱਠ ਕੇ ਕਰਨੀ ਚਾਹੀਦੀ ਹੈ, ਜਿਹੜੀ ਕਿ ਇੱਕ ਚੰਗੇ ਨਾਗਰਿਕ ਹੋਣ ਦਾ ਸਬੂਤ ਦਿੰਦੀ ਹੈ। ਇਸ ਮੌਕੇ ਮੈਡਮ ਹਰਦੇਵ ਕੌਰ ਦੀ ਦੇਖ-ਰੇਖ ਵਿੱਚ ਤਿਆਰ ਕੀਤੇ ਚਾਰਟਾਂ ਨਾਲ ਵੀ ਵਿਦਿਆਰਥੀਆਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ। ਵਿਦਿਆਰਥਣ ਕੰਵਲਪ੍ਰੀਤ ਕੌਰ ਤੇ ਬੂਟਾ ਸਿੰਘ ਨੇ ਵੀ ਵੋਟ ਦੀ ਮਹੱਤਤਾ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਵਿਚਾਰ ਚਰਚਾ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕਰਦਿਆਂ ਪ੍ਰਿੰਸੀਪਲ ਨਵਰਾਜ ਕੌਰ ਨੇ ਕਿਹਾ ਕਿ ਸਾਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਸਮਝਦਾਰੀ ਨਾਲ ਕਰਕੇ ਲੋਕਤੰਤਰ ਵਿੱਚ ਵਿਸ਼ਵਾਸ ਪ੍ਰਗਟਾਉਣਾ ਚਾਹੀਦਾ ਹੈ।

## ...ਸ.ਫਾ 3 ਦੇ ਬਾਕੀ

### ਮਜ਼ਦੂਰਾਂ ਦੀ ਜ਼ਿੰਦਗੀ ਨਾਲ...

ਲਿਆਂਦਾ ਗਿਆ। ਦੱਸਿਆ ਗਿਆ ਕਿ ਕਾਮਰੇਡ ਕੰਨੂ ਨੇ ਜ਼ਿੰਦਗੀ ਦੀਆਂ 99 ਧੁੱਪਾਂ-ਛਾਵਾਂ ਦੇਖ ਲਈਆਂ ਹਨ ਤੇ ਉਹ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਏਨੀ ਵਡੇਰੀ ਉਮਰ ਵਿੱਚ ਵੀ ਤਤਪਰ ਰਹਿੰਦੇ ਹਨ। ਗੁਲਜ਼ਾਰ ਗੋਰੀਆ ਵੱਲੋਂ ਵਿਸਥਾਰ ਨਾਲ ਪੇਸ਼ ਕੀਤੀ ਰਿਪੋਰਟ ਨੂੰ ਹਾਊਸ ਨੇ ਸਰਬ-ਸੰਮਤੀ ਨਾਲ ਪਾਸ ਕਰ ਦਿੱਤਾ। ਇਸ ਦੌਰਾਨ ਰਿਪੋਰਟ 'ਤੇ ਬਹਿਸ ਸ਼ੁਰੂ ਹੋ ਗਈ। ਪੰਜਾਬ ਤੋਂ ਦੇਵੀ ਕੁਮਾਰੀ ਸਰਹਾਲੀ ਕਲਾਂ, ਆਂਧਰਾ ਪ੍ਰਦੇਸ਼ ਦੇ ਮਜ਼ਦੂਰ ਆਗੂ ਚੰਦਰ ਸ਼ੇਖਰ ਅਤੇ ਕੇਰਲਾ ਤੋਂ ਬਾਬੂ ਸਮੇਤ ਬਹੁਤ ਸਾਰੇ ਮੈਂਬਰਾਂ ਨੇ ਬਹਿਸ ਵਿੱਚ ਹਿੱਸਾ ਲਿਆ। ਇਸ ਤੋਂ ਪਹਿਲਾਂ ਪੇਰੀਆ ਸਾਮੀ ਨੇ ਦੱਸਿਆ ਕਿ ਦਿੱਲੀ ਤੋਂ ਚੇਨਈ ਪਹੁੰਚਣ ਵਾਲੀ ਟਰੇਨ ਤਾਮਿਲਨਾਡੂ ਐੱਕਸਪ੍ਰੈੱਸ ਦੇ ਲੇਟ ਹੋ ਜਾਣ ਕਾਰਨ ਪਹਿਲੇ ਦਿਨ ਦੀ ਮੀਟਿੰਗ ਵਿੱਚ ਗੁਲਜ਼ਾਰ ਸਿੰਘ ਗੋਰੀਆ ਅਤੇ ਹੋਰ ਆਗੂਆਂ ਦੀ ਗੈਰ-ਮੌਜੂਦਗੀ ਵਿੱਚ ਸੀ ਪੀ ਆਈ ਦੇ ਸਕੱਤਰ ਅਤੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਸੀਨੀਅਰ ਆਗੂ ਨਗੇਂਦਰ ਨਾਥ ਓਝਾ ਨੇ ਦੇਸ਼ ਦੀ ਸਿਆਸੀ, ਸਮਾਜੀ ਤੇ ਆਰਥਕ ਸਥਿਤੀ 'ਤੇ ਵਿਸਥਾਰ ਨਾਲ ਚਾਨਣਾ ਪਾਇਆ। ਖ਼ਬਰ ਲਿਖੇ ਜਾਣ ਮੌਕੇ ਰਿਪੋਰਟ 'ਤੇ ਬਹਿਸ ਜਾਰੀ ਸੀ। ਨੈਸ਼ਨਲ ਜਨਰਲ ਕੌਂਸਲ ਦੀ ਮੀਟਿੰਗ ਮੰਗਲਵਾਰ ਤੱਕ ਚੱਲੇਗੀ।

### ਕਾਮਰੇਡ ਹੁਕਮ ਚੰਦ ਜਿੰਦਲ...

ਜਸਪਾਲ ਮਾਨਖੇੜਾ ਅਤੇ ਜਰਨੈਲ ਸਿੰਘ ਨੇ ਵੀ ਕਾਮਰੇਡ ਜਿੰਦਲ ਦੀਆਂ ਪੁਰਾਣੀਆਂ ਯਾਦਾਂ ਨੂੰ ਸਾਂਝਾ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ।

ਸ਼ਰਧਾਂਜਲੀ ਸਮਾਗਮ ਵਿੱਚ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਕੌਮੀ ਕੌਂਸਲ ਮੈਂਬਰ ਕਰਮਵੀਰ ਬੱਧਨੀ, ਸਾਬਕਾ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ, ਸਾਬਕਾ ਸੂਬਾ ਸਕੱਤਰ ਕੁਲਦੀਪ ਭੋਲਾ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਬਲਕਰਨ ਬਰਾੜ, ਜਗਜੀਤ ਜੋਗਾ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ, ਸੂਬਾ ਸਕੱਤਰ ਪ੍ਰਿਤਪਾਲ ਪੰਜਾਬੀ ਯੂਨੀਵਰਸਿਟੀ, ਪ੍ਰਗਤੀਸ਼ੀਲ ਲੇਖਕ ਸੰਘ ਦੇ ਡਾ. ਸੰਤੋਖ ਸਿੰਘ ਸੁੱਖੀ, ਬਲਵਿੰਦਰ ਭੱਟੀ, ਦੀਪਕ ਧਲੇਵਾਂ, ਕਹਾਣੀਕਾਰ ਦਰਸ਼ਨ ਜੋਗਾ, ਨਿਰੰਜਣ ਬੋਹਾ, ਆਗਾਜ਼ਬੀਰ, ਰਾਣਾ ਰਣਬੀਰ, ਸਾਬਕਾ ਸੂਬਾ ਸਕੱਤਰ ਵਰਿੰਦਰ ਖੁਰਾਣਾ, ਗੁਰਜੰਟ ਸਿੰਘ ਤੇ ਸਾਬਕਾ ਮੰਤਰੀ ਚਿਰੰਜੀ ਲਾਲ ਗਰਗ ਆਦਿ ਹਾਜ਼ਰ ਸਨ।

## ਝਾਕੀਆਂ ਦਾ ਚੁਫੇਰਿਓਂ ਨਿੱਘਾ ਸਵਾਗਤ



ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪੰਜਾਬ ਸਰਕਾਰ ਵੱਲੋਂ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬੀਆਂ ਦੇ ਅਹਿਮ ਯੋਗਦਾਨ, ਮਹਿਲਾ ਸਸ਼ਕਤੀਕਰਨ ਤੇ ਸੂਬੇ ਦੇ ਅਮੀਰ ਸਭਿਆਚਾਰ ਨੂੰ ਰੂਪਮਾਨ ਕਰਦੀਆਂ ਤਿੰਨੇ ਝਾਕੀਆਂ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਧੂਰੀ ਵਿੱਚ ਵੱਖ-ਵੱਖ ਥਾਈਂ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ। ਬਾਅਦ ਦੁਪਹਿਰ ਇਹ ਝਾਕੀਆਂ ਪਿੰਡ ਬੇਨੜਾ ਪਹੁੰਚੀਆਂ, ਜਿਸ ਤੋਂ ਬਾਅਦ ਧੂਰੀ ਸ਼ਹਿਰ ਵਿਖੇ ਪੁੱਜੀਆਂ ਜਿੱਥੇ ਇਨ੍ਹਾਂ ਝਾਕੀਆਂ ਦਾ ਸਮਾਜ ਦੇ ਵੱਖ-ਵੱਖ ਵਰਗਾਂ ਦੇ ਵੱਡੀ ਗਿਣਤੀ ਨਾਮਵਰ ਆਗੂਆਂ ਤੇ ਹਲਕਾ ਵਾਸੀਆਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਉਪ ਮੰਡਲ ਮੈਜਿਸਟ੍ਰੇਟ ਧੂਰੀ ਅਮਿਤ ਗੁਪਤਾ, ਡੀ.ਐਸ.ਪੀ. ਤਲਵਿੰਦਰ ਸਿੰਘ ਗਿੱਲ, ਮੁੱਖ ਮੰਤਰੀ ਦਫ਼ਤਰ ਤੋਂ ਅੰਮ੍ਰਿਤਪਾਲ ਬਰਾੜ, ਵਪਾਰ ਮੰਡਲ ਪੰਜਾਬ ਦੇ ਸੂਬਾ ਐਕਟਿੰਗ ਪ੍ਰਧਾਨ ਵਿਕਾਸ ਜੈਨ ਸਮੇਤ ਹੋਰਾਂ ਨੇ ਗਰਮਜੋਸ਼ੀ ਨਾਲ ਝਾਕੀਆਂ ਦਾ ਸਵਾਗਤ ਕਰਦਿਆਂ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਝਾਕੀਆਂ ਦੇਖਣ ਲਈ ਵੱਖ-ਵੱਖ ਇਲਾਕਿਆਂ ਵਿੱਚੋਂ ਪੁੱਜੇ ਵੱਡੀ ਗਿਣਤੀ ਲੋਕਾਂ ਵੱਲੋਂ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਮਾਣਮੱਤੇ ਇਤਿਹਾਸ ਅਤੇ ਵਿਰਸੇ ਨੂੰ ਦਰਸਾਉਂਦੀਆਂ ਇਨ੍ਹਾਂ ਝਾਕੀਆਂ ਨੂੰ ਪੰਜਾਬ ਵਾਸੀਆਂ ਦੀ ਕਚਹਿਰੀ ਵਿੱਚ ਪੇਸ਼ ਕਰਨ ਦਾ ਕੀਤਾ ਗਿਆ ਉਪਰਾਲਾ ਸ਼ਲਾਘਾਯੋਗ ਹੈ।

## 'ਪ੍ਰੀਖਿਆ 'ਤੇ ਚਰਚਾ' ਮੌਕੇ ਹੇਮਕੁੰਟ ਸਕੂਲ ਦੇ ਵਿਦਿਆਰਥੀਆਂ ਨੇ ਸੁਣੇ ਪ੍ਰਧਾਨ ਮੰਤਰੀ ਦੇ ਵਿਚਾਰ



ਕੋਟ ਈਸੇ ਖਾਂ (ਅਜੇ ਅਰੋੜਾ)-ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੀ ਗਈ ਪ੍ਰੀਖਿਆ 'ਤੇ ਚਰਚਾ ਨੂੰ ਸ੍ਰੀ ਹੇਮਕੁੰਟ ਸੀਨੀ.ਸੈਕੰ. ਸਕੂਲ ਕੋਟ-ਈਸੇ-ਖਾਂ ਦੇ ਵਿਦਿਆਰਥੀਆਂ ਲਾਈਵ ਦੇਖਿਆ, ਜਿਸ ਦਾ ਫਾਇਦਾ ਦੇਸ਼ ਦੇ ਵਿਦਿਆਰਥੀਆਂ ਨੂੰ ਹੋਵੇਗਾ। ਮੋਦੀ ਜੀ ਨੇ ਬੱਚਿਆਂ ਨੂੰ ਮੋਬਾਈਲ ਦੇ ਫਾਇਦਿਆਂ ਅਤੇ ਨੁਕਸਾਨਾਂ ਬਾਰੇ ਦੱਸਦੇ ਹੋਏ ਕਿਹਾ ਕਿ ਜਿੱਥੇ ਮੋਬਾਈਲ ਦੇ ਫਾਇਦੇ ਹਨ, ਉੱਥੇ ਨੁਕਸਾਨ ਵੀ ਹਨ। ਕਈ ਵਾਰ ਬੱਚਾ ਇਧਰੋਂ ਉੱਧਰੋਂ ਜਾਣਕਾਰੀ ਇਕੱਠੀ ਕਰਦਾ ਆਪ ਹੀ ਉਲਝ ਜਾਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਿਦਿਆਰਥੀਆਂ ਨਾਲ ਪ੍ਰੀਖਿਆ ਸਬੰਧਤ ਸਿੱਧੀ ਗੱਲਬਾਤ ਕਰਦਿਆਂ ਵਿਦਿਆਰਥੀਆਂ ਨੂੰ ਕਿਹਾ ਕਿ ਸਾਨੂੰ ਤਣਾਅਮੁਕਤ ਹੋ ਕੇ ਇਮਤਿਹਾਨ ਦੇਣ ਲਈ ਕਿਹਾ। ਉਨ੍ਹਾਂ ਕਿਹਾ ਕਿ ਜ਼ਿੰਦਗੀ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਸਾਹਮਣਾ ਸਾਨੂੰ ਬਹੁਤ ਬਹਾਦਰੀ ਨਾਲ ਕਰਨਾ ਚਾਹੀਦਾ ਹੈ। ਇਸ ਸਮੇਂ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਐੱਮ.ਡੀ.ਮੈਡਮ ਰਣਜੀਤ ਕੌਰ ਸੰਧੂ, ਪ੍ਰਿੰਸੀਪਲ ਰਮਨਜੀਤ ਕੌਰ ਤੇ ਸਟਾਫ ਵੀ ਸ਼ਾਮਲ ਸੀ।

## ਮਾਤਾ ਸਾਹਿਬ ਕੌਰ ਖਾਲਸਾ ਕਾਲਜ ਵਿਖੇ ਅੱਜ ਹੋਵੇਗਾ ਰੂ-ਬ-ਰੂ ਪ੍ਰੋਗਰਾਮ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੀ ਤੇ ਪ੍ਰਿੰਸੀਪਲ ਡਾ. ਗੋਬਿੰਦ ਸਿੰਘ ਦੀ ਅਗਵਾਈ ਹੇਠ ਚੱਲ ਰਹੀ ਸੰਸਥਾ ਮਾਤਾ ਸਾਹਿਬ ਕੌਰ ਖਾਲਸਾ ਕਾਲਜ, ਤਲਵੰਡੀ ਭਾਈ ਵਿਖੇ 30 ਜਨਵਰੀ ਨੂੰ ਰੂ-ਬ-ਰੂ ਪ੍ਰੋਗਰਾਮ ਦੇ ਅੰਤਰਗਤ ਪ੍ਰਸਿੱਧ ਪੱਤਰਕਾਰ ਅਤੇ ਲੇਖਕ ਐੱਸ ਅਸ਼ੋਕ ਭੌਰਾ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ।ਪ੍ਰਿੰਸੀਪਲ ਡਾ. ਗੋਬਿੰਦ ਸਿੰਘ ਨੇ ਦੱਸਿਆ ਕਿ ਐੱਸ ਅਸ਼ੋਕ ਭੌਰਾ ਲੇਖਕ ਹੋਣ ਦੇ ਨਾਲ-ਨਾਲ ਪੱਤਰਕਾਰੀ ਦੇ ਖੇਤਰ ਵਿੱਚ ਅਮਰੀਕਾ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।ਉਹ ਕਾਲਜ ਕੈਂਪਸ ਵਿਖੇ ਪਹੁੰਚ ਕੇ ਵਿਦਿਆਰਥੀਆਂ ਨਾਲ ਆਪਣੇ ਖੇਤਰ ਨਾਲ ਸਬੰਧਤ ਕੀਮਤੀ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕਰਨਗੇ।ਇਸ ਦੇ ਨਾਲ ਹੀ ਉਹ ਪੱਤਰਕਾਰੀ ਦੇ ਖੇਤਰ ਵਿੱਚ ਰੁਜ਼ਗਾਰ ਨਾਲ ਸਬੰਧਤ ਮੌਕਿਆਂ ਨਾਲ ਵੀ ਚਾਨਣਾ ਪਾਉਣਗੇ।ਇਸ ਦੇ ਨਾਲ ਹੀ ਫਿੱਟ ਇੰਡੀਆ ਹਫ਼ਤੇ ਦੇ ਅੰਤਰਗਤ ਡਾ. ਤਰਸੇਮ ਸਿੰਘ, ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ ਬੰਗਾ ਸੰਸਥਾ ਵਿਖੇ ਪਹੁੰਚ ਕੇ ਵਿਦਿਆਰਥੀਆਂ ਨੂੰ ਸਿਹਤ ਸੰਭਾਲ ਤੇ ਤੰਦਰੁਸਤ ਰਹਿਣ ਬਾਰੇ ਮੁੱਲਵਾਨ ਵਿਚਾਰ ਸਾਂਝੇ ਕਰਨਗੇ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਮੋਦੀ ਸਰਕਾਰ ਦੇ ਪੁਤਲੇ ਫੂਕੇ



ਮੀਆਂਵਿੰਡ (ਰਵੀ ਖਹਿਰਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਦਿੱਲੀ ਲੱਗਣ ਜਾ ਰਹੇ 13 ਫ਼ਰਵਰੀ ਨੂੰ ਪੱਕੇ ਮੋਰਚੇ ਦੀਆਂ ਤਿਆਰੀਆਂ ਦੇ ਸਬੰਧੀ ਪਿੰਡ ਜਲਾਲਾਬਾਦ 'ਚ ਮੀਟਿੰਗ ਕੀਤੀ ਗਈ। ਵੱਖ-ਵੱਖ ਪਿੰਡਾਂ ਦੀਆਂ ਮੀਟਿੰਗਾਂ ਬਾਰੇ ਜ਼ਿਲ੍ਹਾ ਤਰਨਤਾਰਨ ਦੇ ਮੀਤ ਪ੍ਰਧਾਨ ਦਿਆਲ ਸਿੰਘ ਮੀਆਂਵਿੰਡ, ਜ਼ੋਨ ਪ੍ਰਧਾਨ ਮੁਖ਼ਤਾਰ ਸਿੰਘ ਬਿਹਾਰੀਪੁਰ, ਜ਼ੋਨ ਸਕੱਤਰ ਸਤਨਾਮ ਸਿੰਘ ਖੋਜਕੀਪੁਰ, ਖਜ਼ਾਨਚੀ ਸਾਹਿਬ ਸਿੰਘ ਨਰੋਤਮਪੁਰ ਅਤੇ ਪ੍ਰੈੱਸ ਸਕੱਤਰ ਹਰਜਿੰਦਰ ਸਿੰਘ ਘੱਗੇ ਨੇ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਵੱਖ-ਵੱਖ ਇਕਾਈਆਂ ਵਿੱਚ ਕਿਸਾਨਾਂ/ਮਜ਼ਦੂਰਾਂ ਨੂੰ ਲਾਮਬੰਦ ਕਰਕੇ ਦਿੱਲੀ ਦਰਬਾਰ ਤੋਂ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਲਈ ਲਏ ਜਾ ਰਹੇ ਫ਼ੈਸਲਿਆਂ 'ਤੇ ਕਿਸਾਨਾਂ/ਮਜ਼ਦੂਰਾਂ ਨਾਲ ਕੀਤੇ ਵਾਅਦਿਆਂ ਤੋਂ ਮੁੱਕਰਨ ਖਿਲਾਫ ਸੰਘਰਸ਼ ਕਰਨ ਲਈ ਤੱਤਪਰ ਹੈ। ਪਿੰਡ ਪੱਧਰੀ ਪੁਤਲੇ ਫੂਕਦਿਆਂ ਕੇਂਦਰ ਸਰਕਾਰ ਦੇ ਖ਼ਿਲਾਫ਼ ਜ਼ਬਰਦਸਤ ਨਾਅਰੇਬਾਜ਼ੀ ਕੀਤੀ।ਇਸ ਮੌਕੇ ਪਰਮਜੀਤ ਸਿੰਘ ਬਾਠ ਦਾਰਾਪੁਰ, ਬਲਜਿੰਦਰ ਸਿੰਘ ਆਲਮਪੁਰ, ਪ੍ਰਭਜੋਤ ਸਿੰਘ ਜਲਾਲਾਬਾਦ, ਵਿਰਸਾ ਸਿੰਘ ਜਲਾਲਾਬਾਦ, ਬਿਕਰਮਜੀਤ ਸਿੰਘ ਮੀਆਂਵਿੰਡ, ਤਰਲੋਚਨ ਸਿੰਘ ਨਰੋਤਮਪੁਰ, ਮੁਖਤਾਰ ਸਿੰਘ ਨਰੋਤਮਪੁਰ, ਬਲਜੀਤ ਸਿੰਘ ਘੱਗੇ, ਗੁਰਪ੍ਰੀਤ ਸਿੰਘ ਘੱਗੇ, ਜਗਜੀਤ ਸਿੰਘ ਭਲੋਜਲਾ, ਰਵਿੰਦਰ ਸਿੰਘ ਭਲੋਜਲਾ, ਸੁਖਚੈਨ ਸਿੰਘ ਦਾਰਾਪੁਰ, ਰੂਪ ਸਿੰਘ ਵੈਰੋਵਾਲ ਬਾਵੇ, ਜਸਬੀਰ ਸਿੰਘ ਪਿੰਡੀਆਂ, ਲਵਜੀਤ ਸਿੰਘ ਖੋਜਕੀਪੁਰ, ਸੂਬੇਦਾਰ ਮੋਹਨ ਸਿੰਘ ਖੋਜਕੀਪੁਰ, ਕੰਵਰਜੀਤ ਸਿੰਘ ਬਹਾਦਰਪੁਰ, ਤਜਿੰਦਰ ਸਿੰਘ ਬਹਾਦਰਪੁਰ, ਹਰਜੀਤ ਸਿੰਘ ਹੋਠੀਆਂ, ਗੁਰਦੀਪ ਸਿੰਘ ਗਗੜੇਵਾਲ, ਜੈਕਾਰ ਸਿੰਘ ਗਗੜੇਵਾਲ, ਬਲਬੀਰ ਸਿੰਘ ਪੰਨੂੰ ਰਾਮਪੁਰ ਆਦਿ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਕਿਸਾਨ/ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਹਾਜ਼ਰ ਸਨ।

# ਪ੍ਰਸ਼ਾਸਨ ਵੱਲੋਂ ਇਨਸਾਫ ਦਾ ਭਰੋਸਾ ਮਿਲਣ 'ਤੇ ਸਨਅਤਕਾਰ ਸੁਰਿੰਦਰ ਸੈਣੀ ਨੇ ਧਰਨਾ ਚੁੱਕਿਆ




ਗੋਇੰਦਵਾਲ ਸਹਿਬ (ਕਾਬਲ ਸਿੰਘ ਮੱਲ੍ਹੀ)-ਪਿਛਲੇ ਦਿਨੀਂ ਅੱਗ ਨਾਲ ਸੜ ਕੇ ਸੁਆਹ ਹੋਈ ਧਾਗਾ ਮਿੱਲ ਦੇ ਮਾਲਕ ਸੁਰਿੰਦਰ ਸਿੰਘ ਸੈਣੀ ਨੇ ਵੱਖ-ਵੱਖ ਅਧਿਕਾਰੀਆਂ ਨੂੰ ਮਿਲਣ ਦੇ ਬਾਵਜੂਦ ਕੋਈ ਇਨਸਾਫ ਨਾ ਮਿਲਣ ਕਾਰਨ ਗੋਇੰਦਵਾਲ ਸਾਹਿਬ ਦੇ ਚੌਂਕ ਵਿੱਚ ਸ਼ਾਂਤਮਈ ਧਰਨਾ ਦੇ ਕੇ ਡਾਢੇ ਦੁੱਖ ਦਾ ਇਜ਼ਹਾਰ ਕੀਤਾ ਪਰ ਮੌਕੇ 'ਤੇ ਪ੍ਰਸ਼ਾਸਨ ਵੱਲੋਂ ਪਹੁੰਚ ਕੇ ਇੱਕ ਹਫਤੇ ਦੇ ਅੰਦਰ-ਅੰਦਰ ਇਨਸਾਫ ਦਾ ਵਾਅਦਾ ਕਰਕੇ ਧਰਨੇ ਨੂੰ ਚੁਕਵਾ ਦਿੱਤਾ ਗਿਆ। ਧਾਗਾ ਮਿਲ ਫੋਕਲ ਪੁਆਇੰਟ ਗੋਇੰਦਵਾਲ ਸਾਹਿਬ ਵਿਖੇ 49 ਨੰਬਰ ਸਤਿਗੁਰੂ ਸਪਿਨਿੰਗ ਐਂਡ ਵੀਵਿੰਗ ਮਿੱਲ ਜੋ ਕਿ ਪਿਛਲੇ ਦਿਨੀਂ 20 ਦਸੰਬਰ 2023 ਨੂੰ ਅੱਗ ਲੱਗਣ ਨਾਲ ਸਾਰੀ ਫੈਕਟਰੀ ਮਾਲ ਅਤੇ ਮਸ਼ੀਨਰੀ ਸਮੇਤ ਬਿਲਡਿੰਗ ਸੜ ਕੇ ਸਵਾਹ ਹੋ ਗਈ ਸੀ ਅਤੇ ਛੇ ਕਰੋੜ ਤੱਕ ਦਾ ਨੁਕਸਾਨ ਹੋ ਗਿਆ ਸੀ, ਦੇ ਸਬੰਧ ਵਿੱਚ ਪ੍ਰਸ਼ਾਸਨ ਦੀ ਨਾਕਾਮੀ ਤੋਂ ਥੱਕ ਹਾਰ ਕੇ ਲੋਕਾਂ ਦੇ ਸਹਿਯੋਗ ਦੇ ਨਾਲ ਸ਼ਾਂਤਮਈ ਢੰਗ ਨਾਲ ਇਹ ਰੋਸ ਪ੍ਰਦਰਸ਼ਨ ਕੀਤਾ ਗਿਆ। ਸਰਕਾਰ ਦੇ ਅੱਗੇ ਆਪਣੀਆਂ ਮੰਗਾਂ ਰੱਖੀਆਂ ਕਿ ਦੋਸ਼ੀ ਸਵਰਨਜੀਤ ਮਾਲਕ ਫੈਕਟਰੀ ਸੋਨੀ ਬਰਾਸ ਦੇ ਖਿਲਾਫ ਕਾਰਵਾਈ ਕੀਤੀ ਜਾਵੇ ਅਤੇ ਦੋਸ਼ੀ ਐੱਸਐੱਚਓ ਪਰਮਜੀਤ ਸਿੰਘ ਵਿਰਦੀ ਜੋ ਆਪਣੀ ਵਰਦੀ ਦੀ ਦੁਰਵਰਤੋਂ ਕਰਦੇ ਹੋਏ ਬੇਇਨਸਾਫੀ ਕਰਦਾ ਹੈ, ਨੂੰ ਡਿਸਮਿਸ ਕੀਤਾ ਜਾਵੇ ਅਤੇ ਸਾਡੀ ਲੇਬਰ ਜੋ ਕਿ ਲਗਭਗ 100 ਦੇ ਲਾਗੇ ਹੈ, ਦੇ ਪਰਿਵਾਰਾਂ ਦੀ ਇਸ ਔਖੀ ਘੜੀ ਵਿੱਚ ਸਰਕਾਰ ਬਾਂਹ ਫੜੇ।। ਇਸ ਰੋਸ ਪ੍ਰਦਰਸ਼ਨ ਵਿੱਚ ਸ਼ਾਮਿਲ ਹੋਏ 300 ਤੋਂ ਵੱਧ ਬੰਦਿਆਂ ਅਤੇ ਮੀਡੀਆ ਕਰਮੀਆਂ ਦੀ ਮੌਜੂਦਗੀ ਵਿੱਚ ਐੱਸਡੀਐੱਮ ਖਡੂਰ ਸਾਹਿਬ ਦੇ ਨੁਮਾਇੰਦਿਆਂ ਨੇ ਮੰਗ ਪੱਤਰ ਨੂੰ ਪ੍ਰਾਪਤ ਕੀਤਾ ਅਤੇ ਸਾਨੂੰ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਇੱਕ ਹਫਤੇ ਦੇ ਅੰਦਰ ਅੰਦਰ ਇਸ ਕੇਸ ਦਾ ਨਿਪਟਾਰਾ ਕੀਤਾ ਜਾਏਗਾ ਤੇ ਦੋਸ਼ੀਆਂ 'ਤੇ ਬਣਦੀ ਕਾਰਵਾਈ ਕਰਕੇ ਸਾਨੂੰ ਨਿਆਂ ਦਿੱਤਾ ਜਾਵੇਗਾ। ਪੀੜਤ ਅਤੇ ਪੀੜਤ ਦੇ ਸਾਥੀਆਂ ਨੇ ਪ੍ਰਸ਼ਾਸਨ ਨੂੰ ਇਹ ਵੀ ਅਲਟੀਮੇਟਮ ਦਿੱਤਾ ਕਿ ਅਗਰ ਉਨ੍ਹਾਂ ਦੀਆਂ ਮੰਗਾਂ ਹਫਤੇ ਦੇ ਅੰਦਰ-ਅੰਦਰ ਨਾ ਮੰਨੀਆਂ ਗਈਆਂ ਤਾਂ ਆਉਣ ਵਾਲੇ ਸਮੇਂ ਵਿੱਚ ਤਰਨ ਤਾਰਨ ਰੋਡ 'ਤੇ ਅਣਮਿੱਥੇ ਸਮੇਂ ਲਈ ਸ਼ਾਂਤਮਈ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ।

# ਸ਼ੈਰੀ ਕਲਸੀ ਨੇ ਸਿੰਬਲ ਚੌਕ ਤੋਂ ਮਲਕਪੁਰ ਤੱਕ ਸੜਕ ਨੂੰ ਚੌੜਿਆਂ ਕਰਨ ਦਾ ਕੰਮ ਸ਼ੁਰੂ ਕਰਵਾਇਆ



ਬਟਾਲਾ (ਡਾ. ਮਲਵਿੰਦਰ ਸਿੰਘ)-ਬਟਾਲਾ ਸ਼ਹਿਰ ਵਿਖੇ ਵਿਕਾਸ ਕੰਮਾਂ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਵਿਧਾਇਕ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਦੀਆਂ ਵੱਖ-ਵੱਖ ਸ਼ਖਸੀਅਤਾਂ ਦੀ ਮੌਜੂਦਗੀ ਵਿੱਚ ਸਿੰਬਲ ਚੌਕ (ਕਾਹਨੂੰਵਾਨ ਚੌਕ), ਕਾਹਨੂੰਵਾਨ ਚੂੰਗੀ, ਸਾਗਰਪੁਰਾ ਮੋੜ, ਪਿੰਡ ਧੁੱਪਸੜੀ ਮੋੜ, ਪਿੰਡ ਛੋਟਾ ਲੌਂਗੋਵਾਲ ਮੋੜ, ਪਿੰਡ ਵੱਡਾ ਲੌਂਗੋਵਾਲ ਮੋੜ, ਪਿੰਡ ਕਾਲੀਆ ਮੋੜ ਤੇ ਪਿੰਡ ਮਲਕਪੁਰ ਤੱਕ ਸੜਕ ਚੌੜੀ ਕਰਨ ਦਾ ਕੰਮ ਸ਼ੁਰੂ ਕਰਵਾਇਆ। ਕਰੀਬ 18 ਕਰੋੜ ਰੁਪਏ ਦੀ ਲਾਗਤ ਨਾਲ ਮੌਜੂਦਾ ਸੜਕ ਨੂੰ 7 ਤੋਂ 10 ਮੀਟਰ ਚੋੜਿਆਂ ਕੀਤਾ ਜਾਵੇਗਾ। ਇਸ ਮੌਕੇ ਸ਼ਹਿਰ ਵਾਸੀਆਂ/ਦੁਕਾਨਦਾਰਾਂ/ਉਦਯੋਗਿਕ ਕਾਰੋਬਾਰੀਆਂ ਨੇ ਵਿਧਾਇਕ ਸ਼ੈਰੀ ਕਲਸੀ ਵਲੋਂ ਕੀਤੇ ਜਾ ਰਹੇ ਵਿਕਾਸ ਕੰਮਾਂ ਦੀ ਸਰਾਹਨਾ ਕੀਤੀ ਤੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਵੱਲੋਂ ਨਿਰੰਤਰ ਪਾਰਦਰਸ਼ੀ ਢੰਗ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਲੋਕ ਵਿਧਾਇਕ ਸ਼ੈਰੀ ਕਲਸੀ ਦੀ ਕਾਰਜਸ਼ੈਲੀ ਦੀ ਪ੍ਰਸੰਸਾ ਕਰ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਸੜਕ ਦੇ ਚੌੜੀ ਹੋਣ ਨਾਲ ਆਵਾਜਾਈ ਦੀ ਵੱਡੀ ਸਹੂਲਤ ਤੇ ਰਾਹਤ ਮਿਲੇਗੀ। ਉਨਾਂ ਦੱਸਿਆ ਕਿ ਇਸ ਰੋਡ 'ਤੇ ਆਈਟੀਆਈ, ਪੋਲੀਟੈਕਨਿਕ ਕਾਲਜ , ਵਿੱਦਿਅਕ ਸੰਸਥਾਵਾਂ ਤੇ ਹਸਪਤਾਲ ਆਦਿ ਹੋਣ ਕਾਰਨ ਟਰੈਫਿਕ ਵਿੱਚ ਬਹੁਤ ਰਾਹਤ ਮਿਲੇਗੀ। ਇਸ ਮੌਕੇ ਵੱਖ ਵੱਖ ਸਥਾਨਾਂ ਤੇ ਸ਼ਹਿਰ ਵਾਸੀਆਂ/ਦੁਕਾਨਦਾਰਾਂ ਵਲੋਂ ਵਿਧਾਇਕ ਸ਼ੈਰੀ ਕਲਸੀ ਦਾ ਭਰਵਾਂ ਤੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਕਾਸ ਕਾਰਜ ਗੁਣਵੱਤਾ ਭਰਪੂਰ ਕੀਤੇ ਜਾਣ ਅਤੇ ਰੋਜ਼ਾਨਾ ਕੀਤੇ ਕੰਮ ਦੀ ਅਪਡੇਟ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਢਿੱਲ-ਮੱਠ ਜਾਂ ਕੁਤਾਹੀ ਬਰਦਾਸ਼ਤ ਨਹੀ ਕੀਤੀ ਜਾਵੇਗੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਲੋਕ ਹਿੱਤ ਵਿੱਚ ਵਿਕਾਸ ਕੰਮ ਜਾਰੀ ਰਹਿਣਗੇ।

## ਦਿੱਲੀ ਮੋਰਚੇ ਦੀਆਂ ਤਿਆਰੀਆਂ ਬਾਬਤ ਪਿੰਡਾਂ 'ਚ ਵੱਡੇ-ਵੱਡੇ ਇਕੱਠ ਸ਼ੁਰੂ:ਮਸਾਣੀਆਂ/ਅੱਲੜਪਿੰਡੀ



ਗੁਰਦਾਸਪੁਰ (ਜਨਕ ਮਹਾਜਨ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਜ਼ੋਨ ਤੇਜਾ ਸਿੰਘ ਸੁਤੰਤਰ ਤੇ ਜ਼ੋਨ ਬਾਬਾ ਬੰਦਾ ਸਿੰਘ ਬਹਾਦਰ ਦੇ ਪ੍ਰਧਾਨ ਦੀ ਅਗਵਾਈ ਹੇਠ ਮੀਟਿੰਗਾਂ ਲਗਾ ਕੇ ਦਿੱਲੀ ਮੋਰਚੇ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਹਰਵਿੰਦਰ ਸਿੰਘ ਮਸਾਣੀਆਂ, ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ, ਸੁਖਵਿੰਦਰ ਸਿੰਘ ਅੱਲੜ ਪਿੰਡੀ, ਸਤਨਾਮ ਸਿੰਘ ਖਜਾਨਚੀ, ਕਰਨੈਲ ਸਿੰਘ ਅਤੇ ਹਰਵਿੰਦਰ ਸਿੰਘ ਮੱਲ੍ਹੀ ਨੇ ਕਿਹਾ ਕਿ ਦਿੱਲੀ ਮੋਰਚੇ ਲਈ ਪਿੰਡੋਂ-ਪਿੰਡੀਂ ਵੱਡੇ ਪੱਧਰ 'ਤੇ ਤਿਆਰੀਆਂ ਕਰਵਾਈਆਂ ਜਾ ਰਹੀਆਂ ਹਨ। ਅੱਜ ਪਿੰਡ ਬੋਹੜ ਵਡਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਮੀਟਿੰਗ ਹੋਈ ਅਤੇ ਜਿਸ ਵਿੱਚ ਸੈਂਕੜੇ ਨੌਜਵਾਨ, ਕਿਸਾਨ, ਬੀਬੀਆਂ, ਮਜ਼ਦੂਰ ਹਾਜ਼ਰ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਬੀਰ ਸਿੰਘ ਡੁਗਰੀ, ਬਾਬਾ ਸੁਖਵੰਤ ਸਿੰਘ, ਕਰਨੈਲ ਸਿੰਘ ਮੱਲ੍ਹੀ, ਨਰਿੰਦਰ ਸਿੰਘ ਆਲੀਨੰਗਲ, ਹਰਪਾਲ ਸਿੰਘ ਸਰਾਵਾਂ, ਲਖਵਿੰਦਰ ਸਿੰਘ ਨੰਗਲ ਡਾਲਾ, ਕੁਲਵੰਤ ਸਿੰਘ ਨੰਗਲ ਡਾਲਾ, ਹਰਭਜਨ ਸਿੰਘ ਚੌੜਾ, ਨਿਰਮਲ ਸਿੰਘ ਆਦੀ, ਤਰਸੇਮ ਸਿੰਘ ਅੱਲੜ ਪਿੰਡੀ, ਰਣਜੀਤ ਸਿੰਘ ਬਾਊਪੁਰ ਆਦਿ ਹਾਜ਼ਰ ਸਨ।

# ਵਿਧਾਨ ਸਭਾ ਹਲਕਾ ਭੋਆ 'ਚ ਗੁੱਜਰ ਮੁਸਲਮਾਨ ਭਾਈਚਾਰੇ ਨੇ ਫੜਿਆ 'ਆਪ' ਦਾ ਪੱਲਾ



ਪਠਾਨਕੋਟ (ਦਵਿੰਦਰ ਸਿੰਘ)-ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਸਮਰਾਲਾ ਵਿਖੇ ਗੁੱਜਰ ਮੁਸਲਮਾਨ ਭਾਈਚਾਰੇ ਦੇ ਭਾਰੀ ਸੰਖਿਆ ਵਿੱਚ ਲੋਕ ਦੂਸਰੀਆਂ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ ਅਤੇ ਆਮ ਆਦਮੀ ਪਾਰਟੀ ਇਨ੍ਹਾਂ ਗੁੱਜਰ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੂੰ ਭਰੋਸਾ ਦਿੰਦੀ ਹੈ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਪਹਿਲ ਦੇ ਅਧਾਰ 'ਤੇ ਹੱਲ ਕੀਤੀਆਂ ਜਾਣਗੀਆਂ ਅਤੇ ਪਾਰਟੀ ਵਿੱਚ ਉਨ੍ਹਾਂ ਨੂੰ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਪਿੰਡ ਸਮਰਾਲਾ ਵਿਖੇ ਗੁੱਜਰ ਮੁਸਲਮਾਨ ਭਾਈਚਾਰੇ ਦੇ ਲੋਕਾਂ ਵੱਲੋਂ ਕੀਤੇ ਇੱਕ ਭਾਰੀ ਇਕੱਠ ਅੰਦਰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀ. ਸੀ. ਵਿੰਗ, ਬਲਾਕ ਪ੍ਰਧਾਨ ਪਵਨ ਕੁਮਾਰ, ਬਲਾਕ ਪ੍ਰਧਾਨ ਸੰਦੀਪ ਕੁਮਾਰ, ਠਾਕੁਰ ਭੁਪਿੰਦਰ ਸਿੰਘ, ਮੌਲਵੀ ਬਰਕਤ ਅਲੀ, ਝੂੰਮਨ ਪਠਾਨਚੱਕ, ਰੋਸ਼ਨਦੀਨ ਕਟਾਰੂਚੱਕ, ਅਨੂੰ ਪ੍ਰਧਾਨ ਕਟਾਰੂਚੱਕ, ਬੱਬਲੂ ਪ੍ਰਧਾਨ, ਸ਼ੇਰੂ ਗੁੱਜਰ, ਅਲੀ ਹੁਸੈਨ, ਸੁਰਜੀਤ ਬੱਬੂ ਸਰਪੰਚ ਸਮਰਾਲਾ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਅੱਜ ਆਮ ਆਦਮੀ ਪਾਰਟੀ ਹਲਕਾ ਭੋਆ ਦੇ ਪਰਿਵਾਰ ਵਿੱਚ ਇੱਕ ਬਹੁਤ ਹੀ ਖੁਬਸੂਰਤ ਅਵਸਰ ਹੈ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਨਾਲ ਪੰਜਾਬ ਦੇ ਅੰਦਰ ਉਨ੍ਹਾਂ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅਤੇ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਯੋਗ ਅਗਵਾਈ ਅਤੇ ਉਨ੍ਹਾਂ ਦੇ ਦਿਸ਼ਾ ਨਿਰਦੇਸ਼ ਤਹਿਤ, ਲੋਕਹਿੱਤ ਨੂੰ ਲੈ ਕੇ ਦਿੱਲੀ ਤੋਂ ਚੱਲੇ ਕਾਫਿਲੇ ਨੂੰ ਪੰਜਾਬ ਅੰਦਰ ਲੋਕਾਂ ਨੇ ਬਹੁਤ ਮਾਣ ਸਨਮਾਨ ਦਿੱਤਾ। ਉਸ ਕਾਫਿਲੇ ਵਿੱਚ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਸਮਰਾਲਾ ਵਿਖੇ ਗੁੱਜਰ ਮੁਸਲਮਾਨ ਭਾਈਚਾਰੇ ਦੇ ਨੌਜਵਾਨ ਅਤੇ ਹੋਰ ਭਾਰੀ ਸੰਖਿਆ ਵਿੱਚ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਅਸੀਂ ਉਨ੍ਹਾਂ ਦਾ ਆਪਣੇ ਅਤੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਦੇ ਹਾਂ ਅਤੇ ਭਰੋਸਾ ਦਿੰਦੇ ਹਾਂ ਕਿ ਭਵਿੱਖ ਵਿੱਚ ਉਨ੍ਹਾਂ ਨੂੰ ਪਾਰਟੀ ਵਿੱਚ ਪੂਰਾ ਮਾਣ ਸਮਮਾਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਉਨ੍ਹਾਂ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਲੋਕ ਹੋਰਨਾਂ ਪਾਰਟੀਆਂ ਨੂੰ ਛੱਡ ਕੇ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਉਹ ਸਮਾਂ ਹੈ ਕਿ ਲੋਕ ਅਪਣੇ ਹਿੱਤਾ ਨੂੰ ਜਾਣਨ ਲੱਗ ਪਏ ਹਨ ਅਤੇ ਖੁਦ ਫੈਸਲੇ ਲੈ ਕੇ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।

# ਧਿਆਨ ਨਾਲ ਹੀ ਮਨੁੱਖ ਮਾਨਸਿਕ ਸ਼ਾਂਤੀ ਨੂੰ ਪ੍ਰਾਪਤ ਕਰ ਸਕਦਾ ਹੈ: ਸਵਾਮੀ ਵਿਗਿਆਨਾਨੰਦ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਨਜ਼ਦੀਕ ਪੈਂਦੇ ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਸ਼ਹਿਜ਼ਾਦਾ ਆਸ਼ਰਮ ਵਿਖੇ ਦੋ ਦਿਨਾ ਵਿਲੱਖਣ ਯੋਗ ਅਤੇ ਧਿਆਨ ਸ਼ਿਵਰ ਦਾ ਆਯੋਜਨ ਕੀਤਾ ਗਿਆ ਜਿਸਦੇ ਅੱਜ ਪਹਿਲੇ ਦਿਨ ਸੰਸਥਾਨ ਵੱਲੋਂ ਸ੍ਰੀ ਆਸ਼ੂਤੋਸ਼ ਮਹਾਰਾਜ ਜੀ ਦੇ ਸ਼ਿਸ਼ ਸਵਾਮੀ ਵਿਗਿਆਨਾਨੰਦ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ 21ਵੀਂ ਸਦੀ ਦੇ ਵਿਗਿਆਨਕ ਅਤੇ ਪ੍ਰਗਤੀਵਾਦੀ ਯੁੱਗ ਵਿੱਚ ਮਨੁੱਖ ਦੇ ਪਾਸ ਭੌਤਿਕ ਸੁਖ ਸੁਵਿਧਾਵਾਂ ਤਾਂ ਬਹੁਤ ਹਨ, ਪਰੰਤੂ ਮਾਨਸਿਕ ਸ਼ਾਂਤੀ ਨਾ ਹੋਣ ਕਾਰਣ ਮਨੁੱਖ ਅਸ਼ਾਂਤ ਅਤੇ ਚਿੰਤਾ 'ਚ ਗ੍ਰਸਤ ਰਹਿੰਦਾ ਹੈ। ਧਿਆਨ ਨੂੰ ਮਾਨਸਿਕ ਸ਼ਾਂਤੀ ਦਾ ਸੋਮਾ ਦੱਸਦੇ ਹੋਏ ਸਵਾਮੀ ਜੀ ਨੇ ਕਿਹਾ ਕਿ ਸਾਡੀ ਭਾਰਤੀ ਸੰਸਕ੍ਰਿਤੀ ਇਸ ਗੱਲ ਨੂੰ ਸਵੀਕਾਰ ਕਰਦੀ ਹੈ ਕਿ ਧਿਆਨ ਨਾਲ ਹੀ ਮਨੁੱਖ ਮਾਨਸਿਕ ਸ਼ਾਂਤੀ ਨੂੰ ਪ੍ਰਾਪਤ ਕਰ ਸਕਦਾ ਹੈ ਪਰੰਤੂ ਅੱਜ ਦੁੱਖ ਦੀ ਗੱਲ ਹੈ ਕਿ ਮਨੁੱਖ ਨੂੰ ਧਿਆਨ ਦੀ ਵਾਸਤਵਿਕ ਕਿਰਿਆ ਦਾ ਗਿਆਨ ਨਾ ਹੋਣ ਕਾਰਨ ਮਨੁੱਖ ਅੱਖਾਂ ਬੰਦ ਕਰਕੇ ਬੈਠਣ ਨੂੰ ਹੀ ਧਿਆਨ ਸਮਝ ਲੈਂਦਾ ਹੈ, ਜਦਕਿ ਐਸਾ ਨਹੀਂ ਹੈ। ਧਿਆਨ ਦੀ ਕਿਰਿਆ ਤਾਂ ਆਤਮ ਦਰਸ਼ਨ ਦੇ ਨਾਲ ਹੀ ਸੰਪੂਰਨ ਹੁੰਦੀ ਹੈ ਕਿਉਂਕਿ ਪਰਮਾਤਮਾ ਨੂੰ ਸਾਰੇ ਹੀ ਧਾਰਮਿਕ ਗ੍ਰੰਥਾਂ ਵਿੱਚ ਜੋਤ ਸਵਰੂਪ ਦੱਸਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨੁਸਾਰ ਘਰਿ ਮਹਿ ਘਰਿ ਦਿਖਾਇ ਦੇ ਸੋ ਸਤਿਗੁਰ ਪੁਰਖ ਸੁਜਾਣ ਭਾਵ ਕਿ ਜੋ ਸਰੀਰ ਰੂਪੀ ਘਰ ਦੇ ਵਿੱਚ ਹੀ ਪਰਮਾਤਮਾ ਦੇ ਘਰ ਦਾ ਦਰਸ਼ਨ ਕਰਵਾ ਦੇ ਵੋ ਉਹੀ ਪੂਰਨ ਸਤਗੁਰ ਹੁੰਦਾ ਹੈ। ਭਾਵ ਕਿ ਜਦੋਂ ਸਾਧਕ ਆਪਣੇ ਅੰਦਰ ਹੀ ਪਰਮਾਤਮਾ ਦੇ ਪ੍ਰਕਾਸ਼ ਰੂਪ ਦੇ ਦਰਸ਼ਨ ਕਰਦਾ ਹੈ ਤਾਂ ਫਿਰ ਹੀ ਮਾਨਸਿਕ ਸ਼ਾਂਤੀ ਅਤੇ ਪਰਮ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਫਿਰ ਹੀ ਪੂਰੀ ਹੁੰਦੀ ਹੈ ਧਿਆਨ ਦੀ ਸ਼ਾਸ਼ਵਤ ਪ੍ਰਕਿਰਿਆ।

ਜ਼ਿਕਰਯੋਗ ਹੈ ਕਿ ਅੱਜ ਸੰਸਥਾਨ ਵੱਲੋਂ ਸਾਰੇ ਵਿਸ਼ਵ ਵਿੱਚ ਧਿਆਨ ਸ਼ਿਵਰਾਂ ਦਾ ਆਯੋਜਨ ਕਰਕੇ ਸੰਪੂਰਨ ਮਾਨਵ ਜਾਤੀ ਨੂੰ ਧਿਆਨ ਦੀ ਸਨਾਤਨ ਪ੍ਰਕਿਰਿਆ ਨਾਲ ਜੋੜਿਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿੱਚ ਜਿੱਥੇ ਸਾਰੇ ਹੀ ਸਾਧਕਾਂ ਨੇ ਸਮੂਹਿਕ ਧਿਆਨ ਕਰਕੇ ਮਾਨਸਿਕ ਸ਼ਾਂਤੀ ਦੀ ਪ੍ਰਾਪਤੀ ਕੀਤੀ, ਉੱਥੇ ਨਾਲ ਹੀ ਸਵਾਮੀ ਸੁਖਦੇਵਾਨੰਦ ਅਤੇ ਸਵਾਮੀ ਰਾਜੇਸ਼ ਨੇ ਰਸਮਈ ਅਤੇ ਭਾਵ ਭਰਪੂਰ ਕੀਰਤਨ ਕਰਕੇ ਸਰਬੱਤ ਦੇ ਭਲੇ ਦੀ ਪ੍ਰਾਰਥਨਾ ਵੀ ਕੀਤੀ। ਇਸ ਮੌਕੇ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

## ਕਸਬਾ ਝਬਾਲ ਵਿਖੇ ਧੰਨ-ਧੰਨ ਬਾਬਾ ਲੰਗਾਹ ਜੀ ਦਾ ਸਾਲਾਨਾ ਜੋੜ ਮੇਲਾ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)-ਅੱਡਾ ਝਬਾਲ ਤੇ ਠੱਠੀ ਰੋਡ ਤੇ ਸਥਿਤ ਗੁਰਦੁਆਰਾ ਬਾਬਾ ਲੰਗਾਹ ਸਾਹਿਬ ਵਿਖੇ ਸਾਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਗਰ ਇਲਾਕਾ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆਂ ਗਿਆ। ਜੋੜ ਮੇਲੇ ਦੇ ਸਬੰਧ 'ਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ ਜਿਨ੍ਹਾਂ ਦੇ 28 ਤਰੀਕ ਦਿਨ ਐਤਵਾਰ ਨੂੰ ਭੋਗ ਪਾਏ ਗਏ। ਭੋਗ ਤੋਂ ਉਪਰੰਤ ਦੀਵਾਨ ਹਾਲ ਵਿੱਚ ਭਾਰੀ ਦੀਵਾਨ ਸਜਾਏ ਗਏ ਜਿਸ ਵਿੱਚ ਰਾਗੀ, ਢਾਡੀ, ਕਥਾਵਾਚਕ, ਕਵੀਸ਼ਰ ਭਾਈ ਹਰਪਾਲ ਸਿੰਘ ਝਬਾਲ, ਢਾਡੀ ਜਥਾ ਜਗਜੀਤ ਸਿੰਘ ਵਡਾਲਾ, ਸਿੰਘ ਸਾਹਿਬ ਗਿਆਨੀ ਰਾਜਬੀਰ ਸਿੰਘ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਬਾਬਾ ਲੰਗਾਹ ਸਾਹਿਬ ਜੀ ਦਾ ਜੀਵਨ ਇਤਿਹਾਸ ਸੁਣਾ ਕੇ ਸੰਗਤਾ ਨੂੰ ਨਿਹਾਲ ਕੀਤਾ। ਉਚੇਚੇ ਤੌਰ 'ਤੇ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਜੀ ਸੁਰਸਿੰਘ ਵਾਲੇ (ਬਿਧੀਚੰਦੀਏ), ਸੰਤ ਬਾਬਾ ਮੋਹਨ ਸਿੰਘ ਜੀ ਬੁੱਢਾ ਥੇਹ ਵਾਲੇ, ਬਾਬਾ ਨਿਰੰਜਨ ਸਿੰਘ ਪੰਜਵੜ ਵਾਲੇ, ਬਾਬਾ ਸੋਹਣ ਸਿੰਘ ਭੂਰੀ ਵਾਲੇ (ਕਾਰ ਸੇਵਾ ਬੀੜ ਸਾਹਿਬ) ਬਾਬਾ ਸੇਵਕ ਸਿੰਘ(ਸੇਵਾਦਾਰ ਮਾਤਾ ਭਾਗ ਕੌਰ) ਨੇ ਪਹੁੰਚ ਕੇ ਹਾਜ਼ਰੀ ਭਰੀ। ਗੁਰਦੁਆਰਾ ਬਾਬਾ ਲੰਗਾਹ ਜੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਲਾਨਾ ਜੋੜ ਮੇਲਿਆਂ 'ਤੇ ਸਮੂਹ ਸੰਗਤਾ ਦਾ ਧੰਨਵਾਦ ਕੀਤਾ ਤੇ ਜੀ ਆਇਆਂ ਆਖਿਆ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਕਮੇਟੀ ਪ੍ਰਧਾਨ ਬਾਬਾ ਬਲਜਿੰਦਰ ਸਿੰਘ ਕਾਲਾ, ਮੈਂਬਰ ਗੁਰਪ੍ਰੀਤ ਸਿੰਘ, ਫੌਜੀ ਜਗਤਾਰ ਸਿੰਘ ਜੱਗਾ, ਬਲਵਿੰਦਰ ਸਿੰਘ, ਦਲਜੀਤ ਸਿੰਘ, ਜਤਿੰਦਰ ਸਿੰਘ, ਗ੍ਰੰਥੀ ਬਲਵਿੰਦਰ ਸਿੰਘ ਭੂਰਾ, ਗੁਰਪਿੰਦਰ ਸਿੰਘ ਨਾਥੂ ਢਿੱਲੋਂ, ਜਥੇਦਾਰ ਇੰਦਰਪਾਲ ਸਿੰਘ ਤੇ ਬਾਬਾ ਲੰਗਾਹ, ਸਰਪੰਚ ਪ੍ਰਗਟ ਸਿੰਘ, ਸੱਜਣ ਸਿੰਘ, ਸਰਪੰਚ ਸਰਪੰਚ ਜਗਤਾਰ ਸਿੰਘ ਸਵਰਗਾਪੁਰੀ, ਕੁਲਵੰਤ ਸਿੰਘ ਝਬਾਲ ਅਤੇ ਝਬਾਲ ਦੀਆਂ ਬੇਅੰਤ ਸੰਗਤਾਂ ਹਾਜ਼ਰ ਸਨ।

# ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਲੰਗਰ ਲਗਾਏ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਬੀਤੇ ਦਿਨੀਂ ਹਰ ਸਾਲ ਦੀ ਤਰ੍ਹਾਂ ਅੱਡਾ ਮਾਨਾਂਵਾਲਾ ਕਲਾਂ ਸਮੂਹ ਮਾਰਕੀਟ ਯੂਨੀਅਨ ਵਲੋਂ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਬ੍ਰੈੱਡ ਪਕੌੜੇ, ਕੜ੍ਹੀ ਚੌਲ ਅਤੇ ਚਾਹ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਅੱਡਾ ਮਾਰਕੀਟ ਦੇ ਦਫਤਰੀ ਸਕੱਤਰ ਸਤਪਾਲ ਸਿੰਘ ਵਸੀਕਾ ਨਵੀਸ ਅਤੇ ਜਨਰਲ ਸਕੱਤਰ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੀ ਸਾਡੀ ਕੌਮ ਨੂੰ ਬਹੁਤ ਵੱਡੀ ਦੇਣ ਹੈ ਜਿਨ੍ਹਾਂ ਨੇ ਜ਼ੁਲਮ ਦੇ ਖਾਤਮੇ ਲਈ ਆਪਣੇ ਖੂਨ ਦਾ ਕਤਰਾ ਕਤਰਾ ਨਿਛਾਵਰ ਕਰਕੇ ਕੌਮ ਦੀ ਰੱਖਿਆ ਲਈ ਸ਼ਹਾਦਤ ਦੇ ਦਿੱਤੀ ਜਿਨ੍ਹਾਂ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮੂਹ ਅੱਡਾ ਮਾਰਕੀਟ ਯੂਨੀਅਨ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਲਗਾਇਆ ਗਿਆ ਜੋ ਸਥਿਤ ਅੱਡਾ ਮਾਨਾਂਵਾਲਾ ਜੀ. ਟੀ. ਰੋਡ ਵਿਖੇ ਅਰਦਾਸ ਉਪਰੰਤ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਸੰਗਤ ਵਿਚ ਵਰਤਾਇਆ ਗਿਆ ਜਿਸ ਵਿਚ ਚਾਹ ਦੇ ਲੰਗਰਾਂ ਦੇ ਨਾਲ-ਨਾਲ ਕਈ ਪ੍ਰਕਾਰ ਦੇ ਪਕੌੜੇ ਤਿਆਰ ਕੀਤੇ ਗਏ। ਇਸ ਮੌਕੇ ਅੱਡਾ ਯੂਨੀਅਨ ਦੇ ਪ੍ਰਧਾਨ ਜਸਬੀਰ ਸਿੰਘ ਭੋਲਾ, ਜਨਰਲ ਸਕੱਤਰ ਅਸ਼ਵਨੀ ਕੁਮਾਰ ਅਤੇ ਦਫਤਰੀ ਸਕੱਤਰ ਸਤਪਾਲ ਸਿੰਘ ਵਸੀਕਾ ਨੇ ਲੰਗਰ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਅਤੇ ਸੇਵਾ ਨਿਭਾਉਣ ਵਾਲੇ ਮਾਰਕੀਟ ਦੁਕਾਨਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਬਾਬਾ ਇਕਬਾਲ ਸਿੰਘ, ਜਥੇਦਾਰ ਰਸਪਾਲ ਸਿੰਘ, ਸਤਨਾਮ ਆਟੋ ਵਰਕਸ, ਭੁਪਿੰਦਰ ਸਿੰਘ ਰਾਜੂ, ਸਿਮਰਨ ਸਿੰਘ ਟਾਇਰ ਵਰਕਸ, ਅਤੁਲ ਨੰਦਾ, ਗੁਰਮੀਤ ਸਿੰਘ ਕਾਰ ਵਰਕਸ, ਪ੍ਰਤਾਪ ਸਿੰਘ, ਰਣਜੀਤ ਸਿੰਘ ਰਾਣਾ ਪੇਂਟਰ, ਵਜ਼ੀਰ ਕੁਮਾਰ ਟੀ ਸਟਾਲ, ਜਗਤਾਰ ਸਿੰਘ, ਸਤਨਾਮ ਸਿੰਘ ਵੈਲਡਰ, ਪਾਲ ਸਿੰਘ ਅੰਜਲੀ ਢਾਬਾ, ਨਿਰਮਲ ਸਿੰਘ ਆਟੋ ਵਰਕਸ, ਕੁਲਦੀਪ ਸਿੰਘ, ਗੁਰਦੇਵ ਸਿੰਘ ਵਿੱਕੀ, ਅਮਰਜੀਤ ਸਿੰਘ ਵਡਾਲੀ, ਗੁਰਨਾਮ ਸਿੰਘ ਗਾਮਾ, ਲਖਵਿੰਦਰ ਸਿੰਘ ਜੱਟ ਆਦਿ ਸੇਵਾਦਾਰਾਂ ਨੇ ਸੇਵਾ ਨਿਭਾਈ।

# ਤਰਕਸ਼ੀਲ ਆਗੂਆਂ ਖਿਲਾਫ ਦਰਜ ਕੇਸ ਫੌਰੀ ਤੌਰ 'ਤੇ ਰੱਦ ਕਰਨ ਦੀ ਮੰਗ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਨੇ ਪੰਜਾਬ ਪੁਲਸ ਵੱਲੋਂ ਤਰਕਸ਼ੀਲ ਆਗੂ ਭੁਪਿੰਦਰ ਫੌਜੀ ਅਤੇ ਤਰਕਸ਼ੀਲ ਚਿੰਤਕ ਅਤੇ ਲੇਖਕ ਸੁਰਜੀਤ ਦੌਧਰ ਦੇ ਖਿਲਾਫ ਤੱਥਾਂ ਦੀ ਜਾਂਚ ਪੜਤਾਲ ਕੀਤੇ ਬਗੈਰ 295 ਅਤੇ 295 ਏ ਤਹਿਤ ਕੇਸ ਦਰਜ ਕਰਨ ਦਾ ਸਖਤ ਨੋਟਿਸ ਲੈਂਦਿਆਂ ਇਸ ਗੈਰ-ਜਮਹੂਰੀ ਕਾਰਵਾਈ ਨੂੰ ਹਿੰਦੂਤਵੀ ਸੰਗਠਨਾਂ ਦੇ ਦਬਾਅ ਹੇਠ ਤਰਕਸ਼ੀਲ ਕਾਰਕੁਨਾਂ, ਲੇਖਕਾਂ ਅਤੇ ਜਮਹੂਰੀ ਅਧਿਕਾਰਾਂ ਦੇ ਕਾਰਕੁਨਾਂ ਖਿਲਾਫ ਇਕ ਗਿਣੀ ਮਿੱਥੀ ਫਿਰਕੂ ਸਾਜ਼ਿਸ਼ ਦੱਸਿਆ ਹੈ ਅਤੇ ਦੋਵਾਂ ਆਗੂਆਂ ਦੇ ਖਿਲਾਫ ਦਰਜ ਕੇਸਾਂ ਨੂੰ ਬਿਨਾਂ ਸ਼ਰਤ ਫੌਰੀ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਅਜਿਹਾ ਨਾ ਹੋਣ ਦੀ ਸੂਰਤ ਵਿਚ ਪੰਜਾਬ ਦੀਆਂ ਸਮੁੱਚੀਆਂ ਤਰਕਸ਼ੀਲ, ਅਗਾਂਹਵਧੂ, ਜਮਹੂਰੀ ਅਤੇ ਇਨਸਾਫ ਪਸੰਦ ਜਨਤਕ ਜੱਥੇਬੰਦੀਆਂ ਵੱਲੋਂ ਸਾਂਝੇ ਮੰਚ ਹੇਠ ਸਮੁੱਚੇ ਪੰਜਾਬ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਸ ਸਬੰਧੀ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਅਤੇ ਸੂਬਾ ਕਮੇਟੀ ਆਗੂਆਂ ਬਲਬੀਰ ਲੌਂਗੋਵਾਲ, ਰਾਮ ਸਵਰਨ ਲੱਖੇਵਾਲੀ, ਸੁਮੀਤ ਅੰਮ੍ਰਿਤਸਰ ਅਤੇ ਜਸਵਿੰਦਰ ਫਗਵਾੜਾ ਨੇ ਇਕ ਵਿਸ਼ੇਸ਼ ਮੀਟਿੰਗ ਉਪਰੰਤ ਜਾਰੀ ਇਕ ਬਿਆਨ ਵਿਚ ਦੋਸ਼ ਲਾਇਆ ਕਿ ਪੁਲਸ ਵੱਲੋਂ ਅਕਸਰ ਤੱਥਾਂ ਦੀ ਜਾਂਚ ਪੜਤਾਲ ਕੀਤੇ ਬਗੈਰ ਹੀ ਫਿਰਕੂ ਸੰਗਠਨਾਂ ਦੇ ਦਬਾਅ ਹੇਠ ਸਮਾਜ ਨੂੰ ਚੇਤਨ ਕਰਨ ਵਾਲੇ ਅਗਾਂਹਵਧੂ ਲੇਖਕਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਖਿਲਾਫ ਧਾਰਾ 295 ਏ ਤਹਿਤ ਕੇਸ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਜਾਂਦਾ ਹੈ ਅਤੇ ਦੋਵੇਂ ਤਰਕਸ਼ੀਲ ਆਗੂਆਂ ਖਿਲਾਫ ਦਰਜ ਕੇਸ ਵੀ ਕੌਮੀ ਪੱਧਰ 'ਤੇ ਫਿਰਕੂ ਹਕੂਮਤਾਂ ਵਲੋਂ ਫਿਰਕੂ ਲਾਮਬੰਦੀ ਹੇਠ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਵਕੀਲਾਂ ਅਤੇ ਤਰਕਸ਼ੀਲ ਸਮਾਜਿਕ ਕਾਰਕੁਨਾਂ ਦੀ ਕੀਤੀ ਜਾ ਰਹੀ ਜ਼ੁਬਾਨਬੰਦੀ ਦਾ ਹੀ ਹਿੱਸਾ ਹੈ। ਉਨ੍ਹਾਂ ਕਿਹਾ ਕਿ ਪੁਲਸ ਦੀ ਅਜਿਹੀ ਕਾਰਵਾਈ ਭਾਰਤੀ ਸੰਵਿਧਾਨ ਦੀ ਧਾਰਾ 19 ਤਹਿਤ ਮਿਲੇ ਨਾਗਰਿਕਾਂ ਦੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਬੁਨਿਆਦੀ ਹੱਕ ਦੀ ਸਿੱਧੀ ਉਲੰਘਣਾ ਹੈ। ਉਨ੍ਹਾਂ ਪੰਜਾਬ ਦੇ ਡੀਜੀਪੀ ਤੋਂ ਤਰਕਸ਼ੀਲ ਆਗੂਆਂ ਦੇ ਖਿਲਾਫ ਕੇਸ ਰੱਦ ਕਰਨ ਦੀ ਮੰਗ ਕਰਦਿਆਂ ਦੋਸ਼ ਲਾਇਆ ਕਿ ਹਿੰਦੂਤਵੀ ਫਿਰਕੂ ਤਾਕਤਾਂ ਵਲੋਂ ਆਪਣੇ ਕੋਝੇ ਫਿਰਕੂ ਅਤੇ ਫਾਸ਼ੀਵਾਦੀ ਸਿਆਸੀ ਮਨਸੂਬਿਆਂ ਹੇਠ ਧਾਰਾ 295 ਅਤੇ 295 ਏ ਦਾ ਗਲਤ ਇਸਤੇਮਾਲ ਕਰਕੇ ਅੰਧ ਵਿਸ਼ਵਾਸਾਂ, ਰੂੜੀਵਾਦ, ਬਾਬਾਵਾਦ ਅਤੇ ਫਿਰਕਾਪ੍ਰਸਤੀ ਦੇ ਖਿਲਾਫ ਵਿਗਿਆਨਕ ਵਿਚਾਰਧਾਰਾ ਰਾਹੀਂ ਸਮਾਜ ਨੂੰ ਚੇਤਨ ਕਰਨ ਵਾਲੇ ਤਰਕਸ਼ੀਲ ਅਤੇ ਜਮਹੂਰੀ ਅਧਿਕਾਰਾਂ ਦੇ ਸਮਾਜਿਕ ਕਾਰਕੁਨਾਂ ਉਤੇ ਜਾਣ ਬੁੱਝ ਕੇ ਝੂਠੇ ਕੇਸ ਦਰਜ ਕਰਵਾਏ ਜਾ ਰਹੇ ਹਨ ਅਤੇ 22 ਜਨਵਰੀ ਦੇ ਅਯੁੱਧਿਆ ਸਮਾਗਮ ਤੋਂ ਬਾਅਦ ਇਕ ਯੋਜਨਾਬੱਧ ਸਾਜ਼ਿਸ਼ ਹੇਠ ਦੇਸ਼ ਵਿਚ ਫਿਰਕੂ ਨਫਰਤ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਪੁਲਸ ਨੂੰ ਫਿਰਕੂ ਸੰਗਠਨਾਂ ਦੇ ਦਬਾਅ ਹੇਠ ਆ ਕੇ ਬਿਨਾਂ ਜਾਂਚ-ਪੜਤਾਲ ਦੇ ਕੇਸ ਦਰਜ ਨਹੀਂ ਕਰਨਾ ਚਾਹੀਦਾ।

ਉਨ੍ਹਾਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਕਿ ਵਿਗਿਆਨਕ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਜਮਹੂਰੀ ਅਧਿਕਾਰਾਂ ਦੀ ਖਿਲਾਫਵਰਜ਼ੀ ਕਰਦੀਆਂ ਧਾਰਾਵਾਂ 295 ਅਤੇ 295-ਏ ਨੂੰ ਭਾਰਤੀ ਦੰਡਾਵਲੀ 'ਚੋਂ ਮੁੱਢਲੇ ਪੱਧਰ 'ਤੇ ਰੱਦ ਕੀਤਾ ਜਾਵੇ ਅਤੇ ਫਿਰਕੂ ਤਾਕਤਾਂ ਵੱਲੋਂ ਸਿਆਸੀ ਵਿਰੋਧੀਆਂ ਦੇ ਖਿਲਾਫ ਇਨ੍ਹਾਂ ਦੀ ਲਗਾਤਾਰ ਕੀਤੀ ਜਾ ਰਹੀ ਦੁਰਵਰਤੋਂ ਉਤੇ ਸਖਤ ਰੋਕ ਲਗਾਈ ਜਾਵੇ।

## ਲੋਕ ਸਭਾ ਪ੍ਰਵਾਸ ਯੋਜਨਾ ਤਹਿਤ ਪਾਰਟੀ ਆਗੂਆਂ ਦੀਆਂ ਲਗਾਈਆਂ ਡਿਊਟੀਆਂ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਲੋਕ ਸਭਾ ਪ੍ਰਵਾਸ ਯੋਜਨਾ ਤਹਿਤ ਸੰਗਠਾਨਤਮਿਕ ਢਾਂਚੇ ਦੇ ਵਿਸਥਾਰ ਅਤੇ ਹੋਰ ਮਜ਼ਬੂਤੀ ਲਈ ਵਿਧਾਨ ਸਭਾ ਹਲਕਾ ਖੇਮਕਰਨ ਕੋਰ ਗਰੁੱਪ ਦੇ ਆਗੂਆਂ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਮੁੱਚੇ ਆਗੂਆਂ ਨੂੰ ਬੂਥ, ਸਰਕਲ ਅਤੇ ਹਲਕਾ ਪੱਧਰ ਤੇ ਸੰਗਠਨ ਦਾ ਮੁਕੰਮਲ ਪ੍ਰਕਿਰਿਆ ਨੂੰ ਜਲਦੀ ਨੇਪਰੇ ਚਾੜ੍ਹਨ ਦੇ ਨਿਰਦੇਸ਼ ਦਿੱਤੇ ਗਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਲੋਕ ਸਭਾ ਖਡੂਰ ਸਾਹਿਬ ਦੇ ਕਨਵੀਨਰ ਮਨਜੀਤ ਸਿੰਘ ਰਾਏ, ਹਲਕਾ ਖੇਮਕਰਨ ਦੇ ਕਨਵੀਨਰ ਸਦਾ ਨੰਦ ਚੋਪੜਾ, ਸਹਿ ਪ੍ਰਭਾਰੀ ਤੇ ਪ੍ਰਦੇਸ਼ ਕਾਰਜਕਾਰਨੀ ਮੈਂਬਰ ਅਨੂਪ ਸਿੰਘ ਭੁੱਲਰ, ਜ਼ਿਲਾ ਮਹਾਂ ਮੰਤਰੀ ਹਰਪ੍ਰੀਤ ਸਿੰਘ ਸਿੰਦਬਾਦ, ਜ਼ਿਲਾ ਮਹਾਂਮੰਤਰੀ ਸ਼ਿਵ ਕੁਮਾਰ ਸੋਨੀ, ਜ਼ਿਲਾ ਮੀਤ ਪ੍ਰਧਾਨ ਰਾਣਾ ਗੁਲਬੀਰ ਸਿੰਘ, ਮੀਤ ਪ੍ਰਧਾਨ ਰਿਤੇਸ਼ ਚੋਪੜਾ, ਮੀਤ ਪ੍ਰਧਾਨ ਸਤਨਾਮ ਸਿੰਘ ਭੁੱਲਰ, ਮੰਡਲ ਖਾਲੜਾ ਪ੍ਰਧਾਨ ਅਮਨ ਸ਼ਰਮਾ, ਸਾਬਕਾ ਸਰਪੰਚ ਸੁਰੇਸ਼ ਕੁਮਾਰ ਪਿੰਕਾ, ਸਰਪੰਚ ਮਹਿਤਾਬ ਸਿੰਘ ਰਾਜੋਕੇ, ਸਰਪੰਚ ਸਾਹਿਬ ਸਿੰਘ ਮਹਿਦੀਪੁਰ, ਸਾਬਕਾ ਸਰਪੰਚ ਨਿਸ਼ਾਨ ਸਿੰਘ ਰਾਜੋਕੇ, ਸਰਪੰਚ ਗੁਰਵੰਤ ਸਿੰਘ, ਕੇਵਲ ਸਿੰਘ ਦਾਸੂਵਾਲ, ਰਾਜ ਕੁਮਾਰ ਚੋਪੜਾ, ਨਿਰਮਲ ਸਿੰਘ ਦਿਓਲ, ਮੈਂਬਰ ਪੰਚਾਇਤ ਬਲਵਿੰਦਰ ਸਿੰਘ ਵਲਟੋਹਾ, ਵਰਿੰਦਰ ਸਿੰਘ, ਸਾਬਕਾ ਸਰਪੰਚ ਹਰਜਿੰਦਰ ਸਿੰਘ ਲਾਡੀ, ਰਵੀ ਚੋਪੜਾ,ਪਵਨ ਪੁਰੀ ,ਹਲਕਾ ਖੇਮਕਰਨ ਕੋਰ ਗਰੁੱਪ ਮੈਂਬਰਾਂ ਨੇ ਸ਼ਿਰਕਤ ਕੀਤੀ। ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਹਮੇਸ਼ਾ ਹੀ ਮਿਹਨਤ ਨਾਲ ਕੰਮ ਕਰਨ ਵਾਲੇ ਵਰਕਰ ਨੂੰ ਮਾਣ ਸਨਮਾਨ ਦਿੰਦੀ ਹੈ। ਜੋ ਵੀ ਵਰਕਰ ਲੋਕ ਸਭਾ ਚੋਣਾਂ ਵਿੱਚ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰੇਗਾ ਅਤੇ ਆਪਣੇ ਬੂਥ, ਸਰਕਲ, ਹਲਕੇ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਏਗਾ ਪਾਰਟੀ ਉਸ ਨੂੰ ਆਪਣੇ ਆਪ ਹੀ ਬੁਲੰਦੀਆਂ ਤੱਕ ਲੈ ਜਾਵੇਗੀ।

# ਜੇ ਐੱਮ ਕੇ ਇੰਟਰਨੈਸ਼ਨਲ ਸਕੂਲ 'ਚ ਪਈਆਂ ਸਾਲਾਨਾ ਮੇਲੇ ਦੀਆਂ ਧੁੰਮਾਂ



ਪਠਾਨਕੋਟ (ਦਵਿੰਦਰ ਸਿੰਘ)-ਜੇ. ਐੱਮ. ਕੇ ਇੰਟਰਨੈਸ਼ਨਲ ਸਕੂਲ ਦੇ ਪ੍ਰਿੰਸੀਪਲ ਵਿਨੀਤਾ ਮਹਾਜਨ ਦੀ ਦੇਖਰੇਖ ਵਿੱਚ ਚਲਿਆ ਦੋ ਦਿਨਾ ਸਾਲਾਨਾ ਮੇਲਾ ਐਤਵਾਰ ਨੂੰ ਸਮਾਪਤ ਹੋਇਆ। ਇਸ ਸਮਾਰੋਹ ਵਿਚ ਪਠਾਨਕੋਟ ਜ਼ਿਲ੍ਹੇ ਦੇ ਵਿਧਾਇਕ ਅਸ਼ਵਨੀ ਸ਼ਰਮਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਦੇ ਨਾਲ ਬੀਜੇਪੀ ਦੇ ਬੁਲਾਰੇ ਯੋਗੇਸ਼ ਠਾਕੁਰ, ਸਕੂਲ ਦੇ ਚੈਅਰਮੈਨ ਅਨੁਜ ਸੂਦ, ਵਾਈਸ ਚੇਅਰਪਰਸਨ ਵੰਦਨਾ ਸੂਦ, ਸਕੂਲ ਡਾਇਰੈਕਟਰ ਤਾਨਿਆ ਸੂਦ ਨੇ ਖਾਸ ਤੌਰ ਤੇ ਸ਼ਿਰਕਤ ਕੀਤੀ। ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਭੰਗੜਾ ਅਤੇ ਛੋਟੇ ਬੱਚਿਆਂ ਵੱਲੋਂ ਆਰਕੈਸਟ੍ਰਾ ਬੈਂਡ ਦੇ ਨਾਲ ਸਭ ਦਾ ਦਿਲ ਜਿੱਤਿਆ। ਮੇਲੇ ਦੇ ਆਖਰੀ ਦਿਨ ਲੋਕਾਂ ਦੀ ਭਾਰੀ ਭੀੜ ਦੇਖਣ ਨੂੰ ਮਿਲੀ। ਵਿਦਿਆਰਥੀਆਂ ਵੱਲੋਂ ਪੰਜਾਬੀ ਗਾਣਿਆਂ ਦੀ ਪੇਸ਼ਕਾਰੀ ਦਿੱਤੀ, ਜਿਸਨੂੰ ਸਭ ਨੇ ਖੂਬ ਸਰਾਹਿਆ। ਇਸ ਮੌਕੇ ਵਿਧਾਇਕ ਸ਼ਰਮਾ ਨੇ ਮੇਲੇ ਦੇ ਆਯੋਜਨ ਦੀ ਤਾਰੀਫ ਕੀਤੀ ਅਤੇ ਕਿਹਾ ਕਿ ਰਚਨਾਤਮਕਤਾ ਦਾ ਮਨੁੱਖ ਦੇ ਜੀਵਨ ਵਿੱਚ ਬਹੁਤ ਮਹੱਤਵ ਹੈ। ਇਸ ਮੇਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ ਨਾਲ ਰਚਨਾਤਮਕਤਾ ਵੱਲ ਲੈ ਕੇ ਜਾਣਾ ਹੈ। ਪ੍ਰਿੰਸੀਪਲ ਵਿਨੀਤਾ ਮਹਾਜਨ ਅਤੇ ਸਕੂਲ ਡਾਇਰੈਕਟਰ ਤਾਨਿਆ ਸੂਦ ਨੇ ਮੇਲੇ ਨੂੰ ਸਫਲ ਬਣਾਉਣ ਲਈ ਸਕੂਲ ਦੇ ਸਟਾਫ, ਵਿਦਿਆਰਥੀਆਂ ਅਤੇ ਜ਼ਿਲੇ ਦੇ ਸਭ ਲੋਕਾਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਅੱਗੇ ਤੋਂ ਵੀ ਨਿਯਮਿਤ ਤੌਰ 'ਤੇ ਇਸ ਤਰ੍ਹਾਂ ਦੇ ਸੰਗੀਤਕ ਸਮਾਰੋਹਾਂ ਦਾ ਆਯੋਜਨ ਕਰਦੇ ਰਹਿਣਗੇ। ਪ੍ਰਿੰਸੀਪਲ ਵਿਨੀਤਾ ਮਹਾਜਨ ਨੇ ਕਿਹਾ ਕਿ ਉਨ੍ਹਾ ਹਮੇਸ਼ਾ ਯਤਨ ਕੀਤਾ ਹੈ ਕਿ ਵਿਦਿਆਰਥੀਆਂ ਨੂੰ ਉੱਚ ਕੋਟੀ ਦੀ ਸਿੱਖਿਆ ਪ੍ਰਾਪਤ ਕਰਵਾਈ ਜਾ ਸਕੇ ਜਿਸ ਤਹਿਤ ਇਸ ਸਾਲ ਸ਼ਹਿਰ ਦੇ ਅਬਰੋਲ ਨਗਰ ਵਿੱਚ ਜੇ. ਐੱਮ. ਕੇ. ਪ੍ਰੀ-ਸਕੂਲ ਦੀ ਇੱਕ ਨਵੀਂ ਸ਼ਾਖਾ ਖੋਲ੍ਹੀ ਜਾ ਰਹੀ ਹੈ। ਅੰਤ ਵਿੱਚ ਪ੍ਰਿੰ. ਵਿਨੀਤਾ ਮਹਾਜਨ ਨੇ ਸਕੂਲ ਸਟਾਫ ਦੇ ਸਹਿਯੋਗ ਦੀ ਪ੍ਰਸੰਸਾ ਕੀਤੀ। ਇਸ ਦੌਰਾਨ ਸਮੂਹ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਵਿਖੇ ਗਣਤੰਤਰ ਦਿਵਸ ਦੇ ਜਸ਼ਨ




ਤਰਨ ਤਾਰਨ (ਪ੍ਰਿਤਪਾਲ ਸਿੰਘ)- ਸ੍ਰੀ ਗੁਰੂ ਹਰਿਕ੍ਰਿਸਨ ਪਬਲਿਕ ਸਕੂਲ, ਤਰਨਤਾਰਨ ਵਿਖੇ 75ਵਾਂ ਗਣਤੰਤਰ ਦਿਵਸ ਹਰ ਸਾਲ ਦੀ ਤਰ੍ਹਾਂ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਦਾ ਆਰੰਭ ਸਕੂਲ ਸ਼ਬਦ ਨਾਲ ਕੀਤਾ ਗਿਆ। ਇਸ ਮੌਕੇ ਹਰ ਕੋਈ ਦੇਸ਼ ਭਗਤੀ ਦੇ ਰੰਗ ਵਿੱਚ ਰੰਗਿਆ ਹੋਇਆ ਸੀ। ਵਿਦਿਆਰਥੀਆਂ ਦੁਆਰਾ ਦੇਸ਼ ਭਗਤੀ ਨਾਲ ਸੰਬੰਧਿਤ ਕਵਿਤਾ ਤੇ ਭਾਸ਼ਣ ਪੇਸ਼ ਕੀਤੇ। ਗਰੁੱਪ ਗੀਤ ਤੇ ਕੋਰੀਓਗ੍ਰਾਫੀ ਦੀ ਪੇਸ਼ਕਾਰੀ ਨੇ ਵਿਦਿਆਰਥੀਆਂ ਵਿੱਚ ਉਤਸ਼ਾਹ ਭਰਕੇ ਖੂਬ ਰੰਗ ਬੰਨ੍ਹਿਆ। ਸਕੂਲ ਦੀ ਮੈਨੇਜਮੈਂਟ, ਪ੍ਰਿੰਸੀਪਲ ਵੱਲੋਂ ਤਿਰੰਗਾ ਝੰਡਾ ਲਹਿਰਾਇਆ ਗਿਆ। ਇਸ ਮੌਕੇ ਚਾਰ ਹਾਊਸਾਂ ਦੇ ਹਾਊਸ ਮਾਸਟਰ ਵੀ ਉੱਥੇ ਮੌਜੂਦ ਸਨ। ਚੀਫ ਖਾਲਸਾ ਦੀਵਾਨ ਦੇ ਅਡੀਸ਼ਨਲ ਆਨਰੇਰੀ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ, ਚੀਫ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ-ਇੰਚਾਰਜ ਗੁਰਿੰਦਰ ਸਿੰਘ, ਸਕੂਲ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਨੇ ਆਜ਼ਾਦੀ ਦੇ ਘੋਲ ਵਿੱਚ ਪੰਜਾਬੀਆਂ ਦੁਆਰਾ ਪਾਏ ਗਏ ਯੋਗਦਾਨ ਤੋਂ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ ਅਤੇ ਉਨ੍ਹਾਂ ਨੂੰ ਇੱਕ ਸੂਝਵਾਨ ਨਾਗਰਿਕ ਬਣ ਕੇ ਦੇਸ਼ ਤੇ ਸਮਾਜ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਦਿਆਂ ਭਾਰਤੀ ਹੋਣ 'ਤੇ ਮਾਣ ਮਹਿਸੂਸ ਕਰਨ ਦਾ ਮਾਰਗਦਰਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਰਣਜੀਤ ਭਾਟੀਆ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿਉਂਕਿ 26 ਜਨਵਰੀ 1950 ਨੂੰ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਅਤੇ ਸਾਡਾ ਦੇਸ਼ ਭਾਰਤ ਗਣਤੰਤਰ ਬਣ ਗਿਆ।

ਪੰਜਾਬੀਆਂ ਦੁਆਰਾ ਸੁਤੰਤਰਤਾ ਸੰਗਰਾਮ ਵਿੱਚ ਸਭ ਤੋਂ ਵੱਧ ਸ਼ਹਾਦਤਾਂ ਦੇਣ ਦਾ ਜ਼ਿਕਰ ਕਰਦਿਆਂ ਹੋਇਆਂ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਸੰਵਿਧਾਨ ਵਿੱਚ ਦਰਜ ਅਧਿਕਾਰਾਂ ਤੇ ਕਰਤੱਵਾਂ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੂੰ ਅਧਿਕਾਰਾਂ ਦੇ ਨਾਲ ਨਾਲ ਕਰਤੱਵਾਂ ਪ੍ਰਤੀ ਜਾਗਰੂਕ ਹੋਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਰਾਸ਼ਟਰੀ ਗੀਤ ਗਾਇਨ ਕੀਤਾ ਗਿਆ।

## ਸ਼ਹੀਦ ਲਾਂਸ ਨਾਇਕ ਵਿਕਰਮ ਦੱਤ ਦੇ 17ਵੇਂ ਸ਼ਹੀਦੀ ਦਿਵਸ 'ਤੇ ਸਿਜਦਾ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਭਾਰਤੀ ਫੌਜ ਦੀ 235 ਬੰਗਾਲ ਇੰਜੀਨੀਅਰ ਰੈਜੀਮੈਂਟ ਦੇ ਸ਼ਹੀਦ ਲਾਂਸ ਨਾਇਕ ਵਿਕਰਮ ਦੱਤ ਦਾ 17ਵਾਂ ਸ਼ਹੀਦੀ ਦਿਵਸ ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਦੇ ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ ਦੀ ਪ੍ਰਧਾਨਗੀ ਹੇਠ ਸਰਹੱਦੀ ਪਿੰਡ ਮਰਾੜਾ ਵਿਖੇ ਮਨਾਇਆ ਗਿਆ ਜਿਸ ਵਿੱਚ ਬੀ.ਐੱਸ.ਐੱਫ ਦੀ 58 ਬਟਾਲੀਅਨ ਦੇ ਸਹਾਇਕ ਕਮਾਂਡੈਂਟ ਸੰਜੀਵ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਨ੍ਹਾਂ ਤੋਂ ਇਲਾਵਾ ਪ੍ਰੋਗਰਾਮ ਦੀ ਸ਼ੁਰੂਆਤ ਸ਼ਹੀਦ ਦੀ ਮਾਤਾ ਸੋਮਾ ਦੇਵੀ, ਭਰਾ ਯੁੱਧਵੀਰ, ਭੈਣ ਮੀਨਾ ਦੇਵੀ ਅਤੇ ਰਾਣੀ ਦੇਵੀ ਵੱਲੋਂ ਅਰਦਾਸ ਕਰਕੇ ਕੀਤੀ ਗਈ। ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਅਸਿਸਟੈਂਟ ਕਮਾਂਡੈਂਟ ਸੰਜੀਵ ਕੁਮਾਰ ਨੇ ਕਿਹਾ ਕਿ ਮੈਂ ਸ਼ਹੀਦ ਲਾਂਸ ਨਾਇਕ ਵਿਕਰਮ ਦੱਤ ਦੀ ਬਹਾਦਰ ਮਾਂ ਦੇ ਚਰਨਾਂ ਵਿੱਚ ਸਿਰ ਝੁਕਾਉਂਦਾ ਹਾਂ, ਜਿਨ੍ਹਾਂ ਨੇ 18 ਸਾਲ ਆਪਣੇ ਪੁੱਤਰ ਦਾ ਪਾਲਣ ਪੋਸਣ ਕੀਤਾ ਅਤੇ ਆਪਣੇ ਪੁੱਤਰ ਨੂੰ ਦੇਸ਼ ਨੂੰ ਸਮਰਪਿਤ ਕੀਤਾ। ਉਨ੍ਹਾਂ ਕਿਹਾ ਕਿ ਇਕ ਬਹਾਦਰ ਸਿਪਾਹੀ ਦੇਸ਼ ਦੀ ਇਕ ਇੰਚ ਜ਼ਮੀਨ ਲਈ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ ਪਰ ਦੁਸ਼ਮਣ ਨੂੰ ਆਪਣੀਆਂ ਸਰਹੱਦਾਂ ਵਿਚ ਦਾਖਲ ਨਹੀਂ ਹੋਣ ਦਿੰਦਾ ਕਿਉਂਕਿ ਜੋ ਫੌਜੀ ਵਰਦੀ ਪਹਿਨਦਾ ਹੈ, ਉਸ ਲਈ ਦੇਸ਼ ਉਸ ਦਾ ਪਰਿਵਾਰ ਹੁੰਦਾ ਹੈ। ਜਦੋਂ ਉਹ ਘਰ ਜਾਂਦਾ ਹੈ, ਛੁੱਟੀ ਤੇ ਵੀ ਜਾਂਦਾ ਹੈ, ਉਹ ਦੇਸ਼ ਦੀ ਸੁਰੱਖਿਆ ਬਾਰੇ ਸੋਚਦਾ ਹੈ। ਸਹਾਇਕ ਕਮਾਂਡੈਂਟ ਨੇ ਕਿਹਾ ਕਿ ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਜਿਸ ਸ਼ਰਧਾ ਭਾਵਨਾ ਨਾਲ ਅਜਿਹੇ ਬਹਾਦਰ ਜਵਾਨਾਂ ਦੇ ਬਲੀਦਾਨ ਦਿਵਸ ਦਾ ਆਯੋਜਨ ਕਰਦੀ ਹੈ, ਉਸ ਨਾਲ ਸਰਹੱਦ 'ਤੇ ਖੜ੍ਹੇ ਜਵਾਨਾਂ ਦਾ ਮਨੋਬਲ ਵਧਦਾ ਹੈ। ਇਸ ਮੌਕੇ ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਦੇ ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ ਆਦਿ ਵੀ ਹਾਜ਼ਰ ਸਨ।



# 3 ਕਿੱਲੋ 290 ਗ੍ਰਾਮ ਨਸ਼ੀਲੀ ਆਈਸ ਸਮੇਤ 2 ਗ੍ਰਿਫ਼ਤਾਰ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਅਸ਼ਵਨੀ ਕਪੂਰ ਆਈ.ਪੀ.ਐੱਸ, ਐੱਸ.ਐੱਸ.ਪੀ. ਤਰਨ ਤਾਰਨ ਵੱਲੋਂ ਮਾੜੇ ਅਨਸਰਾਂ ਨੂੰ ਨੱਥ ਪਾਉਣ ਅਤੇ ਨਸ਼ਿਆਂ ਦੇ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਲਗਾਤਾਰ ਠੋਸ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਹਰ ਗਤੀਵਿਧੀ ਤੇ ਨਜ਼ਰ ਰੱਖੀ ਜਾ ਰਹੀ ਹੈ ਜਿਸ ਤਹਿਤ ਸਰਬਜੀਤ ਸਿੰਘ ਉਪ ਕਪਤਾਨ, ਐੱਸਐੱਚਓ ਥਾਣਾ ਸਰਾਏ ਅਮਾਨਤ ਖਾਂ ਐੱਸ ਆਈ ਬਲਜਿੰਦਰ ਸਿੰਘ ਸਮੇਤ ਸਾਥੀ ਕਰਮਚਾਰੀਆਂ ਗਸ਼ਤ ਭੈੜੇ ਪੁਰਸ਼ਾਂ ਸਬੰਧੀ ਟੀ ਪੁਆਇੰਟ ਭੂਸੇ ਸਰਾਏ ਅਮਾਨਤ ਖਾਂ ਮੌਜੂਦ ਸਨ। ਮੋਟਰਸਾਈਕਲ ਬਿਨਾਂ ਨੰਬਰੀ ਮਾਰਕਾ ਪਲਟੀਨਾ ਰੰਗ ਕਾਲਾ 'ਤੇ ਦੋ ਨੌਜਵਾਨ ਆਉਂਦੇ ਦਿਖਾਈ ਦਿੱਤੇ।ਸ਼ੱਕ ਦੀ ਬਿਨਾਹ ਪਰ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਮੋਟਰਸਾਈਕਲ ਚਾਲਕ ਨੇ ਆਪਣਾ ਨਾਮ ਰਵਿੰਦਰ ਸਿੰਘ ਪੁੱਤਰ ਲਖਬੀਰ ਸਿੰਘ ਵਾਸੀ ਹਰਦੋ ਰਤਨ ਥਾਣਾ ਘਰਿੰਡਾ ਅਤੇ ਪਿੱਛੇ ਬੈਠੇ ਨੌਜਵਾਨ ਨੇ ਆਪਣਾ ਨਾਮ ਪਰਮਜੀਤ ਸਿੰਘ ਉਰਫ ਪੰਮਾ ਪੁੱਤਰ ਮੰਗਲ ਸਿੰਘ ਵਾਸੀ ਧਨੋਵਾ ਕਲਾਂ ਥਾਣਾ ਘਰਿੰਡਾ ਦੱਸਿਆ। ਜੋ ਉਨ੍ਹਾਂ ਤੋਂ 7 ਵੱਖ-ਵੱਖ ਪੈਕਿੰਗ ਵਾਲੇ ਮੋਮੀ ਲਿਫਾਫੇ ਬਰਾਮਦ ਹੋਏ ਜਿਨ੍ਹਾਂ 'ਚੋਂ 03 ਕਿਲੋ 290 ਗ੍ਰਾਮ ਨਸ਼ੀਲੀ ਆਈਸ ਬਰਾਮਦ ਕੀਤੀ ਗਈ। ਦੋਸ਼ੀਆਂ ਦੇ ਖਿਲਾਫ ਐੱਨਡੀਪੀਐੱਸ ਧਾਰਾ ਤਹਿਤ ਥਾਣਾ ਸਰਾਏ ਅਮਾਨਤ ਖਾਂ ਕੇਸ ਦਰਜ ਕੀਤਾ ਗਿਆ।ਦੋਸ਼ੀਆਂ ਨੂੰ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।ਦੌਰਾਨੇ ਰਿਮਾਂਡ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਡੀ ਐੱਸ ਪੀ ਰਵਿੰਦਰ ਸਿੰਘ ਨੇ ਚਾਰਜ ਸੰਭਾਲਿਆ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਸਬ ਡਵੀਜ਼ਨ ਜੰਡਿਆਲਾ ਗੁਰੂ ਦੇ ਅਹੁਦੇ 'ਤੇ ਨਵੇਂ ਡੀਐੱਸਪੀ ਰਵਿੰਦਰ ਸਿੰਘ ਨੇ ਚਾਰਜ ਸੰਭਾਲ ਲਿਆ ਹੈ। ਦੱਸਣਯੋਗ ਹੈ ਕਿ ਡੀਐੱਸਪੀ ਰਵਿੰਦਰ ਸਿੰਘ ਬਟਾਲਾ ਤੋਂ ਬਦਲ ਕੇ ਇੱਥੇ ਆਏ ਹਨ। ਪਹਿਲੇ ਡੀਐੱਸਪੀ ਕੁਲਦੀਪ ਸਿੰਘ ਦਾ ਤਬਾਦਲਾ ਅੰਮ੍ਰਿਤਸਰ (ਸ਼ਹਿਰੀ) ਕੀਤਾ ਗਿਆ ਸੀ। ਅਹੁਦਾ ਸੰਭਾਲਣ ਤੋਂ ਬਾਅਦ ਨਵੇਂ ਡੀਐੱਸਪੀ ਰਵਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਪੁਲਸ ਜਨਤਾ ਦੀ ਜਾਨ-ਮਾਲ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਮਾੜੇ ਅਨਸਰਾਂ ਅਤੇ ਨਸ਼ਾ ਤਸਕਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜਾ ਵਿਅਕਤੀ ਮਾੜੇ ਕੰਮ ਕਰਦਾ ਹੈ ਅਤੇ ਉਸ ਦਾ ਸਾਥ ਦੇਣ ਲਈ ਆਉਂਦਾ ਹੈ, ਉਹ ਵੀ ਬਰਾਬਰ ਦਾ ਦੋਸ਼ੀ ਹੋਵੇਗਾ। ਸ਼ਹਿਰ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਅਪਰਾਧ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਸ਼ਹਿਰ ਵਿੱਚ ਮੌਜੂਦ ਕਿਸੇ ਵੀ ਵਿਅਕਤੀ ਨੂੰ ਗਲਤ ਕੰਮ ਬੰਦ ਕਰਨ ਜਾਂ ਸ਼ਹਿਰ ਛੱਡਣ ਦੀ ਚਿਤਾਵਨੀ ਦਿੱਤੀ ਗਈ ਹੈ। ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਉਸਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

# ਕੀਰਤਨ ਦਰਬਾਰ ਸੁਸਾਇਟੀ ਨੇ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਧੰਨ-ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਕੀਰਤਨ ਦਰਬਾਰ ਸੁਸਾਇਟੀ ਰਜਿ ਪੱਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਅਨੋਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਪੱਟੀ ਦੇ ਇਤਿਹਾਸਿਕ ਗੁਰਦੁਆਰਾ ਬੀਬੀ ਰਜਨੀ ਜੀ ਵਿਖੇ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਮਨਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕੁਲਵਿੰਦਰ ਸਿੰਘ ਬੱਬੂ, ਜੋਗਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਸ਼ਾਮ ਨੂੰ ਬੀਬੀ ਰਜਨੀ ਜੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਪੱਟੀ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਸੰਗਤ ਰੂਪੀ ਪਾਠ ਕੀਤੇ ਗਏ।ਇਸ ਤੋਂ ਬਾਅਦ ਪ੍ਰਤਾਪ ਸਿੰਘ ਗ੍ਰੰਥੀ ਵੱਲੋਂ ਰਹਿਰਾਸ ਜੀ ਦਾ ਪਾਠ ਕੀਤੇ ਗਏ। ਉਪਰੰਤ ਭਾਈ ਅਮਨਦੀਪ ਸਿੰਘ ਰਾਗੀ ਜਥਾ, ਭਾਈ ਦਵਿੰਦਰ ਸਿੰਘ ਰਾਗੀ ਜਥਾ ਸੁਰ ਸਿੰਘ ਵਾਲਿਆਂ ਵੱਲੋਂ ਆਨੰਦਮਈ ਕੀਰਤਨ ਕੀਤਾ ਗਿਆ।ਇਸ ਮੌਕੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਬੀਬੀ ਰਜਨੀ ਜੀ ਦੇ ਪ੍ਰਧਾਨ ਬਲਬੀਰ ਸਿੰਘ ਲੁਹਾਰੀਆ, ਐਗਜ਼ੈਕਟਿਵ ਮੈਂਬਰ ਖੁਸ਼ਵਿੰਦਰ ਸਿੰਘ ਭਾਟੀਆ ਉਚੇਚੇ ਤੌਰ 'ਤੇ ਸ਼ਾਮਿਲ ਹੋਏ।ਨਿਰਮਲ ਸਿੰਘ, ਸਲਾਹਕਾਰ ਇਕਬਾਲ ਸਿੰਘ ਜੌਲੀ, ਕੁਲਵਿੰਦਰ ਸਿੰਘ ਕਾਕਾ, ਜੋਗਾ ਸਿੰਘ ਸਕੱਤਰ, ਇੰਸਪੈਕਟਰ ਦਰਸਨ ਸਿੰਘ, ਗੁਰਮੀਤ ਸਿੰਘ ਹੈਪੀ, ਚਰਨਕਮਲ ਸਿੰਘ ਸੋਨੂੰ, ਮਾਸਟਰ ਸਰਬਜੀਤ ਸਿੰਘ, ਜਗਦੀਪ ਸਿੰਘ ਭਾਟੀਆ, ਜਸਬੀਰ ਸਿੰਘ, ਲਖਬੀਰ ਸਿੰਘ, ਅਵਤਾਰ ਸਿੰਘ ਢਿੱਲੋਂ, ਜਗਪ੍ਰੀਤ ਸਿੰਘ, ਇਸ਼ਮੀਤ ਸਿੰਘ, ਪਟਵਾਰੀ ਗੁਰਸੇਵਕ ਸਿੰਘ, ਡਾਕਟਰ ਸਰਵਪ੍ਰੀਤ ਸਿੰਘ, ਭੁਪਿੰਦਰ ਸਿੰਘ ਮਿੰਟੂ ਮਾਹੀ ਰਿਜ਼ੋਰਟ ਵਾਲੇ, ਪ੍ਰਧਾਨ ਚੰਦਨ ਭਾਰਦਵਾਜ ਆਦਿ ਹਾਜ਼ਰ ਸਨ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।

